# ਅਸਰਾਰਿ ਸਮਦੀ

(ਪੰਜਾਬ ਦਾ ਸਮਕਾਲੀਨ ਇਤਿਹਾਸ 1713-27 ਈ.)

PB
954.5
S 41 A

ਪੰਜਾਬੀ ਯੂਨੀਵਰਸਿਟੀ, ਪਟਿਆਲਾ

P
954.5
S 41 A

# ਅਸਰਾਰਿ ਸਮਦੀ

(ਪੰਜਾਬੀ ਅਨੁਵਾਦ)

(ਅਠਾਰਵੀਂ ਸਦੀ ਦੇ ਪੰਜਾਬ ਸੰਬੰਧੀ ਫ਼ਾਰਸੀ ਦੀ
ਇਕ ਸਮਕਾਲੀਨ ਲਿਖਤ)

ਪੰਜਾਬ ਇਤਿਹਾਸ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

© ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਅਨੁਵਾਦਕ : ਪ੍ਰੋ. ਜਨਕ ਸਿੰਘ

ਸੰਸ਼ੋਧਕ : ਸ. ਗੁਰਬਖ਼ਸ਼ ਸਿੰਘ

Library IIAS, Shimla
P 954.5 S 41 A
00077324

1972
ਪਹਿਲੀ ਵਾਰ : 500

ਪ੍ਰਕਾਸ਼ਕ :
ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਛਾਪਕ :
ਪੰਜਾਬੀ ਯੂਨੀਵਰਸਿਟੀ ਪ੍ਰੈਸ,
ਪਟਿਆਲਾ

# ਤਤਕਰਾ


| | | |
|---|---|---|
| ਮੁੱਖਬੰਧ | ਡਾ. ਫ਼ੌਜਾ ਸਿੰਘ, ਡਾਇਰੈਕਟਰ, ਪੰਜਾਬ ਇਤਿਹਾਸ ਅਧਿਐਨ ਵਿਭਾਗ। | i |
| ਪ੍ਰਵੇਸ਼ਕਾ | ਸ. ਗੁਰਬਖ਼ਸ਼ ਸਿੰਘ, ਸਹਾਇਕ ਡਾਇਰੈਕਟਰ, ਪੰਜਾਬ ਇਤਿਹਾਸ ਅਧਿਐਨ ਵਿਭਾਗ। | vii |
| ਭੂਮਿਕਾ | ਲੇਖਕ ਅਸਰਾਰਿ ਸਮਦੀ | I |
| ਪਹਿਲਾ ਅਧਿਆਇ | (ਬੰਦਾ ਬਹਾਦਰ) ਦਾ ਵਿਦ੍ਰੋਹ ਅਤੇ ਉਸ ਦੀ ਗਰਿਫ਼ਤਾਰੀ : ਸੱਤ ਵਲਾਇਤਾਂ ਦਾ ਤੱਤ ਪੰਜਾਬ 6—ਨਾਨਕ ਪੰਥੀ ਸੰਪ੍ਰਦਾਇ 7—(ਬੰਦਾ ਬਹਾਦੁਰ) ਦੀ ਦੂਰ ਦੂਰ ਤਕ ਫੈਲੀ ਦਹਿਸ਼ਤ 7—ਜੰਮੂ ਦੇ ਫ਼ੌਜਦਾਰ ਬਾਯਜ਼ੀਦ ਖ਼ਾਨ ਅਤੇ ਦੁਆਬ ਦੇ ਫ਼ੌਜਦਾਰ ਸ਼ਮਸਖ਼ਾਨ ਦਾ ਠਠੀਆਂ ਦੀ ਲੜਾਈ ਵਿਚ ਮਾਰੇ ਜਾਣਾ 7-9—(ਬੰਦਾ ਬਹਾਦੁਰ) ਦਾ ਗੁਰਦਾਸਪੁਰ ਵਿਚ ਡਟਣਾ 7—ਨਵਾਬ ਅਬਦੁੱਸਮਦ ਖ਼ਾਨ ਦਾ ਭੱਟੀ, ਖਰਲ ਤੇ ਡੋਗਰ ਕੌਮਾਂ ਵਿਰੁੱਧ ਕਾਰਵਾਈ ਤਿਆਗ ਕੇ (ਬੰਦਾ ਬਹਾਦੁਰ) ਉਤੇ ਚੜ੍ਹਾਈ ਕਰਨਾ 9—ਗੁਰਦਾਸਪੁਰ ਦੀ ਲੜਾਈ 10-13—(ਬੰਦਾ ਬਹਾਦੁਰ) ਦੀ ਗਰਿਫ਼ਤਾਰੀ 13—(ਬੰਦਾ ਬਹਾਦੁਰ) ਦਾ ਦਿੱਲੀ ਵਿਚ ਕਤਲ 15 | 6 |
| ਦੂਜਾ ਅਧਿਆਇ | ਤਿਹਾਰਾ ਦੇ ਜ਼ਿਮੀਂਦਾਰ ਈਸਾ ਖ਼ਾਨ ਮੰਜ ਦੇ ਵਿਦ੍ਰੋਹ ਸੰਬੰਧੀ : ਈਸਾ ਖ਼ਾਨ ਮੰਜ ਦੇ ਅਤਿਆਚਾਰ 16-17—ਸ਼ਹਿਦਾਦ ਖ਼ਾਨ ਦੀ ਈਸਾ ਖ਼ਾਨ ਵਿਰੁੱਧ ਨਿਯੁਕਤੀ 18—ਈਸਾ ਖ਼ਾਨ ਅਤੇ ਮੁਗ਼ਲ ਸੈਨਿਕਾਂ ਵਿਚਕਾਰ ਜੰਗ 19—ਈਸਾ ਖ਼ਾਨ ਤੇ ਉਸ ਦੇ ਪਿਤਾ ਦੌਲਤ ਖ਼ਾਨ ਮੰਜ ਦਾ ਮਾਰੇ ਜਾਣਾ 20-21 | 16 |

| | | |
|---|---|---|
| ਤੀਜਾ ਅਧਿਆਇ | ਕਸੂਰ ਦੇ ਹੁਸੈਨ ਖ਼ਾਨ ਅਫ਼ਗਾਨ ਦੇ ਵਿਦ੍ਰੋਹ ਸੰਬੰਧੀ : ਕਸੂਰੀ ਅਫਗਾਨਾਂ ਤੇ ਮੁਗ਼ਲ ਸੈਨਿਕਾਂ ਵਿਚਕਾਰ ਜੰਗ 24-26—ਹੁਸੈਨ ਖ਼ਾਨ ਅਫ਼ਗਾਨ ਦਾ ਮਾਰਿਆ ਜਾਣਾ 26 | 22 |
| ਚੌਥਾ ਅਧਿਆਇ | ਕਸ਼ਮੀਰ ਦੇ ਸ਼ੇਖ ਸ਼ਰਫ਼ੁੱਦੀਨ ਵਿਰੁੱਧ ਕਾਰਵਾਈ ਸੰਬੰਧੀ : ਸ਼ਰਫ਼ੁੱਦੀਨ ਕਸ਼ਮੀਰੀ ਦੇ ਅਤਿਆਚਾਰ 28-29—ਕਸ਼ਮੀਰ ਦੀ ਹਕੂਮਤ ਦਾ ਨਵਾਬ ਅਬਦੁੱਸਮਦ ਖ਼ਾਨ ਨਾਲ ਸੰਬੰਧਤ ਹੋਣਾ 30—ਜ਼ਕਰੀਆ ਖ਼ਾਨ ਦਾ ਆਪਣੇ ਪਿਤਾ ਅਬਦੁੱਸਮਦ ਖ਼ਾਨ ਦੀ ਸਹਾਇਤਾ ਲਈ ਨਿਯੁਕਤ ਹੋਣਾ 30-31—ਸ਼ਰਫ਼ੁੱਦੀਨ ਦੀ ਹਾਰ 32 | 28 |
| ਪੰਜਵਾਂ ਅਧਿਆਇ | ਜੰਮੂ ਦੇ ਧਰਿਪ ਦੇਵ ਅਤੇ ਆਨੰਦ ਦੇਵ ਜ਼ਿਮੀਂਦਾਰਾਂ ਵਿਰੁੱਧ ਕਾਰਵਾਈ ਸੰਬੰਧੀ : ਜ਼ਕਰੀਆ ਖ਼ਾਨ ਦਾ ਪੰਜਾਬ ਦਾ ਸੂਬੇਦਾਰ ਨਿਯੁਕਤ ਹੋਣਾ 36—ਨਵਾਬ ਅਬਦੁੱਸਮਦ ਖ਼ਾਨ ਦਾ ਮੁਲਤਾਨ ਜਾਣ ਤੋਂ ਘਬਰਾਉਣਾ ਅਤੇ ਅੰਤ ਨੂੰ ਕੇਂਦਰੀ ਸਰਕਾਰ ਦੀ ਹੱਠ ਅਗੇ ਝੁਕ ਜਾਣਾ 37—ਲੱਤੀ ਦੇ ਜ਼ਿਮੀਂਦਾਰਾਂ ਦਾ ਸੁਧਾਰ 38—ਜੰਮੂ ਦੇ ਜ਼ਿਮੀਂਦਾਰਾਂ ਧਰਿਪ ਦੇਵ ਅਤੇ ਆਨੰਦ ਦੇਵ ਦਾ ਈਨ ਮੰਨਣਾ 40-43 | 36 |
| ਛੇਵਾਂ ਅਧਿਆਇ | ਜੰਮੂ ਦੇ ਧਰਿਪ ਦੇਵ ਤੇ ਆਨੰਦ ਦੇਵ ਵਿਰੁੱਧ ਦੁਬਾਰਾ ਕਾਰਵਾਈ ਸੰਬੰਧੀ : (ਨਵਾਬ ਅਬਦੁੱਸਮਦ ਖ਼ਾਨ) ਤੇ ਜ਼ਕਰੀਆ ਖ਼ਾਨ ਦਾ ਪਹਾੜੀਆਂ ਤੇ ਚੜ੍ਹਾਈ ਕਰਨਾ 45-47—ਕਟੋਚ ਦੇ ਜ਼ਿਮੀਂਦਾਰ ਦੀ ਗਰਿਫ਼ਤਾਰੀ 48—ਆਬੀ ਦੇ ਜ਼ਿਮੀਂਦਾਰਾਂ ਦਾ ਅਧੀਨਤਾ ਪ੍ਰਵਾਨ ਕਰਨਾ 49 | 45 |
| ਸਤਵਾਂ ਅਧਿਆਇ | ਇਕ (ਚੰਗੇ) ਅਮੀਰ ਤੇ ਇਕ ਦਰਵੇਸ਼ ਦੇ ਗੁਣਾਂ ਅਤੇ (ਅਵਗੁਣਾਂ) ਬਾਰੇ | 51 |

# ਮੁੱਖ-ਬੰਧ

ਪੰਜਾਬ ਇਤਿਹਾਸ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਦੇ ਪ੍ਰਾਜੈਕਟਾਂ ਵਿਚੋਂ ਇਕ ਇਹ ਹੈ ਕਿ ਪੰਜਾਬ ਨਾਲ ਸੰਬੰਧ ਰੱਖਣ ਵਾਲੇ ਇਤਿਹਾਸਕ ਸੋਮਿਆਂ ਨੂੰ, ਵਿਸ਼ੇਸ਼ ਕਰਕੇ ਜੋ ਫ਼ਾਰਸੀ ਤੇ ਉਰਦੂ ਜ਼ਬਾਨਾਂ ਵਿਚ ਮਿਲਦੇ ਹਨ, ਇਤਿਹਾਸਿਕ ਖੋਜ ਦੇ ਵਾਧੇ ਲਈ ਯੋਗ ਵਿਦਵਾਨਾਂ ਦੁਆਰਾ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਪ੍ਰਕਾਸ਼ਤ ਕੀਤਾ ਜਾਵੇ। ਇਸ ਸੰਬੰਧ ਵਿਚ ਸਾਡੀਆਂ ਪਹਿਲੀਆਂ ਸਫ਼ਲਤਾਵਾਂ ਇਹ ਹਨ : ਅਹਿਮਦ ਸ਼ਾਹ ਬਟਾਲਵੀ ਦੀ ਪੁਸਤਕ ਤਾਰੀਖ਼-ਇ-ਹਿੰਦ ਦਾ ਉਹ ਭਾਗ ਜੋ ਪੰਜਾਬ ਨਾਲ ਸਬੰਧਤ ਹੈ, ਰਾਏ ਬਹਾਦਰ ਕਨ੍ਹਈਆ ਲਾਲ ਦੀ ਤਾਰੀਖ਼-ਇ-ਪੰਜਾਬ, ਮੁਨਸ਼ੀ ਦੇਬੀ ਦਾਸ ਦੀ ਗੁਲਸ਼ਨ-ਇ-ਪੰਜਾਬ ਤੇ ਮੁਨਸ਼ੀ ਕਾਲੀ ਰਾਏ ਦੀ ਸੈਰ-ਇ-ਪੰਜਾਬ। ਹਥਲੀ ਪੁਸਤਕ ਉਸੇ ਮਾਲਾ ਦਾ ਇਕ ਮਣਕਾ ਹੈ।

'ਅਸਰਾਰਿ ਸਮਦੀ' ਜੋ ਪੰਜਾਬ ਦੇ ਇਕ ਉੱਘੇ ਮੁਗ਼ਲਈ ਸੂਬਾਦਾਰ ਖ਼ਵਾਜਾ ਅਬਦੁਲ ਰਹੀਮ ਅਬਦੁੱਸਮਦ ਖ਼ਾਨ ਦੀ ਸ਼ਖ਼ਸੀਅਤ ਤੇ ਉਸ ਦੀਆਂ ਕੁਝ ਮਹੱਤਵਪੂਰਣ ਮੁਹਿੰਮਾਂ ਬਾਰੇ ਸਾਨੂੰ ਸੂਚਿਤ ਕਰਦੀ ਹੈ, ਸਾਡੇ ਬਹੁਮੁੱਲੇ ਸਮਾਕਾਲੀਨ ਇਤਿਹਾਸਕ ਸੋਮਿਆਂ ਵਿਚੋਂ ਹੈ। ਇਸ ਦਾ ਲੇਖਕ ਨਵਾਬ ਅਬਦੁੱਸਮਦ ਖ਼ਾਨ ਦੇ ਦਰਬਾਰ ਜਾਂ ਦਫ਼ਤਰ ਦਾ ਕੋਈ ਸਿਆਣਾ ਵਿਦਵਾਨ ਹੈ (ਉਸ ਨੇ ਆਪਣਾ ਨਾਂ ਨਹੀਂ ਦਿੱਤਾ) ਜੋ ਕਲਾਨੌਰ (ਹੁਣ ਜ਼ਿਲਾ ਗੁਰਦਾਸਪੁਰ) ਦਾ ਰਹਿਣ ਵਾਲਾ ਸੀ ਅਤੇ ਜਿਸ ਨੂੰ ਨਵਾਬ ਦੇ ਆਚਰਣ ਤੇ ਕਾਰਨਾਮਿਆਂ ਸੰਬੰਧੀ ਸਿੱਧੀ ਤੇ ਨਿਕਟਵਰਤੀ ਜਾਣਕਾਰੀ ਪ੍ਰਾਪਤ ਸੀ।

ਅਬਦੁੱਸਮਦ ਖ਼ਾਨ 1713 ਤੋਂ 1726 ਈਸਵੀ ਤੱਕ ਲਾਹੌਰ ਦਾ ਸੂਬੇਦਾਰ ਰਿਹਾ ਤੇ ਫਿਰ 1726 ਤੋਂ ਮਰਨ ਤਕ (1737 ਈਸਵੀ) ਮੁਲਤਾਨ ਦੀ ਸੂਬਾਦਾਰੀ ਕਰਦਾ ਰਿਹਾ। ਜਿਸ ਸਮੇਂ ਉਸਨੂੰ ਲਾਹੌਰ ਦੀ ਸੂਬਾਦਾਰੀ ਦਿੱਤੀ ਗਈ, ਪੰਜਾਬ ਵਿਚ ਮੁਗ਼ਲਈ ਹਕੂਮਤ ਦੀ ਹਾਲਤ ਅਤਿ ਨਾਜ਼ੁਕ ਹੋ ਚੁਕੀ ਸੀ। ਲਾਹੌਰ ਤੇ ਦਿੱਲੀ ਦੇ ਵਿਚਕਾਰਲੇ ਇਲਾਕੇ ਵਿਚ ਬੰਦਾ ਬਹਾਦੁਰ ਦੀ ਬਗ਼ਾਵਤ ਨੇ ਤਰਥੱਲੀ ਮਚਾਈ ਹੋਈ ਸੀ। ਦੂਜੇ ਭਾਗਾਂ ਵਿਚ ਵੀ ਇਸ ਦੇ ਫਲਸਰੂਪ ਸ਼ਾਂਤੀ ਭੰਗ ਹੋਣ ਦੀ ਸੰਭਾਵਨਾ ਇਕ ਗੰਭੀਰ ਖ਼ਤਰੇ ਦਾ ਰੂਪ ਧਾਰਨ ਕਰ ਰਹੀ ਸੀ। ਅਬਦੁੱਸਮਦ ਨੇ ਇਸ ਗੰਭੀਰ ਸਥਿਤੀ ਨਾਲ ਯੋਗਤਾ ਤੇ ਦ੍ਰਿੜ੍ਹਤਾ ਨਾਲ ਨਜਿਠਿਆ। ਜਿਸ ਕਾਰਨ ਖ਼ੁਸ਼ ਹੋ ਕੇ ਸਾਮਰਾਜੀ ਮੁਗ਼ਲ ਸਰਕਾਰ ਨੇ ਇਸ ਨੂੰ ਸੈਫ਼ੁੱਦੌਲਾ ਤੇ ਦਲੇਰ ਜੰਗ ਦੀਆਂ ਉਪਾਧੀਆਂ ਦੇ ਕੇ ਸਨਮਾਨਿਆ। ਇਸ ਦੀਆਂ ਸਫ਼ਲਤਾਵਾਂ ਦੀ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਜਿਸ ਵੇਲੇ ਕੇਂਦਰੀ ਮੁਗ਼ਲ ਹਕੂਮਤ ਅੰਦਰਲੀ ਫੁੱਟ ਤੇ ਧੜੇਬਾਜ਼ੀ ਦੀਆਂ ਘੁੰਮਣਘੇਰੀਆਂ ਵਿਚ ਫਸੀ ਡਕੇ ਡੋਲੇ ਖਾ ਰਹੀ ਸੀ, ਅਬਦੁੱਸਮਦ ਖ਼ਾਨ ਨੇ ਪੰਜਾਬ

ਵਿਚ ਮੁਗਲ ਸ਼ਾਸਨ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਈ ਰਖਿਆ, ਸਗੋਂ ਸੁਯੋਗ ਪ੍ਰਬੰਧ ਦੁਆਰਾ ਇਸ ਨੂੰ ਹੋਰ ਪਕਿਆਂ ਕੀਤਾ। ਇਸੇ ਕਰਕੇ ਕਈ ਲੇਖਕ ਇਸਨੂੰ ਪੰਜਾਬ ਦਾ ਬਲਵਾਨ ਮਰਦ (Strong Man) ਆਖਦੇ ਹਨ।

ਨਿਸੰਦੇਹ, ਨਵਾਬ ਅਬਦੁੱਸਮਦ ਦਾ ਸ਼ਾਸਨ-ਕਾਲ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰਖਦਾ ਹੈ, ਤੇ ਇਸ ਦਾ ਅਧਿਐਨ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਤਿਹਾਸ-ਕਾਰਾਂ ਲਈ ਆਵੱਸ਼ਕ ਹੈ! ਇਸ ਸਬੰਧੀ ਕਈ ਹੋਰ ਇਤਿਹਾਸਕ ਸੋਮੇਂ ਵੀ, ਜਿਵੇਂ ਕਿ ਆਨੰਦ ਰਾਮ ਮੁਖ਼ਲਿਸ ਦੀ ਪੁਸਤਕ 'ਬਦਾਇ ਵਕਾਇ', ਮੁਫ਼ਤੀ ਅਲੀ-ਉਦ-ਦੀਨ ਦਾ ਇਬਰਤ ਨਾਮਾ, ਮੁਹੰਮਦ ਹਾਸ਼ਮ ਖ਼ਾਫ਼ੀ ਖ਼ਾਨ ਦਾ ਮੁਨਤਖ਼ਬ-ਉਲ-ਲਬਾਬ, ਸੱਯਦ ਗ਼ੁਲਾਮ ਅਲੀ ਨਕਵੀ ਦਾ ਅਮਾਦ-ਉਲ-ਸੁਆਦਤ, ਸੱਯਦ ਗੁਲਾਮ ਹੁਸੈਨ ਦਾ ਸੀਯਰ-ਉਲ-ਮੁਤਾਖ਼-ਰੀਨ, ਨਵਾਬ ਸ਼ਾਹ ਨਵਾਜ਼ ਖ਼ਾਨ ਦਾ ਮਆਸਿਰ-ਉਲ-ਉਮਰਾ ਤੇ ਗ਼ੁਲਾਮ ਮਹੀ-ਉਦ-ਦੀਨ ਦਾ ਫਤੂਹਾਤ-ਨਾਮਾ-ਇ-ਸਮਦੀ, ਸਹਾਇਤਾ ਕਰ ਸਕਦੇ ਤੇ ਕਰਦੇ ਹਨ। ਪਰੰਤੂ ਇਹ ਪੁਸਤਕਾਂ ਵਧੇਰੇ ਕਰਕੇ ਬੰਦਾ ਬਹਾਦੁਰ ਦੀ ਮੁਹਿੰਮ ਦਾ ਵਿਸਤਾਰਪੂਰਵਕ ਹਾਲ ਦੇਂਦੀਆਂ ਹਨ, ਜਾਂ ਈਸਾ ਖ਼ਾਨ ਤੇ ਹੁਸੈਨ ਖ਼ਾਨ ਅਫ਼ਗ਼ਾਨ ਕਸੂਰੀ ਦੇ ਵਿਦ੍ਰੋਹਾਂ ਦਾ ਵਰਣਨ ਕਰਦੀਆਂ ਹਨ। ਇਨ੍ਹਾਂ ਵਿਚ ਸ਼ਰਫ-ਉਦ-ਦੀਨ ਕਸ਼ਮੀਰੀ, ਧੂਪ ਦੇਵ ਤੇ ਆਨੰਦ ਦੇਵ ਜੰਮੂ ਵਾਲਿਆਂ ਤੇ ਕਾਂਗੜੇ ਦੇ ਕਟੋਚ ਰਾਜਪੂਤ ਸ਼ਾਸਕ ਦੀਆਂ ਬਗ਼ਾਵਤਾਂ ਨੂੰ ਦਬਾਉਣ ਵਾਸਤੇ ਨਵਾਬ ਅਬਦੁੱਸਮਦ ਦੀਆਂ ਸਰਗਰਮੀਆਂ ਦਾ ਕੋਈ ਖ਼ਾਸ ਜ਼ਿਕਰ ਨਹੀਂ ਹੈ। ਇਹ ਘਾਟ ਅਸਰਾਰ-ਇ-ਸਮਦੀ ਪੂਰੀ ਕਰਦੀ ਹੈ।

ਅਬਦੁੱਸਮਦ ਖ਼ਾਨ ਤੇ ਉਸ ਦੇ ਪੁੱਤਰ ਨਵਾਬ ਜ਼ਕਰੀਆਂ ਖ਼ਾਨ (ਜੋ ਆਪਣੇ ਪਿਉ ਦੇ 1726 ਈਸਵੀ ਵਿਚ ਮੁਲਤਾਨ ਚਲੇ ਜਾਣ ਮਗਰੋਂ ਲਾਹੌਰ ਦਾ ਸੂਬੇਦਾਰ ਬਣਿਆ) ਦੀਆਂ ਸਰਗਰਮੀਆਂ ਕੇਵਲ ਮੁਗ਼ਲ ਸਾਮਰਾਜ ਦੇ ਅੰਤਲੇ ਸਮੇਂ ਦੇ ਇਤਿਹਾਸ ਵਿਚ ਹੀ ਮਹੱਤਾ ਨਹੀਂ ਰਖਦੀਆਂ। ਇਨ੍ਹਾਂ ਦਾ ਸੰਬੰਧ ਸਿੱਖ ਅੰਦੋਲਨ ਦੇ ਵਿਕਾਸ ਨਾਲ ਵੀ ਬੜਾ ਡੂੰਘਾ ਹੈ। ਇਸ ਲਈ ਸਿਖ ਇਤਿਹਾਸ ਦੇ ਅਧਿਐਨ ਵਿਚ ਵੀ ਪੁਸਤਕ ਅਸਰਾਰਿ ਸਮਦੀ ਇਕ ਲਾਭਦਾਇਕ ਸੋਮੇ ਦਾ ਕੰਮ ਦੇਂਦੀ ਹੈ। ਇਕ ਤਾਂ ਇਸ ਤੋਂ ਸਿੱਖ ਅੰਦੋਲਨ ਦੀ ਪਿਠ-ਭੂਮੀ ਸਮਝਣ ਵਿਚ ਚੋਖੀ ਸਹਾਇਤਾ ਮਿਲਦੀ ਹੈ। ਦੂਜੇ, ਇਸ ਵਿਚ ਇਕ ਪੂਰਾ ਅਧਿਆਇ ਬੰਦਾ ਬਹਾਦੁਰ ਦੇ ਵਿਦ੍ਰੋਹ ਦੇ ਦੂਸਰੇ ਭਾਗ ਦੇ ਸੰਬੰਧ ਵਿਚ ਦਿੱਤਾ ਹੋਇਆ ਹੈ ਜਿਸ ਤੋਂ ਹੇਠਲਿਆਂ ਪੱਖਾਂ ਤੇ ਮਹੱਤਵਪੂਰਣ ਚਾਨਣਾ ਪੈਂਦਾ ਹੈ :

1. ਸਿੱਖਾਂ ਦੀ ਸੂਰਮਤਾ, ਦ੍ਰਿੜ੍ਹਤਾ, ਮਨੋਬਲ ਤੇ ਬੁਲੰਦ ਹੌਂਸਲਾ ਜਿਸ ਨਾਲ ਉਨ੍ਹਾਂ ਨੇ ਗੁਰਦਾਸਪੁਰ ਨੰਗਲ ਦੇ ਘੇਰੇ ਸਮੇਂ ਤੇ ਉਸ ਤੋਂ ਪਹਿਲਾਂ ਮੁਸੀਬਤਾਂ, ਤੰਗੀਆਂ, ਪਰੇਸ਼ਾਨੀਆਂ ਤੇ ਤਕਲੀਫ਼ਾਂ ਦਾ ਟਾਕਰਾ ਕੀਤਾ। ਉਦਾਹਰਣ ਵਜੋਂ ਲੇਖਕ ਦੇ ਇਹ ਕਥਨ (ਪੰਜਾਬੀ ਅਨੁਵਾਦ) ਵੇਖੋ :

> "ਲਾਹਨਤ ਦੇ ਮਾਰੇ ਸਿੰਘਾਂ ਦੇ ਪੈਰ ਛਾਲਿਆਂ ਨਾਲ ਭਰਪੂਰ ਸਨ ਤੇ ਉਨ੍ਹਾਂ ਦੇ ਹੱਥ ਰਾਸ਼ਨ ਤੇ ਸਫ਼ਰ ਖ਼ਰਚ ਤੋਂ ਖ਼ਾਲੀ ਸਨ। ਫਿਰ ਵੀ ਉਹ ਕਿਹੜੀਆਂ ਦਲੇਰੀਆਂ ਹਨ ਜੋ ਉਨ੍ਹਾਂ ਨੇ ਵਰਤੋਂ ਵਿਚ ਨਹੀਂ ਲਿਆਂਦੀਆਂ ਅਤੇ ਉਹ ਕਿਹੜੀਆਂ ਨਿਡਰਤਾਵਾਂ ਹਨ ਜੋ ਉਨ੍ਹਾਂ ਨੇ ਪਰਗਟ ਨਹੀਂ ਕੀਤੀਆਂ ? ਉਹ ਹਾਥੀਆਂ ਉਤੇ ਸ਼ੇਰਾਂ ਵਾਂਗੂੰ ਛਾਲਾਂ

ਮਾਰਦੇ ਸਨ ਤੇ ਹੌਦਿਆਂ ਵਿਚ ਬੈਠਿਆਂ ਨੂੰ ਹੇਠਾਂ ਸੁਟ ਲੈਂਦੇ ਸਨ। ਜਿਹੜੀ ਥਾਂ ਤੇ ਤੇਜ਼ ਘੋੜਾ ਜਾਣ ਤੋਂ ਵੀ ਘਬਰਾਉਂਦਾ ਹੈ, ਉਥੇ ਉਹ ਚੀਤੇ ਵਾਂਗੂੰ ਪੈਦਲ ਹੀ ਪੁਜ ਜਾਂਦੇ ਸਨ।

ਫਿਰ :

ਉਹ ਮੁਸੀਬਤ ਵਿਚ ਇਉਂ ਜਕੜੇ ਗਏ ਕਿ ਫਾਕਿਆਂ ਨਾਲ ਸੁਕ ਸਕ
ਕੇ ਪਹਿਲੇ ਦਿਨ ਦੇ ਚੰਦ (ਹਲਾਲ) ਵਾਂਗੂੰ ਹੋ ਗਏ। ਰੁਖ ਪਤਿਆਂ
ਤੋਂ ਖ਼ਾਲੀ ਹੋ ਗਏ। ਉਹ ਮਿੱਟੀ ਵੀ ਗੁੜ ਵਾਂਗੂੰ ਖਾਂਦੇ ਸਨ। (ਪਹਿਲਾ ਅਧਿਆਇ)

2. ਬੰਦਾ ਬਹਾਦਰ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਿਚ ਜਾਦੂ ਦਾ ਅਸਰ ਸੀ। ਉਸ ਦੀ ਸੁੰਦਰਤਾ ਅਦੁੱਤੀ ਸੀ ਤੇ ਉਸਦਾ ਆਕਾਰ ਦੇਵ ਜੈਸਾ ਸੀ। ਉਸਦੀ ਦ੍ਰਿੜਤਾ ਤੇ ਬਹਾਦੁਰੀ ਉਸ ਦੇ ਚਰਿਤ੍ਰ ਦੇ ਜ਼ਰੂਰੀ ਅੰਗ ਸਨ।

3. ਬੰਦਾ ਸਿੰਘ ਦੀ ਅਗਵਾਈ ਹੇਠ ਸਿਖਾਂ ਦੀ ਬਗ਼ਾਵਤ ਮੁਗ਼ਲਾਂ ਲਈ ਇਕ ਮਹਾਨ ਵੰਗਾਰ ਸੀ। ਅਸਰਾਰ-ਇ-ਸਮਦੀ ਵਿਚ ਕਈ ਹੋਰ ਬਗ਼ਾਵਤਾਂ ਦਾ ਵੀ ਜ਼ਿਕਰ ਹੈ, ਪਰੰਤੂ ਜਿੰਨੀ ਸਖ਼ਤ ਸ਼ਬਦਾਵਲੀ ਬੰਦਾ ਤੇ ਉਸ ਦੇ ਸਿਖਾਂ ਬਾਰੇ ਵਰਤੀ ਗਈ ਹੈ, ਇੰਨੀ ਹੋਰ ਕਿਸੇ ਬਗ਼ਾਵਤ ਬਾਰੇ ਨਹੀਂ ਵਰਤੀ ਗਈ। ਈਸਾ ਖ਼ਾਨ, ਹਸੈਨ ਖ਼ਾਨ ਅਫ਼ਗ਼ਾਨ ਕਸੂਰੀ, ਸ਼ਰਫ਼-ਉਦ-ਦੀਨ ਕਸ਼ਮੀਰੀ ਤੇ ਜੰਮੂ ਤੇ ਕਾਂਗੜੇ ਦੀਆਂ ਬਗ਼ਾਵਤਾਂ ਵਿਅਕਤੀਗਤ ਮਨਚਲਿਆਂ ਦੀਆਂ ਬਗ਼ਾਵਤਾਂ ਸਨ ਅਤੇ ਇਨ੍ਹਾਂ ਦੇ ਪਿਛੇ ਕੋਈ ਲੌਕਿਕ ਅੰਦੋਲਨ ਨਹੀਂ ਸੀ। ਇਨ੍ਹਾਂ ਦਾ ਮੁਖ ਕਾਰਨ ਵਿਅਕਤੀਗਤ ਮਨੋਕਾਮਨਾ ਸੀ, ਨਾ ਕਿ ਕਿਸੇ ਸਿੱਧਾਂਤ ਦੇ ਆਧਾਰ ਤੇ ਹਕੂਮਤ ਦਾ ਤਖ਼ਤਾ ਉਲਟਣ ਲਈ ਕੋਈ ਉੱਦਮ। ਇਸ ਲਈ ਇਨ੍ਹਾਂ ਵਲੋਂ ਪੈਦਾ ਹੋਇਆ ਖ਼ਤਰਾ ਕੋਈ ਵੱਡਾ ਜਾਂ ਗੰਭੀਰ ਖ਼ਤਰਾ ਨਹੀਂ ਸੀ ਹੋ ਸਕਦਾ। ਪਰੰਤੂ ਸਿੱਖ ਅੰਦੋਲਨ ਦੇ ਪਿਛੇ ਇਕ ਲੰਮਾ ਇਤਿਹਾਸ ਸੀ ਅਤੇ ਉਹ ਇਕ ਠੋਸ ਤੇ ਲੋਕ-ਹਿਤ ਨਾਲ ਜੁੜੇ ਸਿਧਾਂਤ ਤੇ ਆਧਾਰਿਤ ਸੀ। ਇਸ ਲਈ ਇਸ ਦੀ ਵੰਗਾਰ ਮਾਮੂਲੀ ਵੰਗਾਰ ਨਹੀ ਸੀ। ਬੰਦਾ ਬਹਾਦੁਰ ਦੀ ਬਗ਼ਾਵਤ ਦਾ ਕੀ ਅਸਰ ਪਿਆ, ਇਸ ਦਾ ਲੇਖਕ ਇਉਂ ਜ਼ਿਕਰ ਕਰਦਾ ਹੈ :

ਸਾਰੇ ਜਹਾਨ ਵਿਚ ਵਿਦ੍ਰੋਹ ਉਠ ਖੜਾ ਹੋਇਆ।
ਉਸ ਦੀਆਂ ਖ਼ਬਰਾਂ ਰੂਮ ਤੇ ਸ਼ਾਮ ਵਿਚ ਅਪੜ ਗਈਆਂ।
ਉਸ ਨੇ ਫਸਾਦ ਨਾਲ ਦੁਨੀਆਂ ਨੂੰ ਇੰਜ ਖ਼ਰਾਬ ਕੀਤਾ,
ਕਿ ਜ਼ਮੀਨ ਵਿਚਲਾ ਸਪ ਵੀ ਤੜਫਣ ਲਗ ਪਿਆ।

— —

ਉਸ ਨੇ ਬਗ਼ਾਵਤ ਦੀ ਸ਼ੋਰਸ਼ ਇੰਨੀ ਬੁਲੰਦ ਕੀਤੀ,
ਕਿ ਕੋਈ ਬੀਮਾਰ ਵੀ ਹਾਨੀ ਤੋਂ ਨਾ ਬਚ ਸਕਿਆ।
ਉਸ ਦੇ ਪੰਜੇ ਤੋਂ ਕਿਸੇ ਨੂੰ ਵੀ ਛੁਟਕਾਰਾ ਨਾ ਮਿਲਿਆ।
ਦੁਨੀਆਂ ਵਿਚ ਮਾਨੋ ਕਿਆਮਤ ਪ੍ਰਗਟ ਹੋ ਗਈ।
ਭਾਵੇਂ ਉਸ ਨੇ (ਬਦਬਖ਼ਤ) ਬੰਦਾ ਦੀ ਉਪਾਧੀ ਧਾਰਨ ਕੀਤੀ,
ਪਰ ਉਸ ਨੇ ਬੰਦਗੀ ਦੇ ਘਰ ਨੂੰ ਹੀ ਗੰਦਾ ਕਰ ਦਿੱਤਾ। (ਪਹਿਲਾ ਅਧਿਆਇ)

ਲੇਖਕ ਦਾ ਬੰਦਾ ਬਹਾਦੁਰ ਦੀ ਬਗ਼ਾਵਤ ਸਬੰਧੀ ਇਹ ਅਨੁਮਾਨ ਉਸ ਦੀ ਤੀਖਣ ਸੂਝ-ਬੂਝ ਦਾ ਪ੍ਰਤੀਕ ਹੈ। ਕਿਉਂਕਿ ਭਾਵੇਂ ਇਹ ਬਗ਼ਾਵਤ ਦਬਾਂ ਲਈ ਗਈ ਤੇ ਬੰਦਾ ਤੇ ਉਸ ਦੇ ਕੁਝ ਸਾਥੀਆਂ ਨੂੰ ਜ਼ਲੀਲ ਕਰ ਕੇ ਨਸ਼ਟ ਕਰ ਦਿੱਤਾ ਗਿਆ, ਪਰੰਤੂ ਇਹ ਸਫ਼ਲਤਾ ਕੇਵਲ ਵਕਤੀ ਸਫ਼ਲਤਾ ਹੀ ਸਿੱਧ ਹੋਈ। ਕੁਝ ਹੀ ਵਰ੍ਹਿਆਂ ਮਗਰੋਂ ਸਿੱਖ ਫਿਰ ਮੁਗ਼ਲਾਂ ਦੇ ਮੁਕਾਬਲੇ ਵਿਚ ਜਥੇਬੰਦ ਹੋ ਗਏ। ਪਹਿਲਾਂ ਪਹਿਲਾਂ ਉਨ੍ਹਾਂ ਦੇ ਜਥੇ ਛੋਟੇ ਛੋਟੇ ਸਨ। ਨਵਾਬ ਕਪੂਰ ਸਿੰਘ ਨੇ ਸਿਆਣਪ ਤੇ ਉੱਦਮ ਨਾਲ ਇਨ੍ਹਾਂ ਜਥਿਆਂ ਨੂੰ ਮਿਲਾ ਕੇ ਬੁੱਢਾ ਦਲ ਤੇ ਤਰਨਾ ਦਲ ਵਿਚ ਸੰਗਠਿਤ ਕਰ ਦਿੱਤਾ। ਕੁਝ ਸਮਾਂ ਪਿਛੋਂ ਇਸ ਦਾ ਹੋਰ ਵਿਕਾਸ ਹੋਇਆ ਤੇ ਖ਼ਾਲਸਾ ਦਲ ਦੇ ਰੂਪ ਵਿਚ ਇਕ ਵੱਡੀ ਤੇ ਸ਼ਕਤੀਸ਼ਾਲੀ ਖ਼ਾਲਸਾ ਫ਼ੌਜ ਦਾ ਜਨਮ ਹੋਇਆ। ਇਹ ਫ਼ੌਜ ਇੰਨੀ ਤਕੜੀ ਹੋ ਗਈ ਕਿ 1739 ਈਸਵੀ ਵਿਚ ਨਾਦਰ ਸ਼ਾਹ ਨੇ ਹਮਲੇ ਤੋਂ ਵਾਪਸ ਜਾਂਦਿਆਂ ਰਾਹ ਵਿਚ ਲਾਹੌਰ ਵਿਖੇ ਨਵਾਬ ਜ਼ਕਰੀਆ ਖ਼ਾਨ ਨੂੰ ਚਿਤਾਵਨੀ ਦਿਤੀ ਕਿ ਉਹ ਦਿਨ ਦੂਰ ਨਹੀਂ ਜਦ ਇਹ ਘੋੜ-ਸਵਾਰ ਫਕੀਰ ਪੰਜਾਬ ਦੇ ਹਾਕਮ ਹੋਣਗੇ। ਉਸਦੀ ਇਹ ਭਵਿੱਸ਼-ਬਾਣੀ ਵੀਹ ਪੰਜੀ ਸਾਲਾਂ ਮਗਰੋਂ ਇੰਨ ਬਿੰਨ ਪੂਰੀ ਹੋ ਗਈ।

ਇਹ ਗੱਲ ਵਿਸ਼ੇਸ ਤੌਰ ਤੇ ਵਰਣਨ ਯੋਗ ਹੈ ਕਿ ਬਾਕੀ ਸਮਕਾਲੀਨ ਮੁਸਲਮਾਨ ਲੇਖਕਾਂ ਵਾਂਗੂ ਅਸਰਾਰ-ਇ-ਸਮਦੀ ਦਾ ਲੇਖਕ ਵੀ ਬੰਦਾ ਸਿੰਘ ਨੂੰ ਜ਼ਾਲਮ ਆਖਦਾ ਹੈ, ਜਿਵੇਂ ਕਿ :

> ਉਸ ਨੇ ਸ਼ਾਂਤੀ ਦੇ ਖਲਵਾੜੇ ਨੂੰ ਜ਼ੁਲਮ ਦੀ ਚੰਗਿਆੜੀ ਨਾਲ ਸਾੜ ਦਿੱਤਾ,
> ਸੰਸਾਰ ਨੂੰ ਜ਼ੁਲਮ ਦੀ ਤਲਵਾਰ ਦੁਆਰਾ ਮਿੱਟੀ ਨਾਲ ਬਰਾਬਰ ਕਰ ਦਿੱਤਾ
> ਅਤੇ ਹਰ ਆਮ ਖ਼ਾਸ ਬੰਦੇ ਦੇ ਆਰਾਮ ਵਿਚ ਪੂਰਨ ਗੜਬੜੀ ਪਾ ਦਿੱਤੀ।
> (ਪਹਿਲਾ ਅਧਿਆਇ)

ਪਰੰਤੂ ਇਸ ਵਿਚਾਰ ਦੀ ਪ੍ਰੋੜ੍ਹਤਾ ਵਿਚ ਲੇਖਕ ਨੇ ਕੋਈ ਵੇਰਵਾ ਨਹੀਂ ਦਿੱਤਾ। ਉਸ ਦੇ ਕਥਨ ਤੋਂ ਕੇਵਲ ਇਹ ਨਿਸ਼ਚਿਤ ਹੁੰਦਾ ਹੈ ਕਿ ਬੰਦਾ ਬਹਾਦੁਰ ਦਾ ਸਭ ਤੋਂ ਵੱਡਾ ਦੋਸ਼ ਹਕੂਮਤ ਦੇ ਖ਼ਿਲਾਫ਼ ਵਿਦ੍ਰੋਹ ਸੀ, ਜਿਸ ਕਰਕੇ ਉਹ ਜ਼ਾਲਮ ਕਹਾਉਣ ਦਾ ਪਾਤਰ ਸੀ। ਇਸੇ ਜੁਰਮ ਵਿਚ ਹੀ ਲੇਖਕ ਨੇ ਥਾਂ ਥਾਂ ਤੇ ਉਸ ਨੂੰ ਹੱਕਾਬਾਜ਼ (ਬਾਜ਼ੀਗਰ, ਚਲਾਕ), ਮਕਾਰ, ਬਦ-ਮਆਲ ਮਰਦੂਦ-ਇ-ਲਈਨ (ਬੁਰੇ ਅੰਤ ਵਾਲਾ, ਬੇਇੱਜ਼ਤ, ਲਾਹਨਤੀ ਮਨੁਖ), ਬਦ-ਸਗਾਲ (ਬੁਰਾਈ ਚਿਤਵਨ ਵਾਲਾ) ਅਤੇ ਸ਼ਕਲ-ਇ-ਲਈਨ (ਲਾਹਨਤੀ ਸ਼ਕਲ ਵਾਲਾ) ਆਖਿਆ ਹੈ।

ਸੰਭਵ ਹੈ ਕਿ ਬਗ਼ਾਵਤ ਸਮੇਂ ਕ੍ਰੋਧ ਦੀ ਭਾਵਨਾ ਅਧੀਨ ਬੰਦਾ ਸਿੰਘ ਕੋਲੋਂ ਕੁਝ ਅਜੇਹੀਆਂ ਹਰਕਤਾਂ ਵੀ ਹੋ ਗਈਆਂ ਹੋਣ ਜਿਹੜੀਆਂ ਕਿ ਨਿਰਦੈਤਾ ਦੀ ਹੱਦ ਤੀਕ ਪੁਜ ਜਾਂਦੀਆਂ ਹੋਣ। ਪਰੰਤੂ ਜਿਸ ਖਿੱਚ ਨਾਲ ਤੇ ਜਿਸ ਗਿਣਤੀ ਵਿਚ ਦਬੇਲ, ਗਰੀਬ਼ ਤੇ ਮੁਗ਼ਲਾਂ ਦੇ ਜ਼ੁਲਮ ਨਾਲ ਸਤਾਏ ਹੋਏ ਲੋਕ ਉਸ ਦੇ ਖ਼ਾਲਸਈ ਝੰਡੇ ਥਲੇ ਜਮ੍ਹਾਂ ਹੋ ਗਏ, ਉਸ ਤੋਂ ਸਪਸ਼ਟ ਹੁੰਦਾ ਹੈ ਕਿ ਬੰਦਾ ਨਾ ਤਾਂ ਸਫ਼ਾਕ (ਕਾਤਲ) ਸੀ ਤੇ ਨਾ ਹੀ ਜ਼ਾਲਮ ਜਾਂ ਜਾਬਰ। ਉਸਦਾ ਮੁਖ ਨਾਹਰਾ ਸੀ ਦੇਗ ਤੇ ਤੇਗ਼ ਦੀ ਫ਼ਤਹ। ਤੇਗ਼ ਤੋਂ ਭਾਵ ਅਸਲੀ ਤਲਵਾਰ ਦਾ ਸੀ ਤੇ ਦੇਗ ਤੋਂ ਕਰਮ ਜਾਂ ਨਿਆਂ ਦੀ ਤਲਵਾਰ ਦਾ। ਅਰਥਾਤ, ਜਿਥੇ ਉਹ ਸ਼ਕਤੀ

ਨੂੰ ਜਾਂ ਬਲ ਨੂੰ ਮਹੱਤਾ ਦੇਂਦਾ ਸੀ, ਉਥੇ ਉਹ ਉੱਨੀ ਹੀ ਮਹੱਤਾ ਉਦਾਰਤਾ, ਬਖ਼ਸ਼ਸ਼ ਜਾਂ ਖੁਲ੍ਹਦਿਲੀ ਨੂੰ ਦੇਂਦਾ ਸੀ। ਅਜੇਹਾ ਮਨੁੱਖ ਜ਼ਾਲਮ ਨਹੀਂ ਕਹਾ ਸਕਦਾ। ਜਿਸ ਦਲੇਰੀ ਨਾਲ ਉਸ ਨੇ ਜ਼ਿਮੀਦਾਰੀ ਖ਼ਤਮ ਕਰ ਕੇ ਛੋਟਿਆਂ ਕਿਸਾਨਾਂ ਨੂੰ ਜ਼ਮੀਨਾਂ ਦਾ ਮਾਲਕ ਬਣਾਉਣ ਦਾ ਉੱਦਮ ਕੀਤਾ, ਉਸ ਤੋਂ ਵੀ ਉਸ ਦੀ ਬੁਲੰਦ-ਖਿਆਲੀ ਸਪੱਸ਼ਟ ਹੁੰਦੀ ਹੈ।

ਜਿਥੋਂ ਤਕ ਸਿੱਖ ਇਤਿਹਾਸ ਦਾ ਸੰਬੰਧ ਹੈ, ਉਸ ਨੇ ਮੁਗਲਾਂ ਦੀ ਸਦੀਆਂ ਪੁਰਾਣੀ ਹਕੂਮਤ ਵਿਰੁੱਧ ਸਫ਼ਲਤਾਵਾਂ ਹਾਸਲ ਕਰ ਕੇ ਸਿੱਖਾਂ ਦੇ ਮਨਾਂ ਵਿਚ ਆਜ਼ਾਦੀ ਦੀ ਜਵਾਲਾ ਪ੍ਰਚੰਡ ਕਰ ਦਿੱਤੀ। ਭਾਵੇਂ ਉਸਦਾ ਸਥਾਪਤ ਕੀਤਾ ਖ਼ਾਲਸਾ ਸੂਰਾਜ ਕਾਇਮ ਨਾ ਰਹਿ ਸਕਿਆ, ਪਰ ਇਸ ਦੀ ਮਿਸਾਲ ਅਗਲੀਆਂ ਸਿੱਖ ਨਸਲਾਂ ਲਈ ਚਾਨਣ-ਮੁਨਾਰਾ ਬਣ ਗਈ।

ਇਨ੍ਹਾਂ ਸ਼ਬਦਾਂ ਨਾਲ ਮੈਂ ਅਸਰਾਰ-ਇ-ਸਮਦੀ ਦੇ ਪੰਜਾਬੀ ਪਕਾਸ਼ਨ ਨੂੰ ਪੰਜਾਬੀ ਜਗਤ ਨੂੰ ਪੇਸ਼ ਕਰਦਾ ਹਾਂ। ਇਸ ਦਾ ਫ਼ਾਰਸੀ ਵਿਚੋਂ ਪੰਜਾਬੀ ਵਿਚ ਅਨੁਵਾਦ ਸ. ਜਨਕ ਸਿੰਘ ਨੇ ਕੀਤਾ ਹੈ, ਜੋ ਇਨ੍ਹਾਂ ਭਾਸ਼ਾਵਾਂ ਦੇ ਚੰਗੇ ਵਿਦਵਾਨ ਹਨ। ਮੈਂ ਉਨ੍ਹਾ ਦਾ ਦਿਲੋਂ ਧੰਨਵਾਦੀ ਹਾਂ, ਵਿਸ਼ੇਸ਼ ਕਰਕੇ ਇਸ ਲਈ ਕਿ ਉਨ੍ਹਾਂ ਨੇ ਇਸ ਔਖੇ ਕੰਮ ਨੂੰ ਸੁਚੱਜਤਾ ਨਾਲ ਸਿਰੇ ਚਾੜ੍ਹਿਆ ਹੈ। ਸ. ਗੁਰਬਖ਼ਸ਼ ਸਿੰਘ, ਸਹਾਇਕ ਡਾਇਰੈਕਟਰ, ਪੰਜਾਬ ਇਤਿਹਾਸ ਅਧਿਐਨ ਵਿਭਾਗ, ਨੇ ਇਸ ਅਨੁਵਾਦ ਨੂੰ ਸੋਧ ਕੇ ਹੋਰ ਲਾਭਦਾਇਕ ਬਣਾ ਦਿੱਤਾ ਹੈ। ਇਸ ਦੀ ਵਿਦਵਤਾਪੂਰਣ ਤੇ ਵਿਸਤਾਰਪੂਰਵਕ ਪ੍ਰਵੇਸ਼ਿਕਾ ਵੀ ਉਨ੍ਹਾਂ ਨੇ ਹੀ ਲਿਖੀ ਹੈ। ਇਸ ਸਾਰੇ ਕੰਮ ਲਈ ਮੈਂ ਓਨ੍ਹਾਂ ਦਾ ਰਿਣੀ ਹਾਂ।

—ਡਾ. ਫ਼ੌਜਾ ਸਿੰਘ, ਡਾਇਰੈਕਟਰ

# ਪ੍ਰਵੇਸ਼ਕਾ

'ਅਸਰਾਰਿ ਸਮਦੀ' ਦਾ ਪੰਜਾਬੀ ਉਲਥਾ ਪਾਠਕਾਂ ਸਾਮ੍ਹਣੇ ਪੇਸ਼ ਕੀਤਾ ਜਾ ਰਿਹਾ ਹੈ। ਇਹ ਪੁਸਤਕ ਅਠਾਰ੍ਹਵੀਂ ਸਦੀ ਦੀ, ਫ਼ਾਰਸੀ ਵਾਰਤਕ ਵਿਚ ਲਿਖੀ ਇਕ ਅਦੁੱਤੀ ਸਾਹਿਤਕ ਰਚਨਾ ਹੈ ਜਿਸ ਦੀ ਇਤਿਹਾਸਕ ਮਹੱਤਾ ਵੀ ਉੱਨੀ ਹੀ ਪ੍ਰਬਲ ਹੈ ਜਿੰਨੀ ਕਿ ਇਸ ਦੀ ਸਾਹਿਤਕ ਸਵੱਛਤਾ। ਇਹ 1728-29 ਈ. ਵਿਚ ਲਿਖੀ ਗਈ। ਇਸ ਦਾ ਲੇਖਕ ਲਾਹੌਰ ਦੇ ਪ੍ਰਸਿੱਧ ਗਵਰਨਰ ਨਵਾਬ ਅਬਦੁੱਸਮਦ ਖ਼ਾਨ ਦਾ ਨਾ ਕੇਵਲ ਸਮਕਾਲੀ ਸੀ, ਸਗੋਂ ਉਸ ਦੇ ਦਰਬਾਰ ਦਾ ਇਕ ਉੱਘਾ ਕਾਰਿੰਦਾ ਵੀ ਸੀ ਅਤੇ ਨਵਾਬ ਦਾ ਮੁਨਸ਼ੀ ਹੋਣ ਦੇ ਨਾਤੇ ਨਵਾਬ ਦੀਆਂ ਅਪਾਰ ਕਿਰਪਾਵਾਂ ਤੇ ਮਿਹਰਾਂ ਦਾ ਭਾਗੀ ਬਣ ਚੁਕਿਆ ਸੀ। ਇਹ ਪੁਸਤਕ ਲੇਖਕ ਨੇ ਨਵਾਬ ਦੀਆਂ ਉਨ੍ਹਾਂ ਮੁਹਿੰਮਾਂ ਦੀ ਯਾਦਗਾਰ ਕਾਇਮ ਕਰਨ ਲਈ ਲਿਖੀ ਜੋ ਨਵਾਬ ਨੇ ਸਮੇਂ ਸਮੇਂ ਸਿਰ ਲਾਹੌਰ, ਕਸ਼ਮੀਰ, ਜੰਮੂ ਤੇ ਮੁਲਤਾਨ ਦੇ ਬਾਗ਼ੀਆਂ ਵਿਰੁੱਧ ਭੇਜੀਆਂ। ਮੁਗ਼ਲ ਤਾਜਦਾਰ ਫ਼ਰੁਖ਼ਸੀਅਰ ਨੇ ਅਬਦੁੱਸਮਦ ਖ਼ਾਨ ਨੂੰ 1713 ਈ. ਵਿਚ ਬੰਦਾ ਬਹਾਦੁਰ ਦੀ ਪੰਜਾਬ ਵਿਚ ਨਿਤਾਪ੍ਰਤੀ ਵਧਦੀ ਰਾਜਸੀ ਸੱਤਾ ਨਾਲ ਨਿਪਟਣ ਲਈ ਲਾਹੌਰ ਦਾ ਗਵਰਨਰ ਨਿਯੁਕਤ ਕੀਤਾ ਸੀ। ਉਹ 1726 ਤਕ ਲਾਹੌਰ ਦਾ ਗਵਰਨਰ ਰਿਹਾ ਅਤੇ 1726 ਈ. ਵਿਚ ਬਾਦਸ਼ਾਹ ਦੀ ਆਗਿਆ ਅਨੁਸਾਰ ਲਾਹੌਰ ਦੀ ਸੂਬੇਦਾਰੀ ਆਪਣੇ ਨੌਜਵਾਨ ਪੁੱਤਰ ਖ਼ਾਨ ਬਹਾਦੁਰ ਜ਼ਕਰੀਆ ਖ਼ਾਨ ਨੂੰ ਸੌਂਪ ਕੇ ਆਪਣੇ ਲਈ ਮੁਲਤਾਨ ਦੀ ਸੂਬੇਦਾਰੀ ਸ੍ਵੀਕਾਰ ਕਰ ਲਈ। 1726 ਤੋਂ 1737 ਈ. ਤੱਕ ਇਸ ਨੇ ਮੁਲਤਾਨ ਤੇ ਰਾਜ ਕੀਤਾ ਅਤੇ 1737 ਈ. ਵਿਚ ਇਸ ਦੀ ਮੌਤ ਹੋ ਗਈ। ਇਸ ਪੁਸਤਕ ਵਿਚ ਲੇਖਕ ਨੇ ਨਵਾਬ ਦੀਆਂ ਉਨ੍ਹਾਂ ਸਾਰੀਆਂ ਸੈਨਿਕ ਮੁਹਿੰਮਾਂ ਦਾ ਵਰਣਨ ਕੀਤਾ ਹੈ ਜੋ ਨਵਾਬ ਨੇ ਲਾਹੌਰ ਦੇ ਗਵਰਨਰ ਦੇ ਤੌਰ ਤੇ ਪਹਿਲਾਂ ਆਪ ਸਿਧੀਆਂ ਵੈਰੀਆਂ ਵਿਰੁੱਧ ਭੇਜੀਆਂ ਅਤੇ ਫਿਰ ਮੁਲਤਾਨ ਜਾਣ ਪਿਛੋਂ ਆਪਣੇ ਪੁੱਤਰ ਜ਼ਕਰੀਆ ਖ਼ਾਨ ਦੀ ਸਹਾਇਤਾ ਲਈ ਫ਼ੌਜਾਂ ਲੈ ਕੇ ਆਪ ਇਧਰ ਆਉਂਦਾ ਰਿਹਾ।

ਇਸ ਦੀਆਂ ਦੋ ਹੱਥ-ਲਿਖਤ ਸੈਂਚੀਆਂ ਪੰਜਾਬ ਯੂਨੀਵਰਸਿਟੀ, ਲਾਹੌਰ, ਵਿਚ ਪਈਆਂ ਹਨ, ਜੋ ਉਸ ਯੂਨੀਵਰਸਿਟੀ ਨੇ ਹਾਫ਼ਿਜ਼ ਮਹਿਮੂਦ ਸ਼ੀਰਾਨੀ ਦੇ ਨਿਜੀ ਕੁਤਬਖ਼ਾਨੇ ਤੋਂ 1942 ਈ. ਵਿਚ ਪ੍ਰਾਪਤ ਕੀਤੀਆਂ।

ਇਸ ਦਾ ਲੇਖਕ ਕੌਣ ਸੀ ? ਸਮਕਾਲੀ ਸਾਹਿਤ ਵਿਚ ਇਸ ਨੂੰ ਕੀ ਸਥਾਨ ਪ੍ਰਾਪਤ ਸੀ ? ਮੁਗ਼ਲ ਦਰਬਾਰ ਨਾਲ ਇਸ ਦਾ ਕੀ ਸਬੰਧ ਸੀ ਅਤੇ ਇਸ ਦੇ ਸਾਹਿਤਕ ਉੱਦੇਸ਼ ਕੀ ਸਨ ਜਿਨ੍ਹਾਂ ਨੇ ਇਸ ਨੂੰ ਇਹ ਪੁਸਤਕ ਲਿਖਣ ਦੀ ਪ੍ਰੇਰਣਾ ਦਿੱਤੀ ? ਇਹ ਬੜੇ ਮਹੱਤਵ-ਪੂਰਣ ਪ੍ਰਸ਼ਨ ਹਨ, ਜਿਨ੍ਹਾਂ ਦਾ ਉੱਤਰ ਦੇਣਾ ਇਸ ਪੁਸਤਕ ਦੀ ਇਤਿਹਾਸਕ ਮਹੱਤਾ ਦੀ

ਆਲੋਚਨਾਤਮਕ ਸਮੀਖਿਆ ਲਈ ਬਹੁਤ ਆਵੱਸ਼ਕ ਬਣ ਜਾਂਦਾ ਹੈ। ਇਹ ਲਖਕ ਕੌਣ ਸੀ? ਇਸ ਬਾਰੇ ਸਾਨੂੰ ਕੋਈ ਸੰਤੋਸ਼ਜਨਕ ਜਾਣਕਾਰੀ ਕਿਤੋਂ ਨਹੀਂ ਮਿਲ ਸਕੀ ਅਤੇ ਨਾ ਹੀ ਸਾਨੂੰ ਇਹ ਪਤਾ ਲੱਗ ਸਕਿਆ ਹੈ ਕਿ ਲੇਖਕ ਹਿੰਦੂ ਸੀ ਜਾਂ ਮੁਸਲਮਾਨ। ਇਸ ਦੌਰ ਦੇ ਮੁਨਸ਼ੀਆਂ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੋਹਾ ਧਰਮਾਂ ਦੇ ਲੋਕਾਂ ਦੇ ਨਾਂ ਗਿਣੇ ਜਾ ਸਕਦੇ ਹਨ, ਇਸ ਲਈ ਨਿਸ਼ਚਿਤ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ ਕਿ ਇਹ ਲੇਖਕ ਕੌਣ ਸੀ। ਉਸ ਨੇ ਆਪਣੀ ਪੁਸਤਕ ਵਿਚ ਕਿਤੇ ਵੀ ਆਪਣਾ ਨਾਂ ਨਹੀਂ ਲਿਖਿਆ, ਪਰ ਜਿਥੋਂ ਤਕ ਲੇਖਕ ਦੀਆਂ ਸਾਹਿਤਕ ਪ੍ਰਾਪਤੀਆਂ, ਮੁਗ਼ਲ ਦਰਬਾਰ ਨਾਲ ਉਸ ਦੇ ਸੰਬੰਧਾਂ ਅਤੇ ਇਸ ਪੁਸਤਕ ਲਿਖਣ ਦੇ ਉੱਦੇਸ਼ਾਂ ਦਾ ਸੰਬੰਧ ਹੈ, ਲੇਖਕ ਨੇ 'ਅਸਰਾਰਿ ਸਮਦੀ' ਦੀ ਭੂਮਿਕਾ ਵਿਚ ਬਹੁਤ ਲਾਭਦਾਇਕ ਜਾਣਕਾਰੀ ਦੇ ਦਿੱਤੀ ਹੈ।

ਇਸ ਪੁਸਤਕ ਦੇ, ਭੂਮਿਕਾ ਨੂੰ ਛੱਡ ਕੇ, ਕੁੱਲ ਸੱਤ ਅਧਿਆਇ ਹਨ। ਭੂਮਿਕਾ ਵਿਚ ਸਾਨੂੰ ਉਪਰੋਕਤ ਕੁਝ ਪ੍ਰਸ਼ਨਾਂ ਦੇ ਉੱਤਰ ਮਿਲ ਜਾਂਦੇ ਹਨ। ਲੇਖਕ ਨੇ ਆਪਣਾ ਵਤਨ ਕਲਾਨੌਰ ਦਸਿਆ ਹੈ ਜਿਸ ਦੇ ਜਲਵਾਯੂ ਅਤੇ ਜਿਸ ਦੀ ਉਪਜਾਊ ਧਰਤੀ ਦੀ ਪ੍ਰਸ਼ੰਸਾ ਕਰਦਿਆਂ ਉਹ ਉਕਦਾ ਥੱਕਦਾ ਨਹੀਂ। ਉਸ ਨੂੰ ਇਸ ਗੱਲ ਤੇ ਬੜਾ ਮਾਣ ਤੇ ਫ਼ਖ਼ਰ ਹੈ ਕਿ ਅਕਬਰ ਬਾਦਸ਼ਾਹ ਨੇ ਇਸ ਧਰਤੀ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਦੀ ਇਸ ਵਿਸ਼ੇਸ਼ਤਾ ਕਾਰਨ ਦਿੱਲੀ ਦੀ ਰਾਜਧਾਨੀ ਵੀ ਉਸ ਅੱਗੇ ਸਿਰ ਨਿਵਾਂਦੀ ਹੈ। ਇਸ ਧਰਤੀ ਦੇ ਆਲੇ-ਦੁਆਲੇ ਉਸ ਨੂੰ ਜੀਵਨ ਪ੍ਰਦਾਨ ਕਰਨ ਵਾਲਾ 'ਆਬੇ-ਇ-ਹੱਯਾਤ' ਭਾਵ ਅੰਮ੍ਰਿਤ ਵਿਛਿਆ ਪਿਆ ਦਿਸਦਾ ਹੈ। ਇਸ ਦਾ ਨਾਂ ਵੀ ਕਲਾਨੌਰ ਇਸ ਲਈ ਰਖਿਆ ਗਿਆ ਕਿ ਇਸ ਦੇ ਪੈਰਾਂ ਵਿਚ ਸਦਾ ਨੂਰ ਦੀ ਵਰਖਾ ਰਹਿੰਦੀ ਹੈ।

ਮੁਗ਼ਲ ਦਰਬਾਰ ਨਾਲ ਆਪਣੇ ਸੰਬੰਧਾਂ ਦਾ ਜ਼ਿਕਰ ਕਰਦਿਆਂ ਉਹ ਲਿਖਦਾ ਹੈ ਕਿ ਉਹ ਨਵਾਬ ਅਬਦੁੱਸਮਦ ਖ਼ਾਨ ਦੇ ਦਰਬਾਰ ਵਿਚ ਮੁਨਸ਼ੀਗਿਰੀ ਦੀ ਉੱਚੀ ਪਦਵੀ ਤੇ ਨਿਯੁਕਤ ਸੀ ਅਤੇ ਨਵਾਬ ਦੀਆਂ ਅਤਿਅੰਤ ਮਿਹਰਾਂ ਅਤੇ ਬਖ਼ਸ਼ਿਸ਼ਾਂ ਸਦਕਾ ਬਹੁਤ ਸੁਖ ਤੇ ਸ਼ਾਂਤੀ ਦਾ ਜੀਵਨ ਬਤੀਤ ਕਰ ਚੁਕਿਆ ਸੀ ਅਤੇ ਅਜੇ ਤਕ ਨਵਾਬ ਦੀ ਛਤਰ-ਛਾਇਆ ਹੇਠ ਪ੍ਰਸੰਨਤਾ ਭਰਪੂਰ ਤੇ ਪ੍ਰਫੁਲਤ ਜੀਵਨ ਦੀਆਂ ਖ਼ੁਸ਼ੀਆਂ ਮਾਣ ਰਿਹਾ ਸੀ।

ਆਪਣੀਆਂ ਸਾਹਿਤਕ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਉਹ ਬੜੇ ਗੌਰਵ ਨਾਲ ਲਿਖਦਾ ਹੈ ਕਿ ਉਹ ਕਵਿਤਾ ਦੇ ਪਿੜ ਵਿਚ ਬਹੁਤ ਜੱਸ ਖਟ ਚੁਕਿਆ ਸੀ ਅਤੇ ਸਾਰੇ ਉਸ ਦੀ ਪ੍ਰਮੁੱਖਤਾ ਨੂੰ ਸ੍ਵੀਕਾਰ ਕਰਦੇ ਸਨ। 'ਅਸਰਾਰਿ ਸਮਦੀ' ਵਿਚ ਦਰਜ ਸ਼ੇਖ ਸਾਅਦੀ ਦੇ ਅਤੇ 'ਮਸਨਵੀ ਗ਼ਨੀਮਤ' ਵਿਚੋਂ ਲਏ ਦੋ ਦੋ ਬੈਂਤਾਂ ਨੂੰ ਛੱਡ ਕੇ ਬਾਕੀ ਦੀ ਸਾਰੀ ਕਵਿਤਾ ਉਸਦੀ ਆਪਣੀ ਰਚਨਾ ਹੈ ਅਤੇ ਉਸਦੇ ਇਸ ਦਾਅਵੇ ਦੀ ਪੁਸ਼ਟੀ ਕਰਦੀ ਹੈ ਕਿ ਉਹ ਨਿਰਸੰਦੇਹ ਇਸ ਯੁੱਗ ਦਾ ਪ੍ਰਭਾਵਸ਼ਾਲੀ ਤੇ ਸਤਿਕਾਰਿਆ ਕਵੀ ਸੀ। 'ਅਸਰਾਰਿ ਸਮਦੀ' ਵਾਰਤਕ ਦੀ ਰਚਨਾ ਹੈ, ਪਰ ਲੇਖਕ ਨੇ ਜਿਥੇ ਆਪਣੇ ਵਿਚਾਰਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਤੇ ਜਜ਼ਬਾਤੀ ਰੰਗਤ ਵਿਚ ਪੇਸ਼ ਕਰਨਾ ਚਾਹਿਆ ਹੈ ਉਥੇ ਕਵਿਤਾ ਤੋਂ ਕੰਮ ਲਿਆ ਹੈ। ਇਸ ਦੀ ਕਵਿਤਾ ਵਿਚ ਪਕਿਆਈ ਵੀ ਹੈ ਤੇ ਸਰਲਤਾ ਵੀ। ਉਸ ਨੇ ਜਦ ਵੀ ਆਪਣੀ ਕਲਪਨਾ ਦਾ ਭਾਵਾਤਮਕ ਪ੍ਰਗਟਾ ਕਵਿਤਾ ਵਿਚ ਕਰਨਾ ਚਾਹਿਆ, ਆਪਣੇ ਵਿਚਾਰਾਂ ਨੂੰ ਵਾਰਤਕ ਵਿਚ ਦਿੱਤੇ ਵਿਚਾਰਾਂ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਤੇ ਪੁਰ-ਤਾਸੀਰ ਬਣਾ ਦਿੱਤਾ ਅਤੇ ਉਸ ਨੂੰ ਵਾਸਤਵਿਕਤਾ ਦੇ ਵੀ ਜ਼ਿਆਦਾ ਨੇੜੇ ਲੈ ਆਂਦਾ।

ਇਸੇ ਭੂਮਿਕਾ ਵਿਚ ਲੇਖਕ ਨੇ ਆਪਣੇ ਉਨ੍ਹਾਂ ਉੱਦੇਸ਼ਾਂ ਤੇ ਵੀ ਚਾਨਣਾ ਪਾਇਆ ਹੈ ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਉਸ ਨੇ ਇਹ ਉੱਤਮ ਸਾਹਿਤਕ ਕਿਰਤ ਹੋਂਦ ਵਿਚ ਲਿਆਂਦੀ ਜਿਵੇਂ ਕਿ ਦਸਿਆ ਜਾ ਚੁਕਿਆ ਹੈ, ਕਵਿਤਾ ਵਿਚ ਤਾਂ ਉਹ ਆਪਣੀ ਧਾਕ ਬਿਠਾ ਹੀ ਚੁਕਿਆ ਸੀ, ਉਹ ਹੁਣ ਵਾਰਤਕ ਵਿਚ ਕੋਈ ਸਦੀਵੀ ਯਾਦਗਾਰ ਕਾਇਮ ਕਰਨਾ ਚਾਹੁੰਦਾ ਸੀ। ਇਸੇ ਲਈ ਉਸ ਨੇ ਵਾਰਤਕ ਵਿਚ ਇਹ ਪੁਸਤਕ ਲਿਖੀ। ਇਸ ਤੋਂ ਇਲਾਵਾ, ਉਹ ਆਪਣੇ ਸਰਪਰਸਤ ਨਵਾਬ ਅਬਦੁੱਸਮਦ ਖ਼ਾਨ ਦਾ ਵੀ ਬਹੁਤ ਰਿਣੀ ਸੀ। ਉਹ ਉਸ ਦੀਆਂ ਬਖ਼ਸ਼ਿਸ਼ਾਂ ਤੇ ਅਪਾਰ ਕਿਰਪਾਵਾਂ ਦਾ ਕਰਜ਼ਾ ਚੁਕਾਣ ਲਈ ਉਸ ਦੀ ਸੈਨਿਕ ਮੁਹਿੰਮਾਂ ਦੀ ਵੀ ਸਦੀਵੀ ਯਾਦਗਾਰ ਕਾਇਮ ਕਰਨਾ ਚਾਹੁੰਦਾ ਸੀ। ਨਵਾਬ ਦੇ ਮੁਨਸ਼ੀ ਦੀ ਹੈਸੀਅਤ ਵਿਚ ਉਸ ਦੀਆਂ ਰਾਜਸੀ ਸਰਗਰਮੀਆਂ ਦੀ ਪੂਰਣ ਜਾਣਕਾਰੀ ਪ੍ਰਾਪਤ ਕਰਨ ਸਦਕਾ ਵੀ ਉਹ ਇਹ ਪੁਸਤਕ ਲਿਖਣ ਲਈ ਉੱਤੇਜਿਤ ਹੋਇਆ ਸੀ।

ਭੂਮਿਕਾ ਵਿਚ ਹੀ ਲੇਖਕ ਨੇ ਪੁਸਤਕ ਦਾ ਲਿਖਣ ਸਾਲ ਦਸਿਆ ਹੈ ਜੋ 'ਬਿਗੋ-ਨਾਮ ਅਹਿਰਾਰ-ਓ-ਅਸਰਾਰਿ ਸਮਦੀ' ਵਿਚੋਂ 1141 ਹਿਜਰੀ, ਮੁਤਾਬਕ 1728-29 ਈ. ਬਣਦਾ ਹੈ। ਇਉਂ ਇਹ ਪੁਸਤਕ ਉਸ ਨੇ ਓਦੋਂ ਲਿਖੀ ਜਦ ਉਸ ਦੇ ਸਰਪਰਸਤ ਨੂੰ ਮੁਲਤਾਨ ਆਇਆਂ ਦੋ ਵਰ੍ਹੇ ਬੀਤ ਚੁਕੇ ਸਨ।

ਲੇਖਕ ਦੇ ਅੰਤ੍ਰੀਵ ਰਾਜਸੀ ਹਾਵਾਂ-ਭਾਵਾਂ ਦੀ ਇਕ ਨਿੰਮੀ ਜੇਹੀ ਝਲਕ ਸਾਨੂੰ ਇਸ ਪੁਸਤਕ ਦੇ ਅੰਤਲੇ ਅਧਿਆਇ ਤੋਂ ਮਿਲਦੀ ਹੈ ਜਿਸ ਵਿਚ ਲੇਖਕ ਨੇ ਇਕ ਆਦਰਸ਼ਕ ਹੁਕਮਰਾਨ ਅਤੇ ਇਕ ਚੰਗੇ ਦਰਵੇਸ਼ ਦੇ ਗੁਣਾਂ ਤੇ ਆਪਣੇ ਵਿਚਾਰ ਪ੍ਰਗਟਾਏ ਹਨ। ਲੇਖਕ ਅਨੁਸਾਰ ਇਕ ਸੱਚੇ ਕੌਲ ਕਰਾਰ ਵਾਲਾ ਹੰਕਾਰ ਰਹਿਤ ਪੁਰਸ਼, ਜਿਸ ਦੀ ਕਥਨੀ ਤੇ ਕਰਨੀ ਵਿਚ ਕੋਈ ਭੇਦ ਨਾ ਹੋਵੇ, ਸਹੀ ਅਰਥਾਂ ਵਿਚ ਜਨਤਾ ਤੇ ਹਕੂਮਤ ਕਰਨ ਦੇ ਯੋਗ ਹੁੰਦਾ ਹੈ। ਬਦ-ਦਿਆਨਤੀ ਅਜੇਹੇ ਪੁਰਸ਼ ਦੇ ਨੇੜੇ ਨਹੀਂ ਢੁਕਦੀ। ਉਹ ਇੰਨਾ ਮਿੱਠ ਬੋਲੜਾ ਤੇ ਸੁਰੀਲਾ ਹੁੰਦਾ ਹੈ ਕਿ ਉਸ ਦੇ ਬੁੱਲਾਂ ਤੋਂ ਸ਼ਹਿਦ ਤੇ ਮਾਖੀ ਟਪਕਦੀ ਹੈ। ਉਸ ਦਾ ਕਰਤੱਵ ਦੁਖੀਆਂ ਦੇ ਦੁਖੜੇ ਦੂਰ ਕਰਨਾ ਅਤੇ ਅਨਾਥਾਂ ਮੁਥਾਜਾਂ ਦੀ ਰੋਜ਼ੀ ਦੇ ਵਸੀਲੇ ਪੈਦਾ ਕਰਨਾ ਹੁੰਦਾ ਹੈ। ਉਹ ਭਾਵੇਂ ਪਹਾੜ ਵਾਂਗ ਸ਼ਕਤੀਸ਼ਾਲੀ ਤੇ ਦ੍ਰਿੜ੍ਹ ਹੁੰਦਾ ਹੈ, ਪਰ ਉਸ ਵਿਚ ਬੱਦਲਾਂ ਵਾਲੀ ਦਿਆਲਤਾ ਹੁੰਦੀ ਹੈ। ਨੇਕ ਕਿਰਦਾਰ ਤੇ ਉੱਚੇ ਆਚਰਣ ਵਾਲਾ ਅਜੇਹਾ ਹੁਕਮਰਾਨ ਲੋਕਾਂ ਨੂੰ ਸਤਾਉਣ ਵਾਲੇ ਉਸ ਪਾਰਸਾ ਦਰਵੇਸ਼ ਨਾਲੋਂ ਕਿਤੇ ਚੰਗਾ ਹੁੰਦਾ ਹੈ ਜੋ ਹੰਕਾਰ ਵਿਚ ਬਦਮਸਤ ਹੋਇਆ, ਜੰਗਲਾਂ ਤੇ ਰੇਗਿਸਤਾਨਾਂ ਵਿਚ ਭੌਂਦਾ ਫਿਰਦਾ ਹੈ। ਹੰਕਾਰ ਲੇਖਕ ਲਈ ਸਭ ਤੋਂ ਜ਼ਿਆਦਾ ਨਿੰਦਣਯੋਗ ਸੁਭਾਉ ਹੈ, ਜੋ ਮਨੁੱਖ ਦੀ ਉਮਰ ਭਰ ਦੀ ਕਮਾਈ ਨੂੰ ਪਲ ਭਰ ਵਿਚ ਨਸ਼ਟ ਕਰ ਦੇਂਦਾ ਹੈ।

ਇਨ੍ਹਾਂ ਸਾਰੇ ਵਿਚਾਰਾਂ ਦਾ ਇਤਿਹਾਸ ਨਾਲ ਸਿੱਧਾ ਕੋਈ ਸਬੰਧ ਨਹੀਂ, ਪਰ ਮੱਧ ਕਾਲ ਦੇ ਜਾਗੀਰਦਾਰੀ ਯੁਗ ਦੀ ਇਸ 'ਉਪਜ' ਭਾਵ ਲੇਖਕ, ਦੇ ਅੰਤ੍ਰੀਵ ਰਾਜਸੀ ਹਾਵਾਂ-ਭਾਵਾਂ ਦੀ ਤਸਵੀਰ ਜ਼ਰੂਰ ਪੇਸ਼ ਕਰਦਾ ਹੈ।

## 'ਅਸਰਾਰਿ ਸਮਦੀ' ਦੀ ਇਤਿਹਾਸਕ ਮਹੱਤਾ

ਪੰਜਾਬ ਦੇ ਰਾਜਸੀ ਤੇ ਸਭਿਆਚਾਰਕ ਜੀਵਨ ਵਿਚ ਦੋ ਗੱਲਾਂ ਨ ਵਿਸ਼ੇਸ਼ ਪਰਿਵਰਤਨ ਲਿਆਂਦੇ ਹਨ। ਇਕ 1699 ਈ. ਵਿਚ ਖ਼ਾਲਸੇ ਦੀ ਸਿਰਜਨਾ ਨੇ, ਅਤੇ

ਦੂਜੇ 1707 ਈ. ਵਿਚ ਔਰੰਗਜ਼ੇਬ ਦੀ ਮੌਤ ਕਾਰਨ ਤਖ਼ਤ ਲਈ ਲੜੀਆਂ ਘਾਤਕ ਘਰੇਲੂ ਜੰਗਾਂ ਨੇ। ਪਹਿਲੀ ਲਹਿਰ ਇਕ ਨਵਾਂ ਤੇ ਨਰੋਆ ਸਮਾਜ ਪੈਦਾ ਕਰਨਾ ਚਾਹੁੰਦੀ ਸੀ, ਜਦ ਕਿ ਦੂਜੀ ਲਹਿਰ ਘਰੇਲੂ ਜੰਗਾਂ ਦਾ ਸ਼ਿਕਾਰ ਹੋਏ ਦੁਰਬਲ ਤੇ ਦੁਰਾਚਾਰੀ ਮੁਗ਼ਲ ਸ਼ਾਸਕਾਂ ਰਾਹੀਂ ਆਪਣੇ ਕਮਜ਼ੋਰ ਸਾਮਰਾਜ ਨੂੰ ਸੁਰਜੀਤ ਕਰਨਾ ਚਾਹੁੰਦੀ ਹੈ। ਇਹ ਦੋਵੇਂ ਵਿਰੋਧੀ ਲਹਿਰਾਂ ਸਨ, ਇਸ ਲਈ ਇਨ੍ਹਾਂ ਦੀ ਪਰਸਪਰ ਟੱਕਰ ਆਵਸ਼ੱਕ ਸੀ। ਪੰਜਾਬ ਨੇ ਇਸ ਟੱਕਰ ਲਈ ਅਖਾੜੇ ਦਾ ਕੰਮ ਕੀਤਾ। ਘਰੇਲੂ ਜੰਗਾਂ ਨੇ ਕੇਵਲ ਮੁਗ਼ਲ ਸ਼ਾਸਕਾਂ ਨੂੰ ਹੀ ਨਿਤਾਣਾ ਤੇ ਕਮਜ਼ੋਰ ਨਹੀਂ ਸੀ ਕੀਤਾ, ਸਗੋਂ ਜਿਥੇ ਕਿਤੇ ਵੀ ਕੋਈ ਸ਼ਕਤੀਸ਼ਾਲੀ ਮੁਸਲਮਾਨ ਜਾਂ ਹਿੰਦੂ ਜ਼ਿਮੀਂਦਾਰ ਸੀ, ਉਸ ਨੇ ਮੁਗ਼ਲ ਸਰਕਾਰ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ ਅਤੇ ਇਸ ਚੀਜ਼ ਨੇ ਸਾਰੇ ਪੰਜਾਬ ਵਿਚ ਇਕ ਅਸਥਿਰ ਜੇਹੀ ਸਥਿਤੀ ਪੈਦਾ ਕਰ ਦਿੱਤੀ। ਨਵਾਬ ਅਬਦੁੱਸਮਦ ਖ਼ਾਨ ਨੇ ਇਸ ਸਥਿਤੀ ਦਾ ਕਿਵੇਂ ਮੁਕਾਬਲਾ ਕੀਤਾ ਅਤੇ ਉਸ ਨੂੰ ਕਿੰਨੀ ਸਫ਼ਲਤਾ ਪ੍ਰਾਪਤ ਹੋਈ? 'ਅਸਰਾਰਿ ਸਮਦੀ' ਵਿਚ ਇਸੇ ਪ੍ਰਸ਼ਨ ਦਾ ਉੱਤਰ ਦਿੱਤਾ ਗਿਆ ਹੈ।

ਇਤਿਹਾਸ ਦੇ ਪੱਖੋਂ ਇਸ ਪੁਸਤਕ ਦੀ ਆਲੋਚਨਾ ਕਰਨ ਤੋਂ ਪਹਿਲਾਂ ਲੇਖਕ ਦੇ ਨਿਜੀ ਗੁਣਾਂ ਅਤੇ ਔਗੁਣਾਂ ਬਾਰੇ ਕੁਝ ਦੱਸਣਾ ਬਹੁਤ ਜ਼ਰੂਰੀ ਹੈ। ਪਹਿਲੀ ਗੱਲ ਜਿਹੜੀ ਲੇਖਕ ਦੇ ਹੱਕ ਵਿਚ ਜਾਂਦੀ ਹੈ, ਇਹ ਹੈ ਕਿ ਉਹ ਨਵਾਬ ਦਾ ਸਮਕਾਲੀ ਅਤੇ ਉਸ ਦੇ ਦਰਬਾਰ ਦਾ ਪ੍ਰਸਿੱਧ ਕਾਰਿੰਦਾ ਸੀ ਅਤੇ ਨਿਰਸੰਦੇਹ ਨਵਾਬ ਦੀਆਂ ਸਰਗਰਮੀਆਂ ਤੋਂ ਭਲੀ ਭਾਂਤ ਜਾਣੂ ਸੀ। ਦੂਜੀ ਗੱਲ ਇਹ, ਕਿ ਉਸ ਨੇ ਨਵਾਬ ਦੀਆਂ ਮਿਹਰਾਂ ਦਾ ਰਿਣ ਚੁਕਾਣ ਲਈ ਇਹ ਪੁਸਤਕ ਲਿਖੀ, ਪਰ ਫਿਰ ਵੀ ਉਸ ਨੇ ਕਿਸੇ ਕੋਝੇ ਪੱਖ-ਪਾਤ ਤੋਂ ਕੰਮ ਨਹੀਂ ਲਿਆ ਜੋ ਉਸ ਦੀ ਪੁਸਤਕ ਦੀ ਇਤਹਾਸਕ ਮਹੱਤਾ ਨੂੰ ਹਾਨੀ ਪੁਚਾਂਦਾ। ਉਸ ਨੇ ਨਾ ਤੇ ਮੁਗ਼ਲ ਕਰਮਚਾਰੀਆਂ ਦੇ ਔਗੁਣਾਂ ਤੇ ਪਰਦਾ ਪਾਇਆ ਹੈ, ਤੇ ਨਾ ਹੀ ਉਨ੍ਹਾਂ ਅੰਦਰ ਅਣਡਿੱਠੇ ਗੁਣ ਲੱਭਣ ਦਾ ਯਤਨ ਕੀਤਾ ਹੈ। ਉਹ ਨਵਾਬ ਅਬਦੁੱਸਮਦ ਖ਼ਾਨ ਦੇ ਵੈਰੀਆਂ ਦੇ ਗੁਣਾਂ ਤੇ ਵੀ ਪਰਦਾ ਨਹੀਂ ਪਾਉਂਦਾ ਅਤੇ ਨਾ ਹੀ ਉਨ੍ਹਾਂ ਵਿਚ ਨਿਰਮੂਲ ਔਗੁਣ ਲਭਣੇ ਚਾਹੁੰਦਾ ਹੈ। ਜੇ ਉਸ ਨੂੰ ਅਫ਼ਗ਼ਾਨ ਮੂਰਖ ਦਿੱਸੇ, ਤਾਂ ਉਸ ਨੇ ਇਸ ਗੱਲ ਦੀ ਪਰਵਾਹ ਨਾ ਕਰਦੇ ਹੋਏ, ਕਿ ਉਹ ਮੁਗ਼ਲ ਫ਼ੌਜ ਦੇ ਹੀ ਸਿਪਾਹੀ ਹਨ, ਉਨ੍ਹਾਂ ਦੀ ਮੂਰਖਤਾ ਦਾ ਭਾਂਡਾ ਚੌਰਾਹੇ ਵਿਚ ਭੰਨ ਦਿੱਤਾ। ਜੇ ਉਨ੍ਹਾਂ ਨੇ ਆਪਣੀ ਪਰਜਾ ਦੀ ਇਜ਼ਤ ਆਬਰੂ ਤੇ ਉਨ੍ਹਾਂ ਦੇ ਜਾਨ ਮਾਲ ਤੇ ਹੱਥ ਸਾਫ਼ ਕੀਤਾ, ਤਾਂ ਇਸ ਨੇ ਬੜੀ ਦਲੇਰੀ ਤੇ ਸਪਸ਼ਟਤਾ ਨਾਲ ਉਨ੍ਹਾਂ ਦਾ ਖੰਡਨ ਕੀਤਾ। ਸਿੱਖ ਉਸ ਦੇ ਮੁਗ਼ਲ ਸਰਪਰਸਤਾਂ ਵਿਰੁੱਧ ਜਾਨ ਦੀ ਬਾਜ਼ੀ ਲਾਈ ਬੈਠੇ ਸਨ ਅਤੇ ਮੁਗ਼ਲ ਅਮੀਰ ਬੰਦਾ ਬਹਾਦੁਰ ਅਤੇ ਉਸਦੇ ਸਾਥੀਆਂ ਤੋਂ ਇੰਨੇ ਭੈ-ਭੀਤ ਹੋਏ ਹੋਏ ਸਨ, ਕਿ ਕੋਈ ਉਨ੍ਹਾਂ ਦਾ ਟਾਕਰਾ ਕਰਨ ਦੀ ਸਮਰਥਾ ਨਹੀਂ ਸੀ ਰਖਦਾ, ਪਰ ਜੇ ਸਿੱਖਾਂ ਨੇ ਅਤਿ ਦੀ ਗੰਭੀਰ ਸਥਿਤੀ ਵਿਚ ਬਹਾਦੁਰੀ ਤੇ ਨਿਡਰਤਾ ਦੇ ਜੌਹਰ ਵਿਖਾਏ, ਤਾਂ ਲੇਖਕ ਨੇ ਉਨਾਂ ਦਾ ਹੂ-ਬ-ਹੂ ਚਿਤ੍ਰ ਖਿੱਚ ਦਿੱਤਾ। ਇਹ ਇਕ ਪ੍ਰਕਾਰ ਦੀ ਨਿਰਪਖਤਾ ਹੈ ਜੋ ਲੇਖਕ ਨੂੰ ਵਾਕਿਆਤ ਤਰੋੜ ਮਰੋੜ ਕੇ ਕਿਸੇ ਲੁਕਵੇਂ ਮੰਤਵ ਦੀ ਪੂਰਤੀ ਲਈ ਨਵਾਂ ਦ੍ਰਿਸ਼ਟੀਕੋਣ ਪੇਸ਼ ਕਰਨ ਤੋਂ ਵਰਜਦੀ ਹੈ, ਅਤੇ ਇਸੇ ਗੱਲ ਵਿਚ ਹੀ ਪੁਸਤਕ ਦੀ ਮਹੱਤਾ ਹੈ।

ਇਸ ਪੁਸਤਕ ਵਿਚ ਕੁਝ ਉਕਾਈਆਂ ਵੀ ਹਨ। ਲੇਖਕ ਬੁਨਿਆਦੀ ਤੌਰ ਤੇ

ਇਤਿਹਾਸਕਾਰ ਨਹੀਂ ਸੀ, ਇਸ ਲਈ ਉਹ ਆਪਣੀ ਇਸ ਰਚਨਾ ਵਿਚ ਅਜੇਹੇ ਗੁਣ ਪੈਦਾ ਨਹੀਂ ਕਰ ਸਕਿਆ ਜੋ ਇਕ ਸ੍ਰੇਸ਼ਟ ਇਤਿਹਾਸਕ ਰਚਨਾ ਦੀ ਵਿਸ਼ੇਸ਼ਤਾ ਕਹਾਉਂਦੇ ਹਨ । ਲੇਖਕ ਨੇ ਸਾਰੀ ਪੁਸਤਕ ਵਿਚ ਸਿਵਾਇ ਪੁਸਤਕ ਦੀ ਸਮਾਪਤੀ ਦੇ ਸਾਲ ਦੇ ਹੋਰ ਕੋਈ ਤਾਰੀਖ਼ ਨਹੀਂ ਦਿੱਤੀ ਅਤੇ ਇਸ ਗੱਲ ਦੇ ਬਾਵਜੂਦ, ਕਿ ਉਸ ਨੇ ਸਾਰੇ ਵਾਕਿਆਤ ਨੂੰ ਲੜੀਵਾਰ ਬਿਆਨ ਕਰਨ ਦਾ ਯਤਨ ਕੀਤਾ ਹੈ, ਤਾਰੀਖ਼ਾਂ ਦੇ ਨਾ ਹੋਣ ਕਾਰਣ ਕੁਝ ਗੁੰਝਲਾਂ ਪੈਦਾ ਹੋ ਗਈਆਂ ਹਨ, ਭਾਵੇਂ ਇਹ ਗੁੰਝਲਾਂ ਅਜੇਹੀਆਂ ਨਹੀਂ ਜੋ ਥੋੜੀ ਜੇਹੀ ਸੂਝ ਨਾਲ ਖੋਲ੍ਹੀਆਂ ਨਾ ਜਾ ਸਕਣ । ਪਰ ਫਿਰ ਵੀ ਇਹ ਗੁੰਝਲਾਂ ਹੀ ਹਨ । ਜਿਵੇਂ ਕਿ ਇਸ ਨੇ ਬੰਦਾ ਬਹਾਦੁਰ ਵਿਰੁੱਧ ਭੇਜੀ ਨਵਾਬ ਅਬਦੁੱਸਮਦ ਖ਼ਾਨ ਦੀ ਮੁਹਿੰਮ ਦਾ ਜ਼ਿਕਰ ਕਰਨਾ ਚਾਹਿਆ ਹੈ, ਪਰ ਨਾਲ ਹੀ ਸ਼ਮਸ ਖ਼ਾਨ ਤੇ ਬਾਯਜ਼ੀਦ ਖ਼ਾਨ ਵਲੋਂ ਦੁਆਬੇ ਦੀ ਧਰਤੀ ਤੇ ਹੋਈ ਉਸ ਤਬਾਹੀ ਦਾ ਵੀ ਜ਼ਿਕਰ ਕਰ ਦਿੱਤਾ ਹੈ, ਜੋ ਨਵਾਬ ਦੇ ਔਹਦਾ ਸੰਭਾਲਣ ਤੋਂ ਪਹਿਲਾਂ ਉਥੇ ਉਕਤ ਖ਼ਾਨਾਂ ਨੇ ਮਚਾਈ ਸੀ । ਅਬਦੁੱਸਮਦ ਖ਼ਾਨ ਨੂੰ 1713 ਈ. ਵਿਚ ਗਵਰਨਰ ਨਿਯੁਕਤ ਕੀਤਾ ਗਿਆ ਸੀ ਅਤੇ ਉਕਤ ਅਫ਼ਗਾਨ ਭਰਾ 1711 ਈ. ਵਿਚ ਤਾਂ ਸਿੰਘਾਂ ਦੇ ਹਥੋਂ ਮਾਰੇ ਗਏ ਸਨ । ਨਵਾਬ ਦੀ ਮੁਹਿੰਮ ਦੇ ਨਾਲ ਹੀ ਇਨ੍ਹਾਂ ਖ਼ਾਨਾਂ ਵਲੋਂ ਰਾਹੋਂ ਵਿਚ ਕੀਤੇ ਉਨ੍ਹਾਂ ਦੇ ਉਪੱਦਰ ਦਾ ਜ਼ਿਕਰ ਕਰ ਕੇ ਲੇਖਕ ਨੇ ਕੁਝ ਗੁੰਝਲ ਜ਼ਰੂਰ ਪੈਦਾ ਕਰ ਦਿੱਤੀ ਹੈ, ਪਰ ਇਸ ਦੌਰ ਦੇ ਇਤਿਹਾਸ ਨਾਲ ਜਾਣਕਾਰੀ ਰੱਖਣ ਵਾਲੇ ਵਿਦਵਾਨ ਇਸ ਗੁੰਝਲ ਵਿਚ ਫਸਦੇ ਨਹੀਂ, ਉਹ ਇਹੀ ਸਮਝਦੇ ਹਨ ਕਿ ਲੇਖਕ ਨੇ ਇਸ ਮਹੱਤਵਪੂਰਣ ਇਤਿਹਾਸਕ ਦੁਰਘਟਨਾ ਦਾ ਵਰਣਨ, ਬੰਦਾ ਬਹਾਦੁਰ ਦੀ 'ਦੇਗ ਤੇਗ਼ ਦੀ ਫ਼ਤਹ' ਦੀ ਨੀਤੀ ਨੂੰ ਵਧੇਰੇ ਜ਼ੋਰਦਾਰ ਤਰੀਕੇ ਨਾਲ ਪ੍ਰਗਟਾਉਣ ਲਈ, ਪਿਛੋਕੜ ਦੇ ਤੌਰ ਤੇ ਪੇਸ਼ ਕੀਤਾ ਹੈ ।

ਇਸ ਪੁਸਤਕ ਦੇ, ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ, ਕੁੱਲ ਸੱਤ ਅਧਿਆਇ ਹਨ । ਪਹਿਲੇ ਅਧਿਆਇ ਵਿਚ ਲੇਖਕ ਨੇ ਬੰਦਾ ਬਹਾਦਰ ਦੇ ਵਿਦ੍ਰੋਹ ਦਾ ਜ਼ਿਕਰ ਕੀਤਾ ਹੈ । ਇਸ ਨੇ ਇਸ ਵਿਦ੍ਰੋਹ ਦੇ ਕੇਵਲ ਛੇਕੜਲੇ ਭਾਗ ਦਾ ਹੀ ਹਾਲ ਦਸਿਆ ਹੈ ਅਤੇ ਬੰਦਾ ਬਹਾਦੁਰ ਨੂੰ ਮੁਗਲਾਂ ਉਤੇ ਪ੍ਰਾਪਤ ਹੋਈਆਂ ਮੁੱਢਲੀਆਂ ਜਿੱਤਾਂ ਦਾ ਵਰਣਨ ਨਹੀਂ ਕੀਤਾ, ਕਿਉਂਕਿ ਉਨ੍ਹਾਂ ਦਾ ਨਵਾਬ ਅਬਦੁੱਸਮਦ ਖ਼ਾਨ ਨਾਲ ਕੋਈ ਸਿੱਧਾ ਵਾਸਤਾ ਨਹੀਂ ਸੀ । ਇਸ ਨੇ ਸ਼ਮਸ ਖ਼ਾਨ ਤੇ ਬਾਯਜ਼ੀਦ ਖ਼ਾਨ, ਵਲੋਂ ਦੁਆਬੇ ਵਿਚ ਮਚਾਈ ਤਬਾਹੀ ਅਤੇ ਬੰਦਾ ਬਹਾਦੁਰ ਹੱਥੋਂ ਉਨ੍ਹਾਂ ਦੇ ਅੰਤਿਮ ਹਾਰ ਦਾ ਵੀ ਜ਼ਿਕਰ ਕਰ ਦਿੱਤਾ ਹੈ, ਭਾਵੇਂ ਇਹ ਵਾਕਿਆ ਨਵਾਬ ਅਬਦੁੱਸਮਦ ਖ਼ਾਨ ਦੇ ਗਵਰਨਰ ਦਾ ਪਦ ਸੰਭਾਲਣ ਤੋਂ 3 ਵਰ੍ਹੇ ਪਹਿਲਾਂ ਦਾ ਹੈ । ਸਪਸ਼ਟ ਹੈ ਕਿ ਇਸ ਲੜਾਈ ਦਾ ਅਬਦੁੱਸਮਦ ਖ਼ਾਨ ਨਾਲ ਕੋਈ ਸੰਬੰਧ ਨਹੀਂ ਸੀ । ਲੇਖਕ ਨੇ ਇਸ ਦਾ ਵਰਣਨ ਇਸ ਲਈ ਕੀਤਾ ਹੈ ਕਿ ਉਹ ਅਫ਼ਗ਼ਾਨਾਂ ਦੇ ਦੁਆਬ ਦੀ ਬੇਬਸ ਪਰਜਾ ਉਤੇ ਕੀਤੇ ਜ਼ੁਲਮਾਂ ਦੀ ਤਸਵੀਰ ਪੇਸ਼ ਕਰ ਸਕੇ ਅਤੇ ਇਹ ਦੱਸ ਸਕੇ ਕਿ ਉਕਤ ਖ਼ਾਨਾਂ ਨੂੰ ਵਾਸਤਵ ਵਿਚ ਦੁਆਬ ਦੇ ਮਜ਼ਲੂਮਾਂ ਦੀਆਂ ਆਹੀਂ ਲੈ ਡੁੱਬੀਆਂ । ਇਸ ਤੋਂ ਇਲਾਵਾ ਲੇਖਕ ਆਪਣੇ ਪਾਠਕਾਂ ਨੂੰ ਇਹ ਵੀ ਦਸਣਾ ਚਾਹੁੰਦਾ ਹੈ ਕਿ ਜ਼ਾਲਮ ਤੇ ਅਤਿਆਚਾਰੀ ਪੁਰਸ਼ ਕਦੇ ਫਲਦਾ ਫੁਲਦਾ ਨਹੀਂ । ਉਹ ਤਾਂ ਆਪਣੇ ਹੀ ਸਿਰ ਦੀ ਬਾਜ਼ੀ ਲਾਉਂਦਾ ਹੈ ਅਤੇ ਫ਼ਤਿਹ ਸਦਾ ਉਸ ਦੇ ਪੈਰ ਚੁੰਮਦੀ ਹੈ ਜੋ 'ਦੇਗ ਤੇ ਤੇਗ਼' ਨੂੰ ਇਕਠਿਆਂ ਕਰਨ ਦੀ ਸਮਰਥਾ ਰਖਦਾ ਹੋਵੇ । ਲੇਖਕ ਨੇ ਇਥੇ ਬੰਦਾ ਬਹਾਦੁਰ ਦੀ 'ਦੇਗ ਤੇਗ਼ ਫ਼ਤਹਿ' ਦੀ ਨੀਤੀ ਦਾ ਸਿੱਧੇ ਤੌਰ ਤੇ ਕੋਈ ਜ਼ਿਕਰ ਨਹੀਂ ਕੀਤਾ, ਪਰ ਅਫ਼ਗਾਨਾਂ ਉਤੇ ਪ੍ਰਾਪਤ

ਹੋਈ ਉਸ ਦੀ ਜਿੱਤ ਨੂੰ 'ਦੇਗ ਤੇਗ਼' ਦੀ ਨੀਤੀ ਦਾ ਸਿੱਟਾ ਕਹਿਣਾ ਇਤਿਹਾਸਕ ਤੌਰ ਤੇ ਬਹੁਤ ਹੀ ਮਹੱਤਵਪੂਰਣ ਗਵਾਹੀ ਹੈ ਜੋ ਉਸ ਦੌਰ ਦੇ, ਕੀ ਹਿੰਦੂਆਂ ਤੇ ਕੀ ਮੁਗ਼ਲ ਕਰਮਚਾਰੀਆਂ ਉਤੇ ਪਏ ਬੰਦਾ ਬਹਾਦੁਰ ਦੀ ਉਕਤ ਨੀਤੀ ਦਾ ਪ੍ਰਭਾਵ ਦਰਸਾਉਂਦੀ ਹੈ।

ਇਸ ਤੋਂ ਇਲਾਵਾ ਅਫ਼ਗਾਨਾਂ ਵਲੋਂ ਦੁਆਬ ਵਿਚ ਮਚਾਈ ਤਬਾਹੀ ਦੀ ਗਵਾਹੀ ਪੰਜਾਬ ਦੇ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਦੀ ਇਸ ਗ਼ਲਤੀ ਨੂੰ ਸੋਧਣ ਵਿਚ ਸਹਾਈ ਹੁੰਦੀ ਹੈ ਕਿ ਰਾਹੋਂ ਦੇ ਸਥਾਨ ਤੇ ਬੰਦਾ ਬਹਾਦਰ ਤੇ ਮੁਗ਼ਲਾਂ ਵਿਚਕਾਰ ਕੋਈ ਲੜਾਈ ਹੋਈ ਜਿਸ ਵਿਚ ਸਿੱਖ ਹਾਰ ਗਏ। ਇਸ ਲੇਖਕ ਦੇ ਉਪਰੋਕਤ ਕਥਨ ਤੋਂ ਤਾਂ ਇਹੀ ਸਿੱਧ ਹੁੰਦਾ ਹੈ ਕਿ ਇਥੇ ਸਿੱਖਾਂ ਮੁਗ਼ਲਾਂ ਵਿਚਕਾਰ ਕੋਈ ਲੜਾਈ ਨਹੀਂ ਹੋਈ, ਅਤੇ ਅਫ਼ਗਾਨਾਂ ਨੇ ਕੇਵਲ ਆਪਣੀ ਹੀ ਪਰਜਾ ਦੇ ਜਾਨ ਮਾਲ ਤੇ ਇਜ਼ਤ ਆਬਰੂ ਨਾਲ ਇਸ ਲਈ ਹੱਥ ਰੰਗੇ ਕਿ ਉਹ ਮੂਰਖਤਾ ਕਾਰਨ ਇਸ ਦੇ ਮਾੜੇ ਨਤੀਜਿਆਂ ਨੂੰ ਵਿਚਾਰ ਨਾ ਸਕੇ। ਲੇਖਕ ਨੇ ਤਾਂ ਨਹੀਂ ਦਸਿਆ, ਪਰ ਜੇ ਇਹ ਸਿੱਟਾ ਕਢ ਲਿਆ ਜਾਏ ਕਿ ਅਫ਼ਗਾਨਾਂ ਨੇ ਆਪਣੀ ਪਰਜਾ ਉਤੇ ਇਸ ਲਈ ਅਤਿਆਚਾਰ ਕੀਤੇ ਕਿ ਦੁਆਬ ਦੇ ਵਸਨੀਕ ਹੌਲੀ ਹੌਲੀ, ਚੁਪ-ਚੁਪੀਤੇ ਬੰਦਾ ਬਹਾਦੁਰ ਦੇ ਹਿਮਾਇਤੀ ਬਣਦੇ ਜਾ ਰਹੇ ਸਨ, ਤਾਂ ਇਹ ਗੱਲ ਕੋਈ ਅਤਿਕਥਨੀ ਨਹੀਂ ਕਹਿਲਾਏਗੀ। ਜੇ ਮੁਗ਼ਲ ਕਾਰਿੰਦੇ ਬੰਦਾ ਬਹਾਦਰ ਦੀ 'ਦੇਗ ਤੇਗ਼' ਦੀ ਨੀਤੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ, ਤਾਂ ਸਾਧਾਰਣ ਜਨਤਾ, ਜੋ ਦੁਰਬਲ ਮੁਗ਼ਲ ਸ਼ਾਸਕਾਂ ਦੀਆਂ ਕਮਜ਼ੋਰੀਆਂ ਤੋਂ ਪੈਦਾ ਹੋਈਆਂ ਕੁਰੀਤੀਆਂ ਤੋਂ ਸਤੀ ਪਈ ਸੀ, ਬੰਦਾ ਬਹਾਦੁਰ ਦੇ 'ਸਤਿ-ਜੁਗ' ਦੀ ਸਥਾਪਨਾ ਲਈ 'ਦੇਗ ਤੇਗ਼' ਦੀ ਨੀਤੀ ਤੋਂ ਪ੍ਰਭਾਵਿਤ ਹੋਏ ਬਿਨਾਂ ਕਿਵੇਂ ਰਹਿ ਸਕਦੀ ਸੀ।

ਇਸ ਅਧਿਆਇ ਦੀ ਇਤਿਹਾਸਕ ਮਹੱਤਾ ਇਸ ਗੱਲ ਵਿਚ ਵੀ ਹੈ ਕਿ ਇਸ ਤੋਂ ਗੁਰਦਾਸਪੁਰ ਦੀ ਲੜਾਈ ਵਿਚ ਮੁਗ਼ਲਾਂ ਹੱਥੋਂ ਹੋਈ ਸਿੱਖਾਂ ਦੀ ਹਾਰ ਦੇ ਕਾਰਣਾਂ ਦੀ ਵੀ ਸਹੀ ਤਸਵੀਰ ਉੱਘੜ ਆਉਂਦੀ ਹੈ। ਲੇਖਕ ਨੇ ਇਸ ਗੱਲ ਵਿਚ ਕੋਈ ਸੰਦੇਹ ਨਹੀਂ ਰਹਿਣ ਦਿੱਤਾ ਕਿ ਸਿੱਖਾਂ ਦੀ ਹਾਰ ਕਿਸੀ ਪ੍ਰਕਾਰ ਦੇ ਸਾਹਸ, ਦਲੇਰੀ ਜਾਂ ਨਿਡਰਤਾ ਦੇ ਘਾਟ ਕਾਰਨ ਨਹੀਂ ਹੋਈ। ਨਵਾਬ ਦੇ ਘੇਰੇ ਦੀ ਨੀਤੀ ਨੇ ਭੁੱਖ ਤੇ ਤ੍ਰੇਹ ਨਾਲ ਸਿੰਘਾਂ ਨੂੰ ਬੇਹਾਲ ਕਰ ਦਿੱਤਾ ਸੀ। ਉਹ ਭੁੱਖ ਦੇ ਸਤਾਏ ਏਕਮ ਦੇ ਚੰਨ ਵਾਂਗ ਕੁੱਬੇ ਹੋ ਗਏ ਸਨ। ਉਹ ਰੁਖਾਂ ਦੇ ਫੱਲ ਪਤੇ ਸਿਰਿਉਂ ਹੀ ਚਟਮ ਕਰ ਗਏ। ਉਹ ਮਿਟੀ ਨੂੰ ਇਉਂ ਫਕਦੇ ਸਨ ਜਿਵੇਂ ਕਿ ਉਹ ਸ਼ਕਰ ਹੋਵੇ। ਖੂਹਾਂ ਦਾ ਪਾਣੀ ਪੀ ਪੀ ਉਨ੍ਹਾਂ ਖੂਹ ਸੁਕਾ ਦਿੱਤੇ ਅਤੇ ਉਥੋਂ ਹੁਣ ਪਾਣੀ ਦੀ ਥਾਂ ਤੇ ਗਾਰ ਨਿਕਲਨ ਲੱਗੀ। ਤ੍ਰੇਹ ਦੇ ਮਾਰੇ ਸਿੰਘ ਬਾਹਰ ਨਿਕਲਦੇ ਅਤੇ ਆਪਣੇ ਵੈਰੀਆਂ ਨੂੰ ਪ੍ਰਾਰਥਨਾ ਕਰਦੇ ਕਿ ਸਾਡੇ ਗਲੇ ਤੇ ਖ਼ੰਜਰ ਚਲਾਓ, ਤਾਂ ਜੋ ਅਸੀਂ ਆਪਣੇ ਲਹੂ ਨਾਲ ਆਪਣੀ ਤ੍ਰੇਹ ਬੁਝਾਈਏ। ਇਹ ਸਨ ਉਹ ਹਾਲਾਤ, ਜਿਨ੍ਹਾਂ ਵਿਚ ਸਿੰਘਾਂ ਦੀ ਹਾਰ ਹੋਈ ਅਤੇ ਬੰਦਾ ਬਹਾਦੁਰ ਅਤੇ ਉਸ ਦੇ ਬਚੇ ਖੁਚੇ ਸਾਥੀਆਂ ਨੇ ਨਵਾਬ ਤੋਂ ਸ਼ਰਣ ਮੰਗੀ। ਉਨ੍ਹਾਂ ਦੀ ਬੇਨਤੀ ਪ੍ਰਵਾਨ ਹੋ ਗਈ ਅਤੇ ਸਿੰਘਾਂ ਨੇ ਹਥਿਆਰ ਸੁੱਟ ਦਿੱਤੇ, ਪਰ ਮਗਰੋਂ ਉਨ੍ਹਾਂ ਨੂੰ ਦਿੱਲੀ ਲਿਜਾਇਆ ਗਿਆ ਜਿਥੇ ਕਰੜੇ ਤੋਂ ਕਰੜੇ ਦੰਡ ਦੇ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਥੇ ਇਕ ਹੋਰ ਗੱਲ ਦਾ ਵਿਸ਼ੇਸ਼ ਤੌਰ ਤੇ ਵਰਣਨ ਕਰਨਾ ਬਹੁਤ ਉਚਿਤ ਹੈ। ਲੇਖਕ ਦਸਦਾ ਹੈ ਕਿ ਨਵਾਬ ਅਬਦੁੱਸਮਦ ਖ਼ਾਨ ਨੇ ਆਪ ਬੰਦਾ ਬਹਾਦੁਰ ਤੇ ਸਿੰਘਾਂ ਨੂੰ

ਦਿੱਲੀ ਦਰਬਾਰ ਵਿਚ ਪੇਸ਼ ਕੀਤਾ। ਬਾਦਸ਼ਾਹ ਨੇ ਉਸ ਨੂੰ ਨਿਵਾਜਿਆ ਅਤੇ ਸਿੰਘਾਂ ਦੀ ਹੱਤਿਆ ਕਰਨ ਮਗਰੋਂ ਨਵਾਬ ਨੂੰ ਵਿਦਾ ਕਰ ਦਿੱਤਾ, ਪਰ 1718 ਈ. ਭਾਵ ਬੰਦਾ ਬਹਾਦਰ ਦੀ ਸ਼ਹਾਦਤ ਦੇ ਦੋ ਵਰ੍ਹਿਆਂ ਮਗਰੋਂ, 1718 ਈ. ਵਿਚ ਲਿਖੀ ਮਿਰਜ਼ਾ ਮੁਹੰਮਦ ਹਾਰਿਸੀ ਦੀ ਪੁਸਤਕ 'ਇਬਰਤ ਨਾਮਾ' ਵਿਚ ਇਹ ਦਸਿਆ ਗਿਆ ਹੈ ਕਿ ਬੰਦਾ ਬਹਾਦੁਰ ਨੂੰ ਨਵਾਬ ਦੇ ਪੁੱਤਰ ਜ਼ਕਰੀਆ ਖ਼ਾਨ ਦੇ ਨਾਲ ਦਿੱਲੀ ਰਵਾਨਾ ਕੀਤਾ ਗਿਆ। 'ਫ਼ਤੂਹਾਤ ਨਾਮਾ-ਇ-ਸਮਦੀ' ਤੋਂ ਵੀ ਇਸੀ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਬਾਦਸ਼ਾਹ ਨੇ ਜ਼ਕਰੀਆ ਖ਼ਾਨ ਨੂੰ ਖ਼ਿਲਤ ਪ੍ਰਦਾਨ ਕੀਤੀ ਤੇ ਕਿਹਾ ਕਿ ਉਹ ਆਪਣੇ ਪਿਤਾ ਨੂੰ ਪਹੁੰਚਾ ਦੇਵੇ। 'ਅਸਰਾਰਿ ਸਮਦੀ' ਦਾ ਲੇਖਕ ਅਬਦੁੱਸਮਦ ਖ਼ਾਨ ਦਾ ਨਿਕਟਵਰਤੀ ਕਰਮਚਾਰੀ ਸੀ। ਇਸ ਲਈ ਉਸ ਦੀ ਗਵਾਹੀ ਨੂੰ ਸਹਿਜੇ ਹੀ ਰੱਦ ਨਹੀਂ ਕੀਤਾ ਜਾ ਸਕਦਾ, ਪਰ ਇਸ ਗੱਲ ਦੀ ਵਧੇਰੇ ਖੋਜ ਕਰਨੀ ਪਏਗੀ ਕਿ ਕੀ ਨਵਾਬ ਅਬਦੁੱਸਮਦ ਖ਼ਾਨ ਆਪ ਦਿੱਲੀ ਪੁੱਜਾ, ਜਾਂ ਉਸ ਦਾ ਪੁੱਤਰ ਜ਼ਕਰੀਆ ਖ਼ਾਨ ਸਿੱਖ ਬੰਦੀਆਂ ਨੂੰ ਨਾਲ ਲੈ ਕੇ ਦਿੱਲੀ ਗਿਆ।

ਇਸ ਅਧਿਆਇ ਦੀਆਂ ਦੋ ਹੋਰ ਗੱਲਾਂ ਵੀ ਬਹੁਤ ਮਹੱਤਾ ਰਖਦੀਆਂ ਹਨ। ਲੇਖਕ ਨੇ ਸਿੱਖਾਂ ਨੂੰ 'ਸਿੰਘਾਂ' ਲਿਖਿਆ ਹੈ ਅਤੇ ਇਨ੍ਹਾਂ ਦੀ ਸੰਪ੍ਰਦਾਇ ਨੂੰ 'ਫ਼ਿਰਕਾ-ਇ-ਨਾਨਕ-ਮਸ਼ਰਬਾਂ' ਨਾਨਕ ਦੇ ਦਸੇ ਮਾਰਗ ਤੇ ਚਲਣ ਵਾਲਿਆਂ ਭਾਵ ਨਾਨਕ ਪੰਥੀ ਦਾ ਨਾਂ ਦਿੱਤਾ ਹੈ। ਅਮਨ ਵਿਚ ਸਿੰਘਾਂ ਦੇ ਕਿਰਦਾਰ ਦਾ ਜ਼ਿਕਰ ਕਰਦਿਆਂ ਉਹ ਉਨ੍ਹਾਂ ਬਾਰੇ ਲਿਖਦਾ ਹੈ ਕਿ ਉਹ ਬੜੇ ਨਿਮਾਣੇ ਤੇ 'ਨਿਤਾਣੇ' ਅਤੇ 'ਵਿਚਾਰੇ' ਲੋਕ ਹਨ ਜੋ ਕਿਸੇ ਨੂੰ ਦੁਖ ਨਹੀਂ ਦੇਂਦੇ। 'ਅਸਰਾਰਿ ਸਮਦੀ' ਦੀ ਸਮਾਪਤੀ ਤੋਂ ਪਹਿਲੇ ਦੋ ਦਹਾਕਿਆਂ ਵਿਚ ਸਿੰਘਾਂ ਤੇ ਮੁਗ਼ਲਾਂ ਦੀਆਂ ਕਈ ਲੜਾਈਆਂ ਹੋ ਚੁਕੀਆਂ ਸਨ। 1699 ਵਿਚ ਖ਼ਾਲਸੇ ਦੀ ਸਿਰਜਨਾ ਹੋ ਚੁਕੀ ਸੀ ਅਤੇ ਅੰਮ੍ਰਿਤਧਾਰੀ ਖ਼ਾਲਸਾ ਹੋਂਦ ਵਿਚ ਆ ਚੁਕਿਆ ਸੀ। ਅਜੇਹੇ ਦੌਰ ਤੇ ਸਿੰਘਾਂ ਦੀ ਸੰਪ੍ਰਦਾਇ ਅਤੇ ਉਨ੍ਹਾਂ ਦੇ ਆਚਰਣ ਬਾਰੇ ਇਸ ਸਮਕਾਲੀ ਵਿਦਵਾਨ ਦੇ ਉਪਰੋਕਤ ਵਿਚਾਰ ਬੜੀ ਮਹੱਤਾ ਰਖਦੇ ਹਨ, ਜੋ ਵਰਤਮਾਨ ਯੁੱਗ ਦੇ ਸਰ ਜਾਦੂ ਨਾਥ ਸਰਕਾਰ ਵਰਗੇ ਕੁਝ ਇਤਿਹਾਸਕਾਰਾਂ ਵਲੋਂ ਫੈਲਾਏ ਇਸ ਭੁਲੇਖੇ ਨੂੰ ਨਵਿਰਤ ਕਰਨ ਵਿਚ ਸਹਾਈ ਹੁੰਦੇ ਹਨ ਕਿ ਖ਼ਾਲਸੇ ਦੀ ਸਿਰਜਨਾ ਨਾਲ ਸਿੱਖ ਸਹੀ ਮਾਰਗ ਤੋਂ ਭਟਕ ਗਏ ਸਨ।

ਬੰਦਾ ਬਹਾਦੁਰ ਦੀ ਸਰੀਰਕ ਸੁੰਦਰਤਾ ਅਤੇ ਮੁਗ਼ਲਾਂ ਉਤੇ ਪਏ ਉਸ ਦੀ ਦਹਿਸ਼ਤ ਦਾ ਜੋ ਚਿਤ੍ਰ ਇਸ ਸਮਕਾਲੀ ਲੇਖਕ ਨੇ ਪੇਸ਼ ਕੀਤਾ ਹੈ, ਉਹ ਵੀ ਬਹੁਮੁਲੀ ਇਤਿਹਾਸਕ ਸੂਚਨਾ ਹੈ ਜੋ ਇਸ ਪੁਸਤਕ ਤੋਂ ਪ੍ਰਾਪਤ ਹੁੰਦੀ ਹੈ।

ਦੂਜੇ ਅਧਿਆਇ ਵਿਚ ਤਿਹਾਰਾ ਦੇ ਮੁਸਲਮਾਨ ਜ਼ਿਮੀਂਦਾਰ ਈਸਾ ਖ਼ਾਨ ਮੰਜ ਅਤੇ ਉਸ ਦੇ ਪਿਤਾ ਦੌਲਤ ਖ਼ਾਨ ਦੇ ਵਿਦ੍ਰੋਹ ਨੂੰ ਦਬਾਉਣ ਲਈ ਅਬਦੁੱਸਮਦ ਖ਼ਾਨ ਦੀ ਭੇਜੀ ਮੁਹਿੰਮ ਦਾ ਵਰਣਨ ਕੀਤਾ ਗਿਆ ਹੈ। ਈਸਾ ਖ਼ਾਨ ਮੰਜ ਚਕਲਾ ਸਰਹਿੰਦ ਅਤੇ ਤਿਹਾਰਾ ਵਿਚ ਬੌਤਰ ਇਕ ਜ਼ਿਮੀਂਦਾਰ ਦੇ ਜੀਵਨ ਬਤੀਤ ਕਰ ਰਿਹਾ ਸੀ ਅਤੇ ਦਿੱਲੀ ਦੇ ਬਾਦਸ਼ਾਹ ਨੇ ਉਸ ਨੂੰ ਇਕ ਖ਼ਾਸ ਮਨਸਬ ਬਖ਼ਸ਼ਿਆ ਹੋਇਆ ਸੀ, ਪਰ ਉਸ ਨੇ ਸ਼ਾਹੀ ਸਨਮਾਨਾਂ ਅਤੇ ਆਹੁਦਿਆਂ ਦੀ ਪਰਵਾਹ ਨਾ ਕਰਦੇ ਹੋਏ ਲੁਟ-ਮਾਰ ਦਾ ਬਾਜ਼ਾਰ ਗਰਮ ਕਰ ਦਿੱਤਾ ਅਤੇ ਕਾਫ਼ਲਿਆਂ ਦੀ ਆਵਾਜਾਈ ਮੁਸ਼ਕਲ ਬਣਾ ਦਿੱਤੀ। ਨਵਾਬ ਨੇ ਪਹਿਲਾਂ ਤਾਂ ਉਸ ਨੂੰ ਸਮਝਾ ਬੁਝਾ ਕੇ ਰਾਹੇ ਪਾਉਣ ਦਾ ਯਤਨ ਕੀਤਾ, ਪਰ ਜਦ ਕੋਈ ਸਫ਼ਲਤਾ ਨਾ ਹੋਈ ਤਾਂ

ਸ਼ਹਿਦਾਦ ਖ਼ਾਨ ਕਸੂਰੀ ਨੂੰ ਉਸ ਦੇ ਵਿਰੁੱਧ ਭੇਜ ਦਿੱਤਾ। ਭਿਆਨਕ ਲੜਾਈ ਹੋਈ ਜਿਸ ਦੇ ਦੌਰਾਨ ਈਸਾ ਖ਼ਾਨ ਅਤੇ ਉਸ ਦਾ ਬਾਪ ਦੌਲਤ ਖ਼ਾਨ ਦੋਵੇਂ ਮਾਰੇ ਗਏ, ਅਤੇ ਇਲਾਕੇ ਵਿਚ ਅਮਨ ਸਥਾਪਿਤ ਹੋ ਗਿਆ। ਲੇਖਕ ਨੇ ਈਸਾ ਖ਼ਾਨ ਦੇ ਆਰੰਭਕ ਜੀਵਨ, ਉਸ ਦੀਆਂ ਚੋਰੀ-ਡਾਕੇ ਦੀਆਂ ਵਾਰਦਾਤਾਂ ਅਤੇ ਮੁਗ਼ਲ ਤਖ਼ਤ ਲਈ ਲੜੀਆਂ ਘਰੇਲੂ ਲੜਾਈਆਂ ਵਿਚ ਉਸ ਦੇ ਹਿੱਸੇ ਬਾਰੇ ਕੁਝ ਨਹੀਂ ਦਸਿਆ ਅਤੇ ਕੇਵਲ ਸਰਸਰੀ ਜੇਹੇ ਹਾਲਾਤ ਦੱਸ ਕੇ ਨਵਾਬ ਦੀ ਜਿੱਤ ਦਾ ਵਰਣਨ ਕਰ ਦਿੱਤਾ ਹੈ। ਪਰ ਇਹ ਨਹੀਂ ਭੁਲਣਾ ਚਾਹੀਦਾ ਕਿ ਵਾਸਤਵ ਵਿਚ ਉਹ ਕੋਈ ਇਤਿਹਾਸਕਾਰ ਨਹੀਂ ਸੀ। ਉਸ ਦੇ ਸਾਹਿਤਕ ਆਸ਼ੇ ਨੂੰ ਮੁਖ ਰਖਦੇ ਹੋਏ ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਉਸ ਨੇ ਈਸਾ ਖ਼ਾਨ ਮੰਜ ਬਾਰੇ ਜੋ ਕੁਝ ਵੀ ਦੱਸਿਆ ਹੈ ਉਹ ਉਸ ਸਮੇਂ ਦੇ ਉਖੜੇ ਪੁਖੜੇ ਵਾਤਾਵਰਣ ਨੂੰ ਸਮਝਣ ਲਈ ਇਤਿਹਾਸਕਾਰਾਂ ਦੀ ਜ਼ਰੂਰ ਸਹਾਇਤਾ ਕਰਦਾ ਹੈ।

ਤੀਜੇ ਅਧਿਆਇ ਵਿਚ ਹੁਸੈਨ ਖ਼ਾਨ ਅਫ਼ਗਾਨ ਦੀ ਬਗ਼ਾਵਤ ਦਾ ਜ਼ਿਕਰ ਕੀਤਾ ਗਿਆ ਹੈ। ਈਸਾ ਖ਼ਾਨ ਮੰਜ ਵਾਂਗ ਕਸੂਰ ਦੇ ਇਸ ਹੁਸੈਨ ਖ਼ਾਨ ਅਫ਼ਗਾਨ ਨੇ ਵੀ ਲਾਹੌਰ ਦੇ ਆਲੇ-ਦੁਆਲੇ ਦੇ ਇਲਾਕੇ ਵਿਚ ਊਧਮ ਮਚਾ ਰਖਿਆ ਸੀ। ਇਸ ਨੂੰ ਆਪਣੀ ਬਹਾਦੁਰੀ ਅਤੇ ਦਲੇਰੀ ਤੇ ਇੰਨਾ ਮਾਣ ਸੀ ਕਿ ਉਹ ਆਪਣੇ ਆਪ ਵਿਚ ਫੁਲਿਆ ਨਹੀਂ ਸੀ ਸਮਾਉਂਦਾ। ਇਥੋਂ ਤਕ ਕਿ ਉਸ ਨੇ ਸਰਕਾਰੀ ਮਾਲੀਏ ਨੂੰ ਹੜੱਪ ਕਰਨਾ ਸ਼ੁਰੂ ਕਰ ਦਿੱਤਾ ਅਤੇ ਲਾਹੌਰ ਦੀਆਂ ਬਾਹਰਲੀਆਂ ਬਸਤੀਆਂ ਤੇ ਵੀ ਹਮਲੇ ਸ਼ੁਰੂ ਕਰ ਦਿੱਤੇ। ਨਵਾਬ ਨੇ ਇਸ ਨੂੰ ਨਸੀਹਤਾਂ ਰਾਹੀਂ ਸੋਧਣਾ ਚਾਹਿਆ, ਪਰ ਜਦ ਉਸ ਤੇ ਕੋਈ ਅਸਰ ਨਾ ਹੋਇਆ, ਤਾਂ ਨਵਾਬੇ ਨੇ ਆਪ ਉਸ ਤੇ ਚੜ੍ਹਾਈ ਕਰ ਦਿੱਤੀ ਅਤੇ ਹੁਸੈਨ ਖ਼ਾਨ ਲੜਦਾ ਰਣ-ਭੂਮੀ ਵਿਚ ਮਾਰਿਆ ਗਿਆ। ਨਵਾਬ ਅਬਦੁੱਸਮਦ ਦੀ ਇਸ ਮੁਹਿੰਮ ਬਾਰੇ ਲੇਖਕ ਨੇ ਜਿਹੜੀ ਮਹੱਤਾ ਵਾਲੀ ਗੱਲ ਨਹੀਂ ਦੱਸੀ, ਉਹ ਇਹ ਹੈ, ਕਿ ਕਸੂਰ ਦੇ ਅਫ਼ਗਾਨ ਹੁਸੈਨ ਖ਼ਾਨ ਨੂੰ ਦਿੱਲੀ ਦਰਬਾਰ ਦੇ ਸੱਯਦ ਭਰਾਵਾਂ ਵਲੋਂ ਸ਼ਹਿ ਮਿਲ ਰਹੀ ਸੀ। ਉਹ ਨਵਾਬ ਅਬਦੁੱਸਮਦ ਖ਼ਾਨ ਲਈ ਕਠਿਨਾਈਆਂ ਪੈਦਾ ਕਰਨਾ ਚਾਹੁੰਦੇ ਸਨ ਅਤੇ ਹੁਸੈਨ ਖ਼ਾਨ ਉਨ੍ਹਾਂ ਦਾ ਹੱਥ-ਠੋਕਾ ਬਣਿਆ ਹੋਇਆ ਸੀ।

ਇਸੀ ਪ੍ਰਕਾਰ ਚੌਥੇ ਅਧਿਆਇ ਵਿਚ ਲੇਖਕ ਨੇ ਨਵਾਬ ਦੀ ਕਸ਼ਮੀਰ ਦੇ ਸ਼ੇਖ਼ ਸ਼ਰਫ਼-ਉਦ-ਦੀਨ ਕਸ਼ਮੀਰੀ ਵਿਰੁੱਧ ਭੇਜੀ ਮੁਹਿੰਮ ਦਾ ਵੀ ਇਕ ਸਤਹੀ ਜੇਹਾ ਜਾਇਜ਼ਾ ਲਿਆ ਹੈ। ਉਸ ਅਨੁਸਾਰ ਸ਼ੇਖ਼ ਸ਼ਰਫ-ਉਦ-ਦੀਨ ਬੜਾ ਵਿਦਵਾਨ ਪੁਰਸ਼ ਸੀ, ਜਿਸ ਨੇ ਆਪਣੇ ਸ਼ਰਧਾਲੂਆਂ ਨੂੰ ਨਾਲ ਗੰਢਿਆ ਅਤੇ ਕਸ਼ਮੀਰ ਦੀ ਵਾਗ-ਡੋਰ ਆਪਣੇ ਹੱਥਾਂ ਵਿਚ ਲੈ ਕੇ ਹਿੰਦੂਆਂ ਮੁਸਲਮਾਨਾਂ ਦੋਹਾਂ ਤੇ ਜ਼ੁਲਮ ਢਾਣੇ ਸ਼ੁਰੂ ਕਰ ਦਿੱਤੇ। ਕਸ਼ਮੀਰ ਨਵਾਬ ਦੇ ਅਧੀਨ ਨਹੀਂ ਸੀ। ਇਸ ਲਈ ਨਵਾਬ ਉਥੋਂ ਦੇ ਹਾਲਾਤ ਵੇਖ ਕੇ ਦੁਖੀ ਤਾਂ ਸੀ, ਪਰ ਬੇਵਸ ਸੀ ਅਤੇ ਕਿਸੇ ਹੋਰ ਸੂਬੇਦਾਰ ਦੇ ਰਾਜ ਵਿਚ ਦਖ਼ਲ ਦੇਣਾ ਅਨੁਚਿਤ ਸਮਝਦਾ ਸੀ। ਕਸ਼ਮੀਰ ਦੀ ਸਥਿਤੀ ਬਹੁਤ ਵਿਗੜੀ, ਤਾਂ ਨਵਾਬ ਨੂੰ ਕਸ਼ਮੀਰ ਦੀ ਹਕੂਮਤ ਵੀ ਸੌਂਪ ਦਿੱਤੀ ਗਈ। ਬੁਢੇਪੇ ਅਤੇ ਰਸਤੇ ਦੀਆਂ ਕਠਿਨਾਈਆਂ ਦੇ ਬਾਵਜੂਦ ਨਵਾਬ ਨੇ ਸ਼ਰਫ਼-ਉਦ-ਦੀਨ ਤੇ ਹਮਲਾ ਕਰ ਦਿੱਤਾ ਅਤੇ ਉਸ ਨੂੰ ਸ਼ਿਕਸਤ ਦਿੱਤੀ ਅਤੇ ਕਸ਼ਮੀਰ ਵਿਚ ਅਮਨ ਕਾਇਮ ਕਰ ਦਿੱਤਾ। ਨਵਾਬ ਦੀ ਇਸ ਮੁਹਿੰਮ ਬਾਰੇ ਲੇਖਕ ਨੇ ਜੋ ਕੁਝ ਨਹੀਂ ਦੱਸਿਆ, ਉਹ ਇਤਿਹਾਸਕ ਪੱਖੋਂ ਉੱਨਾ ਹੀ ਮਹੱਤਵਪੂਰਣ

ਹੈ ਜੋ ਉਸ ਨੇ ਦਸਿਆ ਹੈ; ਜਿਵੇਂ ਕਿ ਉਸਨੇ ਇਹ ਨਹੀਂ ਦਸਿਆ, ਕਿ ਸਰਫ਼-ਉਦ-ਦੀਨ ਕਸ਼ਮੀਰੀ ਕਸ਼ਮੀਰ ਦਾ ਸ਼ੇਖ਼-ਉਲ-ਇਸਲਾਮ ਸੀ ਅਤੇ ਉਸ ਦੇ ਪਿਤਾ ਮੁੱਲਾ ਮਿਹਤਵੀ ਖ਼ਾਨ ਨੇ ਕਸ਼ਮੀਰ ਦੇ ਨਾਇਬ ਨਾਜ਼ਿਮ ਵਿਰੁੱਧ ਬਗ਼ਾਵਤ ਕਰ ਕੇ ਸੁਤੰਤਰ ਰਾਜ ਸਥਾਪਿਤ ਕਰ ਲਿਆ ਸੀ ਅਤੇ ਹਿੰਦੂਆਂ ਤੇ ਸ਼ੀਆ ਮਸਲਮਾਨਾਂ ਉਤੇ ਬੇਪਨਾਹ ਅਤਿਆਚਾਰ ਢਾਣ ਲੱਗ ਪਿਆ ਸੀ। ਅੰਤ ਇਕ ਸ਼ੀਆ ਮੁਸਲਮਾਨ ਦੇ ਹੱਥੋਂ ਇਸ ਦੇ ਮਾਰੇ ਜਾਣ ਉਪਰੰਤ ਕਸ਼ਮੀਰ ਦੀ ਹਾਲਤ ਇਨੀ ਖ਼ਰਾਬ ਹੋ ਗਈ ਕਿ ਦਿੱਲੀ ਦੀ ਕੇਂਦਰੀ ਸਰਕਾਰ ਨੂੰ ਦਖ਼ਲ ਦੇਣਾ ਪਿਆ। ਸਿੱਟਾ ਇਹ ਹੋਇਆ ਕਿ ਮੁੱਲਾ ਮਿਹਤਵੀ ਖ਼ਾਨ ਦੇ ਦੋ ਪੁੱਤਰ ਵੀ ਮਾਰੇ ਗਏ, ਪਰ ਕਸ਼ਮੀਰ ਵਿਚ ਅਮਨ ਕਾਇਮ ਨਾ ਹੋ ਸਕਿਆ। ਤੰਗ ਆ ਕੇ ਮੁਗ਼ਲ ਨਾਇਬ ਨਾਜ਼ਿਮ ਨੇ ਮਿਹਤਵੀ ਖ਼ਾਨ ਦੇ ਤੀਜੇ ਪੁੱਤਰ ਸ਼ਰਫ਼-ਉਦ-ਦੀਨ ਨੂੰ ਕਸ਼ਮੀਰ ਦਾ ਸ਼ੇਖ਼ ਉਲ-ਇਸਲਾਮ ਨਿਯੁਕਤ ਕਰ ਦਿੱਤਾ, ਪਰ ਇਸ ਨਾਲ ਵੀ ਹਾਲਤ ਨਾ ਸੁਧਰੀ, ਕਿਉਂਕਿ ਸ਼ਰਫ਼-ਉਦ-ਦੀਨ ਨੇ ਆਪਣੇ ਪਿਤਾ ਵਾਲੀ ਨੀਤੀ ਜਾਰੀ ਰੱਖੀ ਅਤੇ ਹਿੰਦੂਆਂ ਤੇ ਸ਼ੀਆ ਮੁਸਲਮਾਨਾਂ ਤੇ ਕੜੀਆਂ ਬੰਦਿਸ਼ਾਂ ਲਗਾ ਦਿੱਤੀਆਂ, ਜਿਸ ਨਾਲ ਸਾਰੇ ਮੁਲਕ ਵਿਚ ਅਸ਼ਾਂਤੀ ਫੈਲ ਗਈ। ਦਿੱਲੀ ਸਰਕਾਰ ਨੇ ਸ਼ੇਖ਼ ਸ਼ਰਫ਼-ਉਦ-ਦੀਨ ਦੀਆਂ ਕਾਰਵਾਈਆਂ ਨੂੰ ਖ਼ਤਮ ਕਰਨ ਲਈ ਕਸ਼ਮੀਰ ਦੀ ਵਾਗ-ਡੋਰ ਨਵਾਬ ਅਬਦੁੱਸਮਦ ਖ਼ਾਨ ਦੇ ਸਪੁਰਦ ਕਰ ਦਿੱਤੀ ਅਤੇ ਨਵਾਬ ਨੇ ਉਥੇ ਅਮਨ ਕਾਇਮ ਕਰ ਦਿੱਤਾ। ਬੰਦਾ ਬਹਾਦੁਰ ਉਤੇ ਪ੍ਰਾਪਤ ਹੋਈ ਜਿੱਤ ਵਾਂਗ, ਕਸ਼ਮੀਰ ਦੇ ਸੁਨੀਆਂ ਉਤੇ ਨਵਾਬ ਦੀ ਇਹ ਵਿਜੈ ਵੀ ਨਵਾਬ ਦੇ ਇਕ ਸਫ਼ਲ ਸੈਨਿਕ ਸਰਦਾਰ ਹੋਣ ਦੀ ਸੂਚਨਾ ਦੇਂਦੀ ਹੈ।

ਨਵਾਬ ਅਬਦੁੱਸਮਦ ਖ਼ਾਨ ਦੇ ਬਾਗ਼ੀਆਂ ਅਤੇ ਕਸ਼ਮੀਰ ਦੇ ਸ਼ਰਫ਼-ਉਦ-ਦੀਨ ਵਿਰੁੱਧ ਰੁਝੇਵਿਆਂ ਕਾਰਨ ਮੁਲਤਾਨ ਦੇ ਜ਼ਿਮੀਂਦਾਰਾਂ, ਬਲੋਚ ਸਰਦਾਰਾਂ ਅਤੇ ਜੰਮੂ ਦੇ ਧਰਿਪ ਦੇਵ ਅਤੇ ਆਨੰਦ ਦੇਵ ਆਦਿ ਜ਼ਿਮੀਂਦਾਰਾਂ ਨੂੰ ਮਨਮਾਨੀਆਂ ਤੇ ਆਪਹੁਦਰੀਆਂ ਕਰਨ ਦੀ ਸ਼ਹਿ ਮਿਲੀ। ਪੰਜਵੇਂ ਅਧਿਆਇ ਵਿਚ ਇਨ੍ਹਾਂ ਜ਼ਿਮੀਂਦਾਰਾਂ ਦੀਆਂ ਬਗ਼ਾਵਤਾਂ ਦਾ ਵਰਣਨ ਕੀਤਾ ਗਿਆ ਹੈ। ਕਸ਼ਮੀਰ ਤੋਂ ਵਾਪਸੀ ਤੇ ਨਵਾਬ ਆਨੰਦ ਦੇਣ ਅਤੇ ਧਰਿਪ ਦੇਵ ਵਿਰੁੱਧ ਕਰੜੀ ਕਾਰਵਾਈ ਕਰਨਾ ਚਾਹੁੰਦਾ ਸੀ, ਪਰ ਆਪਣੀ ਵੱਡੀ ਬੇਗ਼ਮ ਦੇ ਅਕਾਲ ਚਲਾਣੇ ਕਾਰਣ ਉਹ ਅਜੇਹਾ ਨਾ ਕਰ ਸਕਿਆ। ਇੰਨੇ ਨੂੰ ਮੁਲਤਾਨ ਵਿਚ ਗੜਬੜ ਬਹੁਤ ਵੱਧ ਗਈ ਅਤੇ ਦਿੱਲੀ ਦੀ ਮੁਗ਼ਲ ਸਰਕਾਰ ਨੇ ਨਵਾਬ ਅਬਦੁੱਸਮਦ ਖ਼ਾਨ ਦਾ ਲਾਹੌਰ ਤੋਂ ਮੁਲਤਾਨ ਤਬਾਦਲਾ ਕਰ ਦਿੱਤਾ। ਇੱਨੇ ਸਫ਼ਲ ਨਾਜ਼ਮ ਨੂੰ ਅਚਨਚੇਤ ਲਾਹੌਰ ਤੋਂ ਮੁਲਤਾਨ ਤਬਦੀਲ ਕਰਨ ਦਾ ਕਾਰਣ ਕੀ ਸੀ? ਇਸ ਬਾਰੇ ਲੇਖਕ ਨੇ ਕੇਵਲ ਇਹੀ ਦੱਸਣਾ ਚਾਹਿਆ ਹੈ ਕਿ ਦਿੱਲੀ ਸਰਕਾਰ ਨੇ ਬਾਗ਼ੀਆਂ ਨੂੰ ਕੁਚਲਣ ਲਈ ਨਵਾਬ ਨੂੰ ਮੁਲਤਾਨ ਭੇਜਣ ਦਾ ਫ਼ੈਸਲਾ ਕੀਤਾ ਸੀ, ਪਰ ਨਵਾਬ ਇਸ ਫ਼ੈਸਲੇ ਨਾਲ ਸੰਤੁਸ਼ਟ ਨਹੀਂ ਸੀ। ਇਕ ਤਾਂ ਉਹ ਬਿਰਧ ਹੋ ਚੁੱਕਾ ਸੀ, ਦੂਜੇ ਮੁਲਤਾਨ ਦਾ ਜਲ-ਵਾਯੂ ਉਸ ਦੀ ਤਬੀਅਤ ਨੂੰ ਰਾਸ ਨਹੀਂ ਸੀ। ਉਸ ਨੇ ਪਹਿਲਾਂ ਤਾਂ ਮੁਲਤਾਨ ਜਾਣ ਤੋਂ ਨਾਂਹ-ਨੁਕਰ ਕੀਤੀ, ਪਰ ਫਿਰ ਮੁਗ਼ਲ ਸਰਕਾਰ ਦੇ ਇਸਰਾਰ ਅਤੇ ਬਾਦਸ਼ਾਹ ਲਈ ਆਪਣੀ ਵਫ਼ਾਦਾਰੀ ਦੇ ਇਜ਼ਹਾਰ ਲਈ ਉਸ ਨੇ ਮੁਲਤਾਨ ਜਾਣਾ ਸ੍ਵੀਕਾਰ ਕਰ ਲਿਆ ਅਤੇ ਲਾਹੌਰ ਦਾ ਰਾਜ-ਪ੍ਰਬੰਧ ਆਪਣੇ ਪੁੱਤਰ ਜ਼ਕਰੀਆ ਖ਼ਾਨ ਦੇ ਸਪੁਰਦ ਕਰ ਕੇ ਆਪ ਮੁਲਤਾਨ ਚਲਿਆ ਗਿਆ। ਲੱਤੀ ਦੇ ਬਾਗ਼ੀ ਜ਼ਿਮੀਂਦਾਰਾਂ ਅਤੇ ਬਲੋਚ ਸਰਦਾਰਾਂ ਨੂੰ ਨਵਾਬ ਦੇ ਆਉਣ ਦੀ ਸੂਚਨਾ

ਮਿਲੀ, ਤਾਂ ਉਹ ਨਵਾਬ ਦੇ ਨਾਂ ਦੇ ਰੁਹਬ ਅਤੇ ਦਬਦਬ ਕਾਰਣ ਆਪਮੁਹਾਰਾ ਕੁਰਾਹੇ ਤੋਂ ਹਟ ਕੇ ਰਾਹ ਤੇ ਆ ਗਏ ਅਤੇ ਨਵਾਬ ਦੀ ਅਧੀਨਤਾ ਪ੍ਰਵਾਨ ਕਰ ਲਈ। ਇਤਿਹਾਸ ਦੇ ਪੱਖੋਂ ਲੇਖਕ ਦੀ ਇਹ ਗਵਾਹੀ ਬੜੀ ਮਹੱਤਵਪੂਰਣ ਹੈ ਕਿ ਨਵਾਬ ਅਬਦੁੱਸਮਦ ਖ਼ਾਨ ਲਾਹੌਰ ਤੋਂ ਜਾਣ ਲਈ ਤਿਆਰ ਨਹੀਂ ਸੀ, ਪਰ ਜਦ ਸਰਕਾਰ ਨੇ ਆਪਣਾ ਹੁਕਮ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ, ਤਾਂ ਨਵਾਬ ਨੇ ਮੁਲਤਾਨ ਜਾਣਾ ਸ੍ਵੀਕਾਰ ਕਰ ਲਿਆ। ਜ਼ਾਹਿਰ ਹੈ ਕਿ ਨਵਾਬ ਆਪਣੀ ਰਜ਼ਾਮੰਦੀ ਨਾਲ ਮੁਲਤਾਨ ਨਹੀਂ ਗਿਆ। ਉਸ ਨੂੰ ਮਜਬੂਰ ਕਰ ਕੇ ਭੇਜਿਆ ਗਿਆ ਸੀ। ਮੁਲਤਾਨ ਪਹੁੰਚ ਕੇ ਬੁਢੇਪੇ ਦੇ ਬਾਵਜੂਦ ਨਵਾਬ ਪੰਜਾਬ ਦੇ ਬਾਗ਼ੀਆਂ ਵਿਰੁੱਧ ਕਾਰਵਾਈ ਕਰਨੋਂ ਨਾ ਟਲਿਆ, ਅਤੇ ਆਪਣੇ ਪੁੱਤਰ ਦੀ ਸਹਾਇਤਾ ਲਈ ਇਥੇ ਆਉਂਦਾ ਰਿਹਾ। ਇਉਂ ਪ੍ਰਤੀਤ ਹੁੰਦਾ ਹੈ ਕਿ ਨਵਾਬ ਦੇ ਲਾਹੌਰ ਤੋਂ ਮੁਲਤਾਨ ਤਬਾਦਲੇ ਦਾ ਫ਼ੈਸਲਾ ਕਰਨ ਲਗਿਆਂ ਮੁਗ਼ਲ ਸਰਕਾਰ ਦੀਆਂ ਅੱਖਾਂ ਸਾਮ੍ਹਣੇ, ਸਿੰਘਾਂ ਦੀਆਂ ਪੰਜਾਬ ਅੰਦਰ ਨਵੇਂ ਸਿਰਿਓਂ ਤੇਜ਼ ਸਰਗਰਮੀਆਂ ਘੁੰਮ ਰਹੀਆਂ ਸਨ। ਨਵਾਬ ਬਿਰਧ ਸੀ ਅਤੇ ਮੁਗਲ ਸਰਕਾਰ ਉਸ ਦੇ ਨੌਜਵਾਨ ਪੁੱਤਰ ਜ਼ਕਰੀਆ ਖ਼ਾਨ ਨੂੰ ਲਾਹੌਰ ਦੇ ਰਾਜ-ਪ੍ਰਬੰਧ ਦੀ ਵਾਗ-ਡੋਰ ਸੌਂਪਣਾ ਚਾਹੁੰਦੀ ਸੀ। ਜੇ ਲੇਖਕ ਨੇ ਇਸ ਬਾਰੇ ਕੁਝ ਹੋਰ ਚਾਨਣਾ ਪਾਇਆ ਹੁੰਦਾ ਤਾਂ ਸਾਡੇ ਗਿਆਨ ਵਿਚ ਬਹੁਤ ਵਾਧਾ ਹੋ ਸਕਦਾ ਸੀ।

ਜੰਮੂ ਦੇ ਧਰਿਪ ਦੇਵ ਤੇ ਆਨੰਦ ਦੇਵ ਵਿਰੁਧ ਫ਼ੌਜੀ ਕਾਰਵਾਈ ਕੁਝ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਸੀ। ਇਸ ਲਈ ਉਨ੍ਹਾਂ ਦੀਆਂ ਬਾਗ਼ੀਆਨਾ ਕਾਰਵਾਈਆਂ ਹੋਰ ਤੇਜ਼ ਹੋ ਗਈਆਂ। ਉਹ ਇੰਨੇ ਨਿਡਰ ਹੋ ਗਏ ਕਿ ਉਨ੍ਹਾਂ ਨੇ ਕਸ਼ਮੀਰ ਦੇ ਸੂਬੇਦਾਰ ਵਲੋਂ ਨਵਾਬ ਜ਼ਕਰੀਆ ਖ਼ਾਨ ਨੂੰ ਭੇਜੇ ਸਾਰੇ ਤੁਹਫ਼ੇ ਤੇ ਕੀਮਤੀ ਵਸਤੂਆਂ ਰਾਹ ਵਿਚ ਹੀ ਰੋਕ ਲਈਆਂ ਅਤੇ ਨਵਾਬ ਤੱਕ ਨਾ ਅਪੜਨ ਦਿੱਤੀਆਂ। ਜ਼ਕਰੀਆਂ ਖ਼ਾਨ ਨੇ ਉਨ੍ਹਾਂ ਬਾਗ਼ੀ ਜ਼ਿਮੀਂਦਾਰਾਂ ਤੇ ਚੜ੍ਹਾਈ ਕਰ ਦਿੱਤੀ ਅਤੇ ਸਿਆਲਕੋਟ ਦੇ ਨਾਇਬ ਫ਼ੌਜਦਾਰ ਆਦੀਨਾ ਬੇਗ ਨੂੰ ਵੀ ਬੁਲਾ ਲਿਆ। ਨਵਾਬ ਅਬਦੁੱਸਮਦ ਖ਼ਾਨ ਵੀ ਫ਼ੌਜਾਂ ਲੈ ਕੇ ਆਪਣੇ ਪੁੱਤਰ ਦੀ ਸਹਾਇਤਾ ਲਈ ਉਨ੍ਹਾਂ ਨਾਲ ਆ ਰਲਿਆ। ਤਿੰਨੇ ਸਰਦਾਰ ਜੰਮੂ ਪਹੁੰਚ ਗਏ ਅਤੇ ਧਰਿਪ ਦੇਵ ਤੇ ਆਨੰਦ ਦੇਵ ਨੇ ਹਥਿਆਰ ਸੁਟ ਦਿੱਤੇ। ਲੇਖਕ ਦੱਸਦਾ ਹੈ ਕਿ ਉਨ੍ਹਾਂ ਬਾਗ਼ੀਆਂ ਨੇ ਕਰ ਦੇਣ ਦਾ ਪ੍ਰਣ ਕਰ ਕੇ ਜਾਨ ਖ਼ਲਾਸੀ ਕਰਾਈ। ਇਸ ਸਮਕਾਲੀ ਲੇਖਕ ਦਾ ਇਹ ਕਹਿਣਾ ਕਿ ਧਰਿਪ ਦੇਵ ਅਤੇ ਆਨੰਦ ਦੇਵ ਨੇ ਕਰ ਦੇ ਕੇ ਮੁਗਲਾਂ ਤੋਂ ਪਿੱਛਾ ਛੁਡਾਇਆ, ਬੜੀ ਹੈਰਾਨ ਕਰ ਦੇਣ ਵਾਲੀ ਗੱਲ ਜਾਪਦੀ ਹੈ। ਕੀ ਇੰਨੀਆਂ ਜ਼ਬਰਦਸਤ ਤਿਆਰੀਆਂ ਕਰਨ ਅਤੇ ਰਸਤੇ ਦੀਆਂ ਕਠਿਨਾਈਆਂ ਸਹਿਣ ਮਗਰੋਂ ਬਾਗ਼ੀਆਂ ਨੂੰ ਸਹੀ ਸਲਾਮਤ ਅਪਣੇ ਇਲਾਕੇ ਵਿਚ ਰਾਜ ਕਰਨ ਦੀ ਆਗਿਆ ਦੇਣਾ ਮੁਗ਼ਲਾਂ ਦੀ ਪ੍ਰਬੰਧਕ ਕਮਜ਼ੋਰੀ ਦਾ ਪ੍ਰਤੀਕ ਨਹੀਂ ? ਕੀ ਇਸ ਗੱਲ ਤੋਂ ਇਹ ਜ਼ਾਹਿਰ ਨਹੀਂ ਹੁੰਦਾ ਕਿ ਮੁਗਲ ਸ਼ਾਸਕ ਜੰਮੂ ਦੀਆਂ ਪਹਾੜੀਆਂ ਵਿਚ ਆਪਣਾ ਸਿੱਧਾ ਮੁਗ਼ਲ ਰਾਜ ਸਥਾਪਿਤ ਕਰਨ ਦੇ ਬਿਲਕੁਲ ਅਸਮਰਥ ਸਨ ? ਲੇਖਕ ਨੇ ਭਾਵੇਂ ਇਸ ਬਾਰੇ ਕੁਝ ਨਹੀਂ ਦਸਿਆ, ਪਰ ਉਸ ਦੇ ਵਿਵਰਣ ਤੋਂ ਇਹ ਸਿੱਟਾ ਕੱਢਣਾ ਕੋਈ ਅਨਹੋਣੀ ਗੱਲ ਨਹੀਂ ਜਾਪਦੀ।

ਛੇਵੇਂ ਅਧਿਆਇ ਵਿਚ ਲੇਖਕ ਨੇ ਜੰਮੂ ਦੇ ਇਨ੍ਹਾਂ ਜ਼ਿਮੀਂਦਾਰਾਂ ਵਿਰੁੱਧ ਭੇਜੀ, ਦੂਜੀ ਮੁਹਿੰਮ ਦਾ ਜ਼ਿਕਰ ਕੀਤਾ ਹੈ। ਇਸ ਵਾਰੀ ਵੀ ਉਪ੍ਰੋਕਤ ਤਿੰਨੇ ਮੁਗਲ ਸਰਦਾਰਾਂ ਨੇ ਮਿਲ ਕੇ ਬਾਗ਼ੀਆਂ ਵਿਰੁੱਧ ਕਾਰਵਾਈ ਕੀਤੀ। ਉਨ੍ਹਾਂ ਨੂੰ ਹਰਾਇਆ ਅਤੇ ਇਕ ਵਾਰੀ ਫਿਰ

ਮੁਆਫ਼ ਕਰ ਦਿੱਤਾ । ਧਰਿਪ ਦੇਵ ਅਤੇ ਅਨੰਦ ਦੇਵ ਵਿਰੁੱਧ ਭੇਜੀ ਇਹ ਦੂਜੀ ਮੁਹਿੰਮ ਸਾਡੇ ਉਪਰੋਕਤ ਵਿਚਾਰ ਦੀ ਪੁਸ਼ਟੀ ਕਰਦੀ ਹੈ ਕਿ ਮੁਗ਼ਲ ਸ਼ਾਸਕ ਜੰਮੂ ਦੀਆਂ ਪਹਾੜੀਆਂ ਵਿਚ ਸਿੱਧੇ ਤੌਰ ਤੇ ਮੁਗਲ ਸ਼ਾਸਨ ਦੀ ਸਥਾਪਨਾ ਕਰਨ ਤੋਂ ਝਿਜਕਦੇ ਹਨ ਅਤੇ ਸਥਾਨਿਕ ਸਰਦਾਰਾਂ ਦੀ ਸਹਾਇਤਾ ਤੋਂ ਬਿਨਾਂ ਉਥੋਂ ਦੇ ਵਸਨੀਕਾਂ ਨੂੰ ਆਪਣੇ ਅਧੀਨ ਰੱਖਣਾ ਆਪਣੇ ਵੱਸ ਦਾ ਰੋਗ ਨਹੀਂ ਸਨ ਸਮਝਦੇ ।

ਜੰਮੂ ਦੇ ਸਰਦਾਰਾਂ ਵਿਰੁੱਧ ਇਸ ਦੂਜੀ ਮੁਹਿੰਮ ਦੇ ਦੌਰਾਨ ਕਾਂਗੜਾ ਦਾ ਕਟੋਚ ਸਰਦਾਰ ਮੁਗਲਾਂ ਦੇ ਨਾਲ ਉਨ੍ਹਾਂ ਦੀ ਸਹਾਇਤਾ ਕਰ ਰਿਹਾ ਸੀ । ਮੁਗ਼ਲਾਂ ਨੇ ਉਸ ਨੂੰ ਨਜ਼ਰਬੰਦ ਕਰ ਕੇ ਉਸ ਦੇ ਇਲਾਕੇ ਨੂੰ ਨਸ਼ਟ ਕਰ ਦਿੱਤਾ। ਇਸ ਦਾ ਕਾਰਣ ਲੇਖਕ ਨੇ ਇਹ ਦੱਸਣਾ ਚਾਹਿਆ ਹੈ ਕਿ ਪਹਿਲਾਂ ਇਕ ਵਾਰੀ ਕਟੋਚ ਸਰਦਾਰ ਨੇ ਵਿਦ੍ਰੋਹ ਕੀਤਾ ਸੀ ਅਤੇ ਇਸ ਲਈ ਉਸ ਦੀ ਸ਼ਕਤੀ ਨੂੰ ਜਿਉਂ ਦਾ ਤਿਉਂ ਰਹਿਣ ਦੇਣਾ ਠੀਕ ਨਹੀਂ ਸੀ । ਇਥੇ ਵੀ ਸਾਨੂੰ ਹੈਰਾਨੀ ਹੁੰਦੀ ਹੈ ਕਿ ਮੁਗਲਾਂ ਨੇ ਆਨੰਦ ਦੇਵ ਤੇ ਧਰਿਪ ਦੇਵ ਨੂੰ ਤਾਂ ਮੁਆਫ਼ ਕਰ ਦਿੱਤਾ, ਪਰ ਆਪਣੇ ਸਹਾਇਕ ਕਟੋਚ ਸਰਦਾਰ ਨੂੰ ਗਰਿਫ਼ਤਾਰ ਕਰ ਕੇ ਉਸਦੇ ਰਾਜ ਨੂੰ ਧੋਖੇ ਨਾਲ ਨਸ਼ਟ ਕਰ ਦਿੱਤਾ । ਮਿਤ੍ਰਾਂ ਅਤੇ ਵੈਰੀਆਂ ਵਿਰੁੱਧ ਅਜੇਹੀ ਬੇਮੇਲ ਨੀਤੀ ਸਿਵਾਇ ਇਸ ਗੱਲ ਦੇ ਕਿ ਇਹ ਮੁਗਲਾਂ ਦੀ ਪ੍ਰਬੰਧਕ ਕਮਜ਼ੋਰੀ ਨੂੰ ਨੰਗਿਆਂ ਕਰੇ, ਹੋਰ ਕੁਝ ਸਾਬਤ ਨਹੀਂ ਕਰਦੀ ।

ਇਸਦੇ ਮਗਰੋਂ ਲੇਖਕ ਨੇ ਕਾਬੁਲ ਦੀ ਸਰਹੱਦ ਤੇ ਬੈਠੇ ਆਬੀ ਦੇ ਜ਼ਿਮੀਂਦਾਰਾਂ ਵਿਰੁੱਧ ਮੁਗਲਾਂ ਦੀ ਸਫ਼ਲ ਕਾਰਵਾਈ ਦਾ ਜ਼ਿਕਰ ਵੀ ਕੀਤਾ ਹੈ ਜਿਸ ਸਦਕਾ ਉਨ੍ਹਾਂ ਬਾਗ਼ੀ ਜ਼ਿਮੀਂਦਾਰਾਂ ਨੇ ਕਰ ਦੇਣ ਦਾ ਵਚਨ ਦੇ ਕੇ ਮੁਗਲਾਂ ਦੀ ਅਧੀਨਗੀ ਪ੍ਰਵਾਨ ਕਰ ਲਈ ।

ਉਪਰੋਕਤ ਸੰਖੇਪ ਜੇਹੀ ਬਹਿਸ ਤੋਂ 'ਅਸਰਾਰਿ ਸਮਦੀ' ਦੀ ਇਤਿਹਾਸਕ ਮਹੱਤਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ । ਨਵਾਬ ਅਬਦੁੱਸਮਦ ਖ਼ਾਨ ਦੇ ਜੀਵਨ ਅਤੇ 17.3 ਤੋਂ 1737 ਈ: ਤੱਕ ਦੇ ਪੰਜਾਬ ਦੇ ਰਾਜਸੀ ਤੇ ਸਮਾਜੀ ਵਾਤਾਵਰਣ ਤੇ ਜੋ ਚਾਨਣਾ ਇਹ ਪੁਸਤਕ ਪਾਉਂਦੀ ਹੈ ਉਹ ਇਤਿਹਾਸਕਾਰਾਂ ਨੂੰ ਇਸ ਸਮੇਂ ਦੀਆਂ ਕਈ ਗੁੰਝਲਾਂ ਖੋਲ੍ਹਣ ਵਿਚ ਬਹੁਤ ਸਹਾਈ ਹੋ ਸਕਦੀ ਹੈ ।

ਅੰਤ ਵਿਚ ਇਸ ਪੁਸਤਕ ਦੇ ਪੰਜਾਬੀ ਉਲਥੇ ਬਾਰੇ ਵੀ ਕੁਝ ਦਸਣਾ ਨਿਹਾਇਤ ਜ਼ਰੂਰੀ ਹੈ । ਇਹ ਪੁਸਤਕ ਫ਼ਾਰਸੀ ਵਾਰਤਕ ਦੀ ਇਕ ਅਤਿ ਗੁੰਝਲਦਾਰ ਸ਼ੈਲੀ ਦਾ ਨਮੂਨਾ ਪੇਸ਼ ਕਰਦੀ ਹੈ । ਲੇਖਕ ਦਾ ਮੰਤਵ ਵੀ, ਜਿਵੇਂ ਕਿ ਦਸਿਆ ਜਾ ਚੁਕਿਆ ਹੈ, ਫ਼ਾਰਸੀ ਵਾਰਤਕ ਵਿਚ ਆਪਣਾ ਸਿੱਕਾ ਜਮਾਉਣਾ ਸੀ । ਇਸੇ ਲਈ ਉਸ ਨੇ ਇਕ ਬੜੀ ਔਖੀ ਤੇ ਪੇਚੀਦਾ ਸ਼ੈਲੀ ਨੂੰ ਅਪਣਾਇਆ । ਫ਼ਾਰਸੀ ਮੁਹਾਵਰਿਆਂ ਤੇ ਤਰਕੀਬਾਂ ਦੀ ਪੇਚੀਦਾ ਵਰਤੋਂ ਨੇ ਅਨੁਵਾਦਕ ਲਈ ਵੀ ਬੜੀਆਂ ਕਠਿਨਾਈਆਂ ਪੈਦਾ ਕਰ ਦਿੱਤੀਆਂ, ਪਰ ਅਨੁਵਾਦਕ ਨੇ ਯਤਨ ਇਹੀ ਕੀਤਾ ਹੈ ਕਿ ਪੁਸਤਕ ਦਾ ਪੰਜਾਬੀ ਰੂਪ ਪੇਸ਼ ਕਰਨ ਲਗਿਆਂ ਲੇਖਕ ਦੇ ਵਿਚਾਰਾਂ ਦਾ ਸਹੀ ਰੂਪ ਪਾਠਕਾਂ ਦੇ ਸਾਮ੍ਹਣੇ ਪੇਸ਼ ਕੀਤਾ ਜਾਏ ਅਤੇ ਕਿਸੇ ਪ੍ਰਕਾਰ ਦਾ ਵਧਾ-ਘਟਾ ਕੀਤੇ ਬਿਨਾਂ ਹਰ ਸ਼ਬਦ ਦਾ ਸਹੀ ਤੇ ਸਿਧੇ ਤੌਰ ਤੇ ਅਨੁਵਾਦ ਕਰੇ । ਉਸ ਦੇ ਇਸ ਯਤਨ ਨੇ ਪੰਜਾਬੀ ਉਲਥੇ ਵਿਚ ਉਹੀ ਪੇਚੀਦਗੀਆਂ ਰਹਿਣ ਦਿੱਤੀਆਂ, ਜੋ ਇਸ ਦੇ ਫ਼ਾਰਸੀ ਰੂਪ ਵਿਚ ਹਨ, ਪਰ ਇਹ ਆਵੱਸ਼ਕ ਸੀ, ਕਿਉਂਕਿ ਇਤਿਹਾਸ ਦੇ ਸੋਮੇਂ ਦੇ ਤੌਰ ਤੇ ਪੁਸਤਕ

ਦੀ ਅਸਲੀਅਤ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਸੀ । ਜੇ ਸ਼ੈਲੀ ਵਿਚ ਸਰਲਤਾ ਪੈਦਾ ਕਰ ਕੇ ਪੁਸਤਕ ਦੀ ਇਤਿਹਾਸ ਦੇ ਸੋਮੇ ਦੇ ਤੌਰ ਤੇ ਮਹੱਤਾ ਨੂੰ ਹਾਨੀ ਪੁਜਦੀ ਹੋਵੇ, ਤਾਂ ਸਰਲਤਾ ਨੂੰ ਕੁਰਬਾਨ ਕਰਨਾ ਹੀ ਚਾਹੀਦਾ ਹੈ । ਪਰ ਅਨੁਵਾਦਕ ਨੇ ਇਸ ਦੀ ਮਹੱਤਾ ਨੂੰ ਵੀ ਕਾਇਮ ਰਖਿਆ ਹੈ, ਅਤੇ ਸਰਲਤਾ ਨੂੰ ਵੀ ਕੁਰਬਾਨ ਨਹੀਂ ਹੋਣ ਦਿੱਤਾ ।

—ਗੁਰਬਖ਼ਸ਼ ਸਿੰਘ
ਸਹਾਇਕ ਡਾਇਰੈਕਟਰ

# ਕਿਰਪਾਲੂ ਤੇ ਦਿਆਲੂ ਪਰਮਾਤਮਾ ਦੇ ਨਾਉਂ ਨਾਲ ਆਰੰਭ ਕਰਦਾ ਹਾਂ

ਗੱਲ ਬਾਤ ਦਾ ਆਰੰਭ ਰੱਬ ਦੇ ਨਾਉਂ ਨਾਲ ਕਰਦਾ ਹਾਂ, ਜਿਸ ਨੇ ਬੀਰ ਬਹਾਦਰਾਂ ਦੀ ਜੌਹਰਦਾਰ ਤਲਵਾਰ ਦੇ ਕਬਜ਼ੇ ਦੇ ਮੁੱਠੇ ਨੂੰ ਮੋਤੀ ਵਰ੍ਹਾਉਣ ਵਾਲੇ ਬੱਦਲ ਦੀ ਚਮਕ-ਦਮਕ ਬਖ਼ਸ਼ ਕੇ ਆਪਣੇ ਨਿਆਂ ਦੀ ਸਿੰਜਾਈ ਨਾਲ ਸੰਸਾਰ ਦੇ ਚਾਰੇ ਪਾਸਿਆਂ ਦੇ ਚਾਰ ਬਾਗ਼ਾਂ ਨੂੰ ਹਰਿਆ ਭਰਿਆ ਕਰ ਦਿੱਤਾ, ਅਤੇ ਬਹਾਦਰੀ ਦੀ ਕਮਾਣ ਦੀ ਖਿਚਾਵਟ ਨਾਲ ਚਿੱਲੇ ਵਿਚੋਂ ਪਾਰ ਹੋ ਜਾਣ ਵਾਲੇ ਤੀਰ ਦੇ ਦੰਦੇ ਜਿਹੇ ਜਿਗਰ ਖਾਣ ਵਾਲੇ ਹਜ਼ਾਰ ਜ਼ਖ਼ਮਾਂ ਦਾ ਡਰ ਮਗਰਮੱਛ ਦੇ ਦਿਲ ਵਿਚ ਪੈਦਾ ਕਰ ਕੇ ਤਬਾਹੀ ਦੀ ਸ਼ਰਾਰਤ ਕਰਨ ਵਾਲੇ ਚੀਤੇ ਦੇ ਬੰਦ ਬੰਦ ਨੂੰ ਖਿੱਚ-ਧੂਹ ਅਤੇ ਪਰੇਸ਼ਾਨੀ ਵਿਚ ਪਾ ਦਿੱਤਾ। ਸ੍ਰਿਸ਼ਟੀ ਦਾ ਪ੍ਰਗਟਾਵਾ ਕਰਨ ਵਾਲੇ ਸ਼ੀਸ਼ੇ ਨੂੰ ਸਮੇਂ ਦੇ ਹਾਕਮਾਂ ਦੇ ਨਿਆਂ ਦੀ ਪਾਲਿਸ਼ ਨਾਲ ਨਿਗੁਣੇ ਜ਼ਾਲਮਾਂ ਅਤੇ ਖ਼ੂਨ ਖ਼ਰਾਬਾ ਕਰਨ ਵਾਲਿਆਂ ਦੇ ਜ਼ੁਲਮ ਤੋਂ ਸਾਫ਼ ਕਰ ਕੇ ਸੰਸਾਰ ਦੇ ਹਾਲ ਪ੍ਰਗਟਾਉਣ ਵਾਲਾ ਬਣਾ ਦਿੱਤਾ ਅਤੇ ਸੰਸਾਰ ਦੀ ਕਾਢ ਦੀ ਲਿਖਤ (ਆਦਮੀਆਂ) ਨੂੰ ਉੱਚੀ ਪਦਵੀ ਵਾਲੇ ਹਾਕਮਾਂ ਦੇ ਸ਼ੁੱਧ ਕਰਨ ਵਾਲੇ ਸ਼ਿਕੰਜੇ ਨਾਲ ਦੁਰਾਚਾਰੀਆਂ ਦੇ ਅਤਿਆਚਾਰਾਂ ਤੋਂ ਪੈਦਾ ਹੋਈ ਫੁੱਟ ਤੋਂ ਮੁਕਤ ਕਰਾਇਆ ਅਤੇ ਦਿਲਜਮੀ ਨਾਲ ਇਕੱਠਾ ਕਰ ਦਿੱਤਾ। ਸੁਰਾਹੀ ਨੂੰ ਪੱਥਰ ਤੋਂ ਬਚਾ ਕੇ ਰੱਖਣਾ ਉਸ (ਰੱਬ) ਦਾ ਕੰਮ ਹੈ ਅਤੇ ਪਿਆਲੇ ਦੀ ਠੀਕਰੀ ਨੂੰ ਮਹਿਫ਼ਲ ਦਾ ਗੁਲਦਸਤਾ ਬਣਾਉਣਾ ਉਸ ਦੀ ਬਹਾਰ ਦਾ ਜੋਸ਼ ਹੈ। ਅੰਗੂਰ ਦੇ ਪਾਣੀ ਨੇ ਉਸ ਦੇ ਇਸ਼ਕ ਦੇ ਜੋਸ਼ ਤੋਂ ਅੱਗ ਦੀ ਹਾਲਤ (ਤੇਜ਼ੀ) ਪ੍ਰਾਪਤ ਕੀਤੀ ਅਤੇ ਲਾਲ ਦੀ ਅੱਗ ਨੇ ਉਸ ਦੀ ਸੱਤਾ ਦੀ ਬਰਕਤ ਨਾਲ ਪਾਣੀ ਤੋਂ ਰੰਗ ਪ੍ਰਾਪਤ ਕੀਤਾ। ਫੁੱਲ ਦਾ ਪ੍ਰੀਤਮ ਆਪਣੀ ਅਦੁੱਤੀ ਸੁੰਦਰਤਾ ਦੇ ਵਿਖਾਵੇ ਨਾਲ ਬਾਗ਼ ਦੀ ਮਜਲਸ ਨੂੰ ਸਜਾਉਣ ਵਾਲਾ ਹੋ ਗਿਆ ਅਤੇ ਪੋਸਤ ਦਾ ਫੁੱਲ ਆਪਣੀ ਸੰਸਾਰ ਤੇ ਛਾਈ ਹੋਈ ਸੁੰਦਰਤਾ ਦੇ ਪਿਆਲੇ ਵਿਚ ਵਿਛੋੜੇ ਦੀ ਅੱਗ ਦੀ ਚਾਹ ਵਾਲੀ ਸ਼ਰਾਬ ਕਾਰਣ ਲਾਲ ਦਾਗ਼ ਲਵਾ ਬੈਠਾ। ਸੋਸਨ ਫੁੱਲ ਦੀ ਲੈਲਾ ਦੇ ਚਿਹਰੇ ਤੇ ਉਸ ਦੀ ਸੁੰਦਰਤਾ ਦੀਆਂ ਅਣਗਿਣਤ ਸਿਫ਼ਤਾਂ ਨੂੰ ਬਿਆਨ ਕਰਨ ਸਦਕਾ ਪਸ਼ੇਮਾਨੀ ਦੀ ਕਾਲਖ਼ ਮਲੀ ਗਈ ਅਤੇ ਬਾਲਛੜ ਦੇ ਮਜਨੂੰ ਦਾ ਸ਼ਰੀਰ ਉਸ ਦੇ ਗੁਣਾਂ ਦੇ ਅਮੁੱਕ ਵਣਾਂ ਦੀ ਚਾਹ ਦੇ ਕਾਰਨ ਫ਼ਰਹਾਦ ਦੇ ਨਾ ਠੀਕ ਹੋਣ ਵਾਲੇ ਵਾਲਾਂ ਦੀ ਤਰ੍ਹਾਂ ਹੋ ਗਿਆ ਅਤੇ ਉਸ ਦੇ ਇਸ਼ਕ ਭਰਪੂਰ ਸ਼ੀਰੀਂ ਦੀਆਂ ਕੌੜੀਆਂ ਗੱਲਾਂ ਸੁਣ ਕੇ ਉਸ ਨੇ ਸਿਰ ਵਿਚ ਤੇਸਾ ਮਾਰਿਆ। ਮੁਰਗੇ ਦੇ ਤਾਜ ਦੇ ਖ਼ੁਸਰੋ ਨੇ ਉਸ ਦੇ ਪ੍ਰੇਮ ਦੇ ਬੇਸਤੂਨ ਪਹਾੜ ਦੇ ਸ਼ਹੀਦਾਂ ਦੀ ਖ਼ਬਰ ਸੁਣ ਕੇ ਰੰਗਦਾਰ ਕੱਪੜੇ ਪਾਏ। ਦਰਦਮੰਦ ਇਸ਼ਕਪੇਚਾ ਉਸਦੇ ਇਸ਼ਕ ਦੇ ਦਰਦ ਦੇ ਕਾਰਣ ਵਿਆਕੁਲ ਹੋ ਗਿਆ ਅਤੇ ਦਾਗ਼ਦਾਰ ਅਨਾਰ ਨੇ ਉਸ ਦੇ

P.U.P.—911

ਪਿਆਰ ਦੇ ਦਾਗ਼ ਦੇ ਕਾਰਨ ਜਿਗਰ ਵਿਚ ਦੰਦ ਖੋਭ ਲਏ । ਵਿਆਹੁਲੀ ਕਲੀ ਉਸ ਦੇ ਭੇਤ ਰੱਖਣ ਦੇ ਕਾਰਨ ਭੇਤਾਂ ਦਾ ਭੰਡਾਰ ਬਣ ਗਈ ਅਤੇ ਉਸ ਦੇ ਨਿਆਂ ਦੀ ਸਵੇਰ ਦੀ ਖ਼ੁਸ਼ਬੂ-ਦਾਰ ਹਵਾ ਨੇ ਤੱਕਣ ਵਾਲੀ ਤ੍ਰੇਲ ਨੂੰ ਬਾਗ਼ ਦੇ ਫੁੱਲ ਤੋੜਨ ਵਾਲਿਆਂ ਦੇ ਕਬਜ਼ੇ ਤੋਂ ਬਚਾਉਣ ਲਈ ਘਾ ਦੀ ਹਰ ਨੋਕ ਦੀ ਸੂਲੀ ਉਤੇ ਚੜ੍ਹਾ ਦਿੱਤਾ । ਕਲੀ ਦੀ ਅੱਖ ਉਸ ਦੇ ਪ੍ਰਕਾਸ਼ ਦੇ ਉਦੈ-ਸਥਾਨ ਦੇ ਦੀਦਾਰ ਦੀ ਬਹਾਰ ਵੇਖ ਕੇ ਜੋਸ਼ ਵਿਚ ਹੈ ਅਤੇ ਨਰਗਸ ਦੀ ਅੱਖ ਉਸ ਦੀ ਸਦਾਬਹਾਰ ਸੰਪੂਰਣ ਸੁੰਦਰਤਾ ਦੇ ਦ੍ਰਿਸ਼ ਵੇਖਣ ਲਈ ਅਸਚਰਜਤਾ ਵਿਚ ਹੈ ਅਤੇ ਸੁਤੰਤਰ ਸਰੂ ਤਿੱਤਰ ਦੇ ਤੌਕ ਤੋਂ ਭਗਤੀ ਦਾ ਕੁੰਡਲ ਕੰਨ ਵਿਚ ਪਾ ਕੇ ਹਰ ਸਵੇਰ ਅਸਮਾਨ ਨੂੰ ਓਟ ਦੇਣ ਵਾਲੇ ਦਰਬਾਰ ਵਿਚ ਪੇਸ਼ ਹੋਣ ਦੇ ਸਥਾਨ ਤੇ ਇਕ ਲੱਤ ਭਾਰ ਖਲੋਤਾ ਹੈ । ਸ਼ਮਸ਼ਾਦ ਦੀ ਪ੍ਰੀਤਮਾ ਸਿਰ ਤੋਂ ਪੈਰਾਂ ਤਕ ਆਪਣੇ ਨਿਰਦਈ ਕੱਦ ਦੇ ਹੁੰਦਿਆਂ ਵੀ ਵਿਛੋੜੇ ਦੇ ਸੋਗ ਵਿਚ ਬੈਂਤ ਦੀ ਜ਼ੁਲਫ਼ ਦੀ ਤਰ੍ਹਾਂ ਸਿਰ ਦੇ ਵਾਲ ਖੁਲ੍ਹੇ ਰਖਦਾ ਹੈ । ਹਰੇ ਕਪੜਿਆਂ ਵਾਲੇ ਚਨਾਰ ਦਾ ਨਿਮਰਤਾ ਦਾ ਹੱਥ ਦਿਨ ਰਾਤ ਉਸ ਦੇ ਦਰਬਾਰ ਵਿਚ ਅੱਡਿਆ ਹੋਇਆ ਹੈ । ਵੇਦ-ਪਾਠੀ ਬੈਂਤ ਦੇ ਹਰ ਪੱਤੇ ਦੀ ਪ੍ਰੇਮ ਭਰੀ ਜੀਭ ਨਾਲ ਗੱਲ ਬਾਤ ਕਰਦਾ ਹੈ ਅਤੇ ਉਸ ਦਾ ਅੰਗ ਅੰਗ ਨਿਮਰਤਾ ਦੇ ਸਿਜਦੇ ਵਿਚ ਲੱਗਾ ਹੋਇਆ । ਸਵੇਰ ਦੀ ਰੁਮਕਦੀ ਹਵਾ ਉਸ ਦੇ ਭੇਤਾਂ ਦੇ ਪਿਆਰ ਵਿਚ ਆ ਕੇ ਹਰ ਮਹਿਫ਼ਲ ਵਿਚ ਉਸ ਦੇ ਭੇਤ ਖੋਲ੍ਹਣ ਵਾਲੀ ਬਣੀ ਹੋਈ ਹੈ ਅਤੇ ਉਸ ਦੇ ਸਾਫ਼ ਪਾਣੀ ਦੇ ਦਿਲ ਦਾ ਮੋਤੀ ਉਸ ਦੇ ਪ੍ਰਕਾਸ਼ ਦੇ ਸੂਰਜ ਦੀ ਚਮਕ ਨਾਲ ਹਰ ਸਵੇਰ ਪੰਘਰਦਾ ਹੈ । ਵਿਆਕੁਲ-ਚਿਤ ਬੁਲਬੁਲ ਹਰ ਤਰ੍ਹਾਂ ਆਪਣੀ ਚੁੰਝ ਦੀ ਕਲੀ ਨੂੰ ਉਸ ਦੇ ਗੁਣ ਗਾਉਣ ਲਈ ਫੁੱਲ ਨਾਲ ਇਕਸੁਰ ਹੁੰਦੀ ਹੈ । ਫੁੱਲ ਦੀ ਉਸ ਸਮੱਸਿਆ ਸੰਬੰਧੀ, ਜਿਹੜੀ ਹੱਲ ਨਹੀਂ ਹੋ ਸਕਦੀ, ਕੋਈ ਸ਼ਬਦ ਨਹੀਂ ਬੋਲਦੀ । ਘੁੱਗੀ ਦੁਖ ਤੇ ਦਰਦ ਨਾਲ ਅਨੁਕੂਲਤਾ ਕਰਕੇ ਹਰ ਤਰ੍ਹਾਂ ਆਪਣੇ ਆਪ ਨੂੰ ਅਦ੍ਵੈਤਵਾਦ ਦੇ ਬਾਗ਼ ਦੇ ਉਸ ਸਰੂ ਦੇ ਦਾਸਾਂ ਵਿਚ ਗਿਣਦੀ ਹੈ । ਉਸ ਵਿਚ ਏਨੀ ਸੱਤਾ ਕਿਥੇ ਕਿ ਉਸ ਬੇਪਰਵਾਹ ਪ੍ਰੀਤਮ ਦੀ ਪ੍ਰਸ਼ੰਸਾ ਦੀ ਸਿਖ਼ਰ ਉਤੇ ਉੱਡਣ ਦਾ ਉਪਰਾਲਾ ਕਰੇ ।

ਮੈਂ ਸਮਦ (ਰੱਬ) ਦੀ ਪ੍ਰਸ਼ੰਸਾ ਵਿਚ ਕਵਿਤਾ ਰਚਦਾ ਹਾਂ,
ਕਿਉਂਕਿ ਆਦਮੀ, ਦੇਵਤੇ ਤੇ ਦਰਿੰਦੇ ਵੀ ਉਸ ਦੇ ਪ੍ਰਸ਼ੰਸਕ ਹਨ ।
ਉਸ ਦਾ ਨਾਂ ਲੈ ਕੇ ਆਦਮੀ ਲੜਾਈ ਵਿਚ ਦਲੇਰ ਹੋ ਜਾਂਦੇ ਹਨ ।
ਉਸ ਦੇ ਸੁਭਾਗ ਤੋਂ ਕੁੱਤੇ ਸ਼ੇਰਾਂ ਜਿਹੇ ਬਹਾਦਰ ਬਣ ਜਾਂਦੇ ਹਨ ।
ਉਸ ਦੇ ਦਰਿਆ ਤੋਂ ਤਲਵਾਰ ਦੀ ਧਾਰ ਤਪ ਜਾਂਦੀ ਹੈ ।
ਉਸ ਦੇ ਪ੍ਰੇਮ ਤੋਂ ਹਰ ਦਿਮਾਗ਼ ਵਿਚ ਸ਼ਰਾਬ ਦਾ ਨਸ਼ਾ ਹੋ ਜਾਂਦਾ ਹੈ ।
ਉਸ ਦਾ ਦਰ ਸਾਰੇ ਸੰਤਾਂ ਦਾ ਪ੍ਰਾਰਥਨਾ-ਸਥਾਨ ਹੈ ।
ਯਹਯਾ (ਯਹੂਦੀਆਂ ਦਾ ਦੇਵਤਾ) ਤੇ ਜ਼ਕਰੀਆ[1] (ਈਸਾਈ ਸੰਤ) ਵੀ ਉਸ ਦੇ

---

1. ਕਵੀ ਨੇ ਸਮਦ, ਯਹਯਾ ਅਤੇ ਜ਼ਕਰੀਆ ਸ਼ਬਦਾਂ ਦੀ ਵਰਤੋਂ ਕਰ ਕੇ ਸ਼ਲੇਸ਼ ਅਲੰਕਾਰ ਤੋਂ ਕੰਮ ਲਿਆ ਹੈ, ਜਿਸ ਅਨੁਸਾਰ ਹਰ ਇਕ ਸ਼ਬਦ ਦੇ ਦੋ ਦੋ ਅਰਥ ਹੁੰਦੇ ਹਨ ਅਤੇ ਦੋਵੇਂ ਉਥੇ ਢੁਕਦੇ ਹਨ । ਸਮਦ ਤੋਂ ਭਾਵ ਰੱਬ ਵੀ ਹੈ ਅਤੇ ਨਵਾਬ ਅਬਦੁੱਸਮਦ ਖ਼ਾਨ ਵੀ ਹੈ ਜਿਸ ਦੇ ਦੋ ਪੁਤਰਾਂ ਦੇ ਨਾਂ ਕਰਮਵਾਰ ਨਵਾਬ ਜ਼ਕਰੀਆ ਖ਼ਾਨ ਅਤੇ ਨਵਾਬ ਯਹਯਾ ਖ਼ਾਨ ਸਨ ।

ਪ੍ਰਸ਼ੰਸਕ ਹਨ ।

ਉਸ ਦੇ ਪਿਆਰੇ, ਕਸ਼ਟ ਵਿਚ ਵੀ ਸੁਰਖਿਅਤ ਹਨ,
ਉਸ ਦਾ ਦਰ ਗਿਆਨੀ ਤੇ ਮੋਮਨ (ਸ਼ਰਧਾਲੂ) ਦੀ ਓਟ ਹੈ ।

ਇਸ ਤੋਂ ਮਗਰੋਂ ਕਿਉਂਕਿ ਇਹ ਪਾਪੀ (ਲੇਖਕ) ਸੁਭਾਸ਼ਣ ਤੋਂ ਸਖਣਾ, ਸਭਿਆਚਾਰ ਦੇ ਸਾਰੇ ਦੇ ਸਾਰੇ ਘਾਟਿਆਂ ਦਾ ਧਾਰਨੀ, ਕਲਾਨੌਰ ਦੇ ਇਲਾਕੇ ਦਾ ਵਾਸੀ ਹੈ ਅਤੇ ਕਲਾਨੌਰ ਇਕ ਅਜਿਹਾ ਕਸਬਾ ਹੈ, ਜੋ ਪ੍ਰਕਾਸ਼ਮਾਨ ਦ੍ਰਿਸ਼ਾਂ, ਪ੍ਰਸੰਨਤਾ ਤੇ ਖ਼ੁਸ਼ੀ ਵਾਲਿਆਂ ਦੀ ਸੁੰਦਰਤਾ ਦਾ ਪ੍ਰਗਟਾਉ ਹੈ, ਉਸ ਦਾ ਆਲਾ ਦੁਆਲਾ ਸਵੇਰ ਦੀ ਸਫ਼ੈਦੀ ਦੀ ਤਰ੍ਹਾਂ ਵਿਸ਼ਾਲ ਵਾਯੂ-ਮੰਡਲ ਵਾਲਾ, ਉਸ ਦੀ ਧਰਤੀ 'ਸਖ਼ੁਨ' (ਕਥਨ) ਦੀ ਜ਼ਮੀਨ ਦੀ ਤਰ੍ਹਾਂ ਦਿਲ ਨੂੰ ਖਿੜਾਉਣ ਵਾਲੀ ਹੈ—

ਸੁੰਦਰਤਾ ਉਸ ਦੇ ਆਲੇ ਦੁਆਲੇ ਦੀ ਮਿੱਟੀ ਦੀ ਆਸ਼ਕ ਹੈ,
ਨਜ਼ਰਾਂ ਉਥੋਂ ਦੇ ਜੰਮੇਂ ਪਲਿਆਂ ਦੀਆਂ ਦਾਸ ਹੋ ਗਈਆਂ ।
ਉਸ ਦੇ ਦੁਆਲੇ ਦਿਲਾਂ ਨੂੰ ਪ੍ਰਸੰਨਤਾ ਦੇਣ ਵਾਲੀ ਨਦੀ ਦਜਲਾ ਦਰਿਆ ਨਹੀਂ,
ਤੂੰ ਕਹੇਂਗਾ ਕਿ ਇਹ ਤਾਂ ਉਸ ਦੇ ਦੁਆਲੇ ਅੰਮ੍ਰਿਤ ਵਹਿ ਰਿਹਾ ਹੈ ।
ਦਿੱਲੀ ਉਸ ਦੇ ਅੱਗੇ ਆ ਕੇ ਮੁਆਫ਼ੀ ਮੰਗਦੀ ਹੈ,
ਕਿਉਂਕਿ ਇਸ ਸੁਭਾਗੀ ਥਾਂ ਤੇ ਅਕਬਰ ਦੀ ਪਵਿਤਰ ਰਾਜਧਾਨੀ ਬਣੀ[1] ਸੀ ।
ਮੈਂ ਉਸ ਦੀ ਪ੍ਰਸ਼ੰਸਾ ਵਿਚ ਇਸ ਤੋਂ ਵੱਧ ਕੀ ਲਿੱਖਾਂ,
ਕਿ ਨੂਰ ਦਾ ਸ਼ਬਦ ਉਸ ਦੇ ਪੈਰ ਹੇਠ ਆ ਗਿਆ ।

ਪਰਮਾਰਥਕ ਗੁਰੂ ਦੀ ਅਗਵਾਈ ਵਿਚ ਸੰਪੂਰਣ ਵਿੱਦਿਆ ਪ੍ਰਾਪਤ ਕਰਨ ਲਈ ਕਲਮ ਦੀ ਤਰ੍ਹਾਂ ਕਥਨ ਦੇ ਸ਼ਬਦਾਂ ਅਤੇ ਅਰਥਾਂ ਤੋਂ ਜਾਣੂ ਹੋ ਕੇ, ਚਿੱਠੀ-ਪੱਤਰ ਲਿਖਣ ਤੇ ਮੁਨਸ਼ੀਪੁਣੇ ਦੀ ਸੰਪੂਰਣਤਾ ਦੁਆਰਾ ਮੁਨਸ਼ੀਗਿਰੀ ਵਿਚ ਮਸ਼ਹੂਰ ਤੇ ਪ੍ਰਸਿਧ ਹੋ ਗਿਆ । ਅਸਲੀਅਤ ਵੱਲ ਰੁਚਿਤ ਹੋਏ ਬਹੁਤ ਸਾਰਿਆਂ ਦੀ ਇਹ ਰਾਏ ਸੀ ਕਿ ਭਾਵੇਂ ਸਮੇਂ ਦੀ ਯਾਦਗਾਰ ਤੇ ਆਧਾਰਿਤ ਕਰ ਕੇ ਸੋਚ ਵਿਚਾਰ ਦੀ ਹਵਾ ਦੀ ਚਾਲ ਵਾਲੇ ਘੋੜੇ ਨੇ ਕਵਿਤਾ ਦੇ ਮੈਦਾਨ ਵਿਚ ਬਿਜਲੀ ਦੀ ਤਰ੍ਹਾਂ ਦੌੜਾਂ ਕੀਤੀਆਂ, ਪਰ ਵਾਰਤਕ ਦੀ ਜ਼ਮੀਨ ਵਿਚ ਲੇਖਕ ਦੇ ਤੌਰ ਤੇ ਨਾਉਂ ਕਾਇਮ ਰੱਖਣ ਲਈ ਮੁਨਸ਼ੀਗਿਰੀ ਵਿਚ ਨਾਮ ਪੈਦਾ ਕਰਨਾ ਜ਼ਰੂਰੀ ਹੈ, ਤਾਂ ਜੋ ਦੋਖੀ ਆਲੋਚਕਾਂ ਨੂੰ, ਜੋ ਕਸਤੂਰੀ ਦੀ ਸੁਗੰਧੀ ਉਤੇ ਖੋਟ ਦੀ ਤੁਹਮਤ ਲਾਉਂਦੇ ਹਨ, ਗੱਲ ਕਰਨ ਦੀ ਗੁੰਜਾਇਸ਼ ਨਾ ਹੋਵੇ । ਕਈ ਵਾਰ ਇਸ ਮਨੋਰਥ ਦੀ ਜਾਣ-ਪਛਾਣ ਕਰਵਾਉਣ ਦਾ ਵਿਚਾਰ ਇਸ ਵਰਣਨਕਾਰ ਦੇ ਦਿਲ ਵਿਚ ਆਇਆ, ਪਰ ਸਤਿ ਦੇ ਮਿੱਤਰ ਤੇ ਸਚਾਈ ਦੇ ਸਥਾਨ ਨੂੰ ਆਪਣੀ ਓੜਕ ਮੰਜ਼ਲ ਸਮਝਣ ਵਾਲਾ ਦਿਲ ਕਦੇ ਵੀ ਬਿਖਰੀਆਂ ਕਹਾਣੀਆਂ ਅਤੇ ਪੁਰਾਣੇ ਮੁਖਬੰਧਾਂ ਨੂੰ ਸੁਆਰ ਕੇ ਲਿਖਣ ਵੱਲ ਰੁਚਿਤ ਨਾ ਹੋਇਆ । ਅੱਚਣਚੇਤ ਗ਼ੈਬੀ ਆਵਾਜ਼ ਨੇ ਇਸ਼ਾਰਾ ਕੀਤਾ ਕਿ ਹੇ ਸਚਾਈ ਤੋਂ ਅਣਜਾਣ ਤੇ ਸੁਆਰਥੀ, ਤੇਰੇ ਤਜਰਬਾਕਾਰ ਦਿਮਾਗ਼ ਉਤੇ ਅਫ਼ਸੋਸ ਹੁੰਦਾ ਹੈ । ਤੂੰ ਤਾਂ ਬਹੁਤ ਅਲੜ੍ਹ ਹੈਂ, ਕਿਉਂਕਿ ਤੂੰ, ਜਿਸ ਨੇ ਬਹੁਤ

---

1. ਅਕਬਰ ਬਾਦਸ਼ਾਹ ਦੀ ਤਾਜਪੋਸ਼ੀ ਦੀ ਰਸਮ ਕਲਾਨੌਰ ਵਿਚ ਅਦਾ ਕੀਤੀ ਗਈ ਸੀ ।

ਸਮੇਂ ਤੋਂ ਪ੍ਰਸਿੱਧ ਨਵਾਬ ਦੇ ਰਾਜ ਦੀ ਛਾਂ ਹੇਠ, ਜੋ ਪਰਮਾਤਮਾ ਦੇ ਪ੍ਰਕਾਸ਼ ਦੇ ਪ੍ਰਗਟ ਹੋਣ ਦੀ ਥਾਂ ਹੈ ਅਤੇ ਸੁਤੰਤਰ ਤੇ ਉੱਚ ਘਰਾਣੇ ਦਾ ਸਰਬੋਤਮ ਵਿਅਕਤੀ ਹੈ, ਰੱਬੀ ਸੁਗਾਤਾਂ ਨੂੰ ਪ੍ਰਾਪਤ ਕੀਤਾ ਹੈ, ਅਤੇ ਸਦੀਵੀ ਗੁਣਾਂ ਵਿਚ ਨਿਪੁੰਨ, ਬਹਾਦਰੀ ਦੇ ਮੈਦਾਨ ਦਾ ਘੋੜ-ਸਵਾਰ, ਤਲਵਾਰ ਚਲਾਉਣ ਤੇ ਦਲੇਰੀ ਦੀ ਲੜਾਈ ਦਾ ਸ਼ਾਹ-ਸਵਾਰ, ਉਚਾਈ ਦੀਆਂ ਸਿਖ਼ਰਾਂ ਤੇ ਬਿਰਾਜਮਾਨ, ਜੇਤੂ ਫ਼ੌਜਾਂ ਦਾ ਮਹਾਨ ਸਰਦਾਰ, ਗਿਆਨ ਦੇ ਅਰਥਾਂ ਦੀ ਅਸਲੀਅਤ ਦੀ ਭਾਲ ਕਰਨ ਵਾਲਾ, ਉੱਚੀ ਸ਼ਾਨ ਵਾਲਾ, ਦੇਸ਼ਾਂ ਨੂੰ ਸਜਾਉਣ ਵਾਲਾ, ਨੇਕ ਆਚਰਣ ਅਤੇ ਸੁੱਚੇ ਇਰਾਦੇ ਵਾਲਾ ਅਬਦੁੱਸਮਦ ਖ਼ਾਨ ਬਹਾਦਰ ਸੈਫ਼ੁੱਦੌਲਾ, ਦਲੇਰਜੰਗ ਪਰਮਾਤਮਾ ਉਸਦੀ ਪਦਵੀ ਤੇ ਪ੍ਰਤਾਪ ਨੂੰ ਵਧਾਵੇ — (ਦੇ ਸਮੇਂ) ਅਸਥਿਰ ਜੀਵਨ ਨੂੰ ਪੂਰਨ ਸ਼ਾਂਤੀ ਨਾਲ ਬਿਤਾਇਆ ਹੈ, ਤੇ ਬਿਤਾ ਰਿਹਾ ਹੈਂ, ਅਤੇ ਉਸ ਦੇ ਸੁੰਦਰ ਉਪਰਾਲੇ ਤੇ ਪਸਿੰਦ ਆਉਣ ਵਾਲੀਆਂ ਕੋਸ਼ਿਸ਼ਾਂ ਨੂੰ ਧਰਤੀ ਅਤੇ ਪਹਾੜਾਂ ਦੀ ਵਿਰੋਧੀ ਗੜਬੜ ਨੂੰ ਨਸ਼ਟ ਕਰਦੇ ਆਪਣੀਆਂ ਅੱਖਾਂ ਨਾਲ ਵੇਖਿਆ ਹੈ ਅਤੇ ਵੇਖ ਰਿਹਾ ਹੈਂ, ਤੂੰ ਉਸ ਦੇ ਹੱਕਾਂ ਦੇ ਜੰਗਲ ਵਿਚ ਕਲਮ ਦੇ ਮੱਥੇ ਨੂੰ ਲਿਖਤ ਦੀ ਧਰਤੀ ਉਤੇ ਕਿਉਂ ਨਹੀਂ ਟਿਕਾਉਂਦਾ, ਤਾਂ ਜੋ ਸਮਦੀ (ਅਬਦੁੱਸਮਦ ਖ਼ਾਨ ਦੇ) ਭੇਤ ਤੇਰੀ ਯੋਗ ਯਾਦਗਾਰ ਹੋ ਜਾਣ, ਅਤੇ ਇਸ ਲਿਖਤ ਦੇ ਕਰਤੇ ਦਾ ਨਾਉਂ ਉਸ ਰਾਹੀਂ ਸਮੇਂ ਦੇ ਲੋਕਾਂ ਦੇ ਦਿਲਾਂ ਵਿਚ ਪੁੱਜ ਜਾਵੇ ਅਤੇ ਉਨ੍ਹਾਂ ਭੇਤਾਂ ਦੇ ਸਦਕੇ ਦਿਲਾਂ ਉਤੇ ਬੋਝ ਨਾ ਹੋਵੇ। ਇਸ ਹਾਲਤ ਵਿਚ ਮੈਂ ਸ਼ੁਭ ਵਿਚਾਰਾਂ ਵਾਲੀ ਬੁੱਧੀ ਤੇ ਸਤਿਵਾਦੀ ਸੁਭਾਉ ਤੋਂ ਆਗਿਆ ਪ੍ਰਾਪਤ ਕਰ ਕੇ ਇਸ ਅਸਲੀ ਤੇ ਬਣਾਉਟੀ ਭੇਦ ਪ੍ਰਗਟ ਕਰਨ ਉਤੇ ਲੱਗ ਪਿਆ ਅਤੇ 'ਸਖ਼ਨ' (ਕਥਨ) ਦੀ ਬਹਾਰ ਨਾਲ ਅਨੁਕੂਲਤਾ ਪ੍ਰਾਪਤ ਕਰ ਕੇ, ਕੁਝ ਦਿਨਾਂ ਅੰਦਰ ਇਸ ਹਰਮਨਪਿਆਰੇ ਖਰੜੇ ਵਿਚ, ਜੋ ਬਹਾਰ ਤੇ ਪਤਝੜ ਦੀ ਰੁੱਤ ਦਾ ਸੰਕਲਨ ਅਤੇ ਲੜਾਈ ਤੇ ਸ਼ਾਤੀ ਦਾ ਕਾਰਨਾਮਾ ਹੈ, ਉਨ੍ਹਾਂ ਲੇਖਾਂ ਨੂੰ ਸ਼ਾਮਲ ਕਰ ਦਿੱਤਾ ਜੋ ਸਚਾਈ ਤੇ ਸਫ਼ਾਈ ਨਾਲ ਲਿਖੇ ਗਏ ਅਤੇ ਜੋ ਧੋਖੇ ਅਤੇ ਕੁਟਲਤਾ ਤੋਂ ਸੱਖਣੇ ਹਨ, ਅਤੇ 'ਸ਼ਿਕਸਤਿਆਂ' ਵਿਚ ਲਿਖੀ ਯੋਗ ਰਚਨਾ ਹਨ ਅਤੇ ਜਿਨ੍ਹਾਂ ਅੰਦਰ ਵਾਰਤਕ ਤੇ ਕਵਿਤਾ ਦੀ ਵਰਤੋਂ ਕੀਤੀ ਗਈ ਹੈ। ਇਸ ਦੇ ਸੱਤ ਅਧਿਆਇ ਹਨ ਜਿਨ੍ਹਾਂ ਵਿਚੋਂ ਹਰ ਅਧਿਆਇ ਬਹਾਰ ਦੀ ਰੁੱਤ ਦੀ ਤਰ੍ਹਾਂ ਛਾਤੀ ਦੀ ਚੁੜਾਈ ਨੂੰ ਬਾਗ਼ ਵਿਚ ਬਦਲ ਦੇਂਦਾ ਹੈ। ਇਸ ਨੂੰ ਸੰਪੂਰਣ ਕਰ ਕੇ ਇਸ ਦਾ ਨਾਂ 'ਅਸਰਾਰਿ ਸਮਦੀ' ਰਖਿਆ ਤੇ ਲੋੜਵੰਦਾਂ ਦੇ ਪਿਤਾ-ਪਿਤਾਮਾ, ਪਰਮਾਰਥਕ ਤੇ ਸੰਸਾਰਕ ਭੇਤਾਂ ਦੇ ਪ੍ਰਗਟਾਉਣ ਵਾਲੇ ਸ਼ੀਰਾਜ ਵਾਸੀ ਸ਼ੇਖ ਦੇ ਦੋ ਬੈਂਤ, ਜੋ ਵਰ ਪ੍ਰਾਪਤ ਕਰਨ ਲਈ ਲਏ ਗਏ ਹਨ, ਅਤੇ "ਮਸਨਵੀ ਗ਼ਨੀਮਤ" ਵਿਚੋਂ ਦੋ ਤੁਕਾਂ ਲੈਣ ਤੋਂ ਛੁਟ ਹੋਰ ਕੋਈ ਤੁਕ ਜਾਂ ਤੁਕਾਂ ਕਿਸੇ ਹੋਰ ਥਾਂ ਤੋਂ ਇਸ ਅਸਚਰਜ ਪੁਸਤਕ ਵਿਚ ਨਹੀਂ ਲਈਆਂ ਗਈਆਂ।

ਜਦ ਮੈਂ ਇਸ (ਪੁਸਤਕ) ਦਾ ਸਿਰਲੇਖ ਲਿਖਣ ਦਾ ਵਿਚਾਰ ਬਣਾਇਆ, ਤਾਂ ਕਿ ਰੋਗੀ ਅੱਖ ਇਸ ਵਲ ਕਦੀ ਵੀ ਤੱਕ ਨਾ ਸਕੇ, ਤਾਂ ਗ਼ੈਬੀ ਆਵਾਜ਼ ਨੇ ਇਸ ਦੇ ਲਿਖਤ-ਸਾਲ ਦੀ ਮਿਤੀ ਬਾਰੇ ਇਉਂ ਕਿਹਾ ਹੈ ਕਿ ਇਸ ਦਾ ਨਾਂ "ਅਹਿਰਾਰ-ਓ-ਅਸਰਾਰਿ ਸਮਦੀ" ਰੱਖੋ। (ਇਨ੍ਹਾਂ ਅੱਖਰਾਂ ਦੇ ਅੰਕਾਂ ਤੋਂ 1141 ਹਿਜਰੀ ਸਾਲ ਨਿਕਲਦਾ ਹੈ)

ਸ੍ਰੀਮਾਨ ਸਮਦ ਦੀ ਪ੍ਰਵਾਨਗੀ ਦੇ ਸਦਕੇ ਇਹ ਆਸ ਹੈ ਕਿ ਪਾਰਖੂਆਂ ਦੀ ਨਜ਼ਰ ਅਤੇ ਸਮੇਂ ਦੀ ਅਸਲੀਅਤ ਪਛਾਣਨ ਵਾਲਿਆਂ ਦੀਆਂ ਨਜ਼ਰਾਂ ਵਿਚ ਇਹ ਪ੍ਰਵਾਨ ਹੋ ਕੇ ਪੂਰਬੀ ਹਵਾ ਦੇ ਵਿਚਾਰ ਵਾਲੇ ਕਥਨ ਦੇ ਪਾਰਖੂਆਂ ਦੇ ਪਿਆਰ ਨੂੰ ਪ੍ਰਵਾਨਣ ਵਾਲੀ ਹੋਵੇਗੀ

ਅਤੇ ਅਨਿਆਈ ਆਲੋਚਕਾਂ ਅਤੇ ਅਸ਼ੁੱਧੀਆਂ ਭਾਲਣ ਵਾਲਿਆਂ ਦੀ ਰਾਏ ਤੋਂ ਇਹ ਆਸ ਹੈ ਕਿ ਕਿਉਂਕਿ ਇਸ ਕਸਤੂਰੀ ਦੇ ਰੰਗ ਵਾਲੀ ਲਿਖਤ ਨੂੰ, ਜੋ ਖ਼ਤਨ ਦੇ ਕਈ ਮੁਸ਼ਕਨਾਫ਼ੇ ਆਪਣੀ ਹਰ ਸਤਰ ਦੇ ਪੇਚ ਵਿਚ ਲਪੇਟੀ ਹੋਈ ਹੈ, ਤੀਖਣ ਦ੍ਰਿਸ਼ਟੀ ਨਾਲ ਪੜ੍ਹਨਗੇ, ਅਸਲੀਅਤ ਨੂੰ ਨਾ ਛਡਦੇ ਹੋਏ, ਨਿਆਂ ਦੇ ਵਤੀਰੇ ਨੂੰ ਅਪਣਾਉਣਗੇ ਅਤੇ ਜੇ ਮੇਰੇ ਮਨੁੱਖ ਹੋਣ ਦੇ ਨਾਤੇ, ਕਿਸੇ ਥਾਂ ਅਸ਼ੁੱਧੀ ਤੇ ਭੁੱਲ ਹੋ ਗਈ ਹੋਵੇ, ਤਾਂ ਮੱਥੇ ਉਤੇ ਤਿਉੜੀ ਨਾ ਪਾਉਣਗੇ, ਕਿਉਂਕਿ ਆਦਮੀ ਅਸ਼ੁੱਧੀਆਂ ਤੇ ਭੁੱਲਾਂ ਦਾ ਮਿਸ਼ਰਣ ਹੈ।

ਪਹਿਲਾ ਅਧਿਆਇ

# ਵਿਜੱਈ ਤੇ ਜੇਤੂ ਨਵਾਬ ਦੇ ਸੁੰਦਰ ਉਪਰਾਲਿਆਂ ਨਾਲ ਧਿਕਾਰੇ ਹੋਏ ਉਸ ਮਜਬੂਰ ਦੇ ਫੜੇ ਜਾਣ ਤੇ ਕੈਦ ਹੋਣ ਅਤੇ ਉਸ ਦੇ ਫ਼ਸਾਦ ਦੀ ਗੜਬੜ ਦਾ ਵਰਣਨ

ਕਥਨ ਦੇ ਬਾਗ਼ ਦੇ ਮਾਲੀਆਂ ਨੇ ਮਨੋਰਥ ਦੇ ਫੁੱਲ ਨੂੰ ਵਰਣਨ ਦੇ ਗੁਲਿਸਤਾਨ ਵਿਚ ਇਸ ਸੁਹਜ ਤੇ ਸੁੰਦਰਤਾ ਨਾਲ ਸਜਾਇਆ ਕਿ ਜਦ ਰੱਬੀ ਦਾਤ ਦੇ ਮਾਲੀ ਨੇ ਪੰਜਾਬ ਦੇ ਸੁਰਗ ਜਿਹੇ ਬਾਗ਼ ਨੂੰ, ਜੋ ਛੇ ਦਿਸ਼ਾਵਾਂ ਤੇ ਸਤ ਵਲਾਇਤਾਂ ਦਾ ਤੱਤ ਅਤੇ ਅੱਠਾਂ ਸੁਰਗਾਂ ਤੇ ਨੌਂ ਨੀਲੇ ਅਸਮਾਨਾਂ ਦਾ ਵਡਿਆਇਆ ਹੋਇਆ ਹੈ, ਮਹਾਨ ਅਮੀਰ ਦੀ ਕਿਰਪਾ ਤੇ ਨਿਆਂ ਨਾਲ ਸਿੰਜ ਕੇ ਅਜਿਹਾ ਬਣਾਇਆ ਕਿ ਉਸ ਉਤੇ ਕਸ਼ਮੀਰ ਦੀ ਬਹਾਰ ਈਰਖਾ ਕਰਨ ਲਗ ਪਈ ਅਤੇ ਉਸ ਦੇ ਵੈਰੀਨਾਸ਼ਕ ਸੁਭਾਗ ਨੇ ਹੁਮਾ (ਇਕ ਮਨੋਕਲਪਤ ਪੰਛੀ, ਲੋਕਾਂ ਦਾ ਪ੍ਰਾਚੀਨ ਸਮੇਂ ਵਿਚ ਵਿਚਾਰ ਸੀ ਕਿ ਜਿਸ ਆਦਮੀ ਦੇ ਉਤੋਂ ਇਹ ਉੱਡ ਕੇ ਲੰਘ ਜਾਂਦਾ ਸੀ, ਉਹ ਰਾਜਾ ਹੋ ਜਾਂਦਾ ਸੀ) ਦੀ ਤਰ੍ਹਾਂ ਇਸ ਦੇਸ਼ ਦੀ ਜਨਤਾ ਉਤੇ ਇਹ ਉਦਾਰਤਾ ਦੀ ਛਾਂ ਕੀਤੀ। ਉਸ ਦੇ ਪ੍ਰਸ਼ੰਸਾਦਾਇਕ ਸਭਿਆਚਾਰ ਨੇ ਜ਼ਖ਼ਮੀ ਦਿਲਾਂ ਉਤੇ ਮਲ੍ਹਮ ਲਾਈ ਅਤੇ ਉਸ ਦੇ ਜਾਨਲੇਵਾ ਕ੍ਰੋਧ ਨੇ ਬਾਗ਼ੀਆਂ ਦੇ ਸਿਰ ਲਾਹ ਦਿੱਤੇ।

ਹਾਂ, ਜਦ ਪਰਮਾਤਮਾ ਜਨਤਾ ਉਤੇ ਕਿਰਪਾ ਕਰਦਾ ਹੈ,
ਤਾਂ ਉਹ ਉਸ ਨੂੰ ਅਜਿਹਾ ਹਾਕਮ ਦਿੰਦਾ ਹੈ, ਜਿਹੜਾ ਦਰਵੇਸ਼ੀ ਵੱਲ ਰੁਚਿਤ ਹੋਵੇ।
ਹਰ ਉਹ ਅਮੀਰ, ਜੋ ਗਰੀਬੀ ਤੋਂ ਜਾਣੂ ਹੁੰਦਾ ਹੈ,
ਹਰ ਕੰਮ ਕਰਨ ਲਗਿਆਂ ਰੱਬ ਨੂੰ ਸਦਾ ਚੇਤੇ ਰਖਦਾ ਹੈ।
ਉਸ ਦੇ ਹੱਥੋਂ ਨਿਆਂ ਤੋਂ ਬਿਨਾਂ ਕੁਝ ਨਹੀਂ ਹੁੰਦਾ (ਅਨਿਆਂ ਨਹੀਂ ਹੁੰਦਾ),
ਉਸ ਦੇ ਦਿਲ ਵਿਚ ਕੇਵਲ ਕਿਰਪਾ ਹੀ ਹੁੰਦੀ ਹੈ।
ਉਸ ਦਾ ਨਿਆਂ ਦੇਸ਼ ਦਾ ਰਾਖਾ ਹੁੰਦਾ ਹੈ,
ਜਿਵੇਂ ਬਾਗ਼ ਲਈ ਮਾਲੀ ਹੁੰਦਾ ਹੈ।
ਮਾਲੀ ਬਾਗ ਨੂੰ ਸ਼ੋਭਾ,ਚਮਕ-ਦਮਕ ਦਿੰਦਾ ਹੈ,
ਪਰ ਅੰਤ ਨੂੰ ਸ਼ੀਸ਼ੇ ਦੀ ਸੁਰਾਹੀ ਪੱਥਰ ਨਾਲ (ਹੀ) ਟੁਟਦੀ ਹੈ।
ਸਾਡੇ ਉਸ ਸ਼ੀਰਾਜ਼ ਵਾਸੀ ਸ਼ੈਖ਼ ਨੇ ਕੇਹੀ ਚੰਗੀ ਗੱਲ ਆਖੀ ਹੈ,
ਕਿਉਂਕਿ ਉਹ ਸਾਫ਼ ਸੁਭਾ ਵਾਲਾ ਅਤੇ ਸੂਝ ਵਾਨ ਆਦਮੀ ਸੀ,
ਕਿ ਪਰਮਾਤਮਾ ਜਿਸ ਦੇਸ਼ ਦਾ ਭਲਾ ਲੋੜਦਾ ਹੈ,
ਉਸ ਨੂੰ ਚੰਗਾ, ਬੁੱਧੀਮਾਨ ਅਤੇ ਨਿਆਇਕਾਰੀ ਹਾਕਮ ਬਖ਼ਸ਼ਦਾ ਹੈ।

ਜਦ ਉਹ ਚਾਹੁੰਦਾ ਹੈ ਕਿ ਸੰਸਾਰ ਨੂੰ ਉਜਾੜੇ,
ਤਾਂ ਉਹ ਉਸ ਦੇਸ਼ ਨੂੰ ਕਿਸੇ ਅਤਿਆਚਾਰੀ ਦੇ ਪੰਜੇ ਵਿਚ ਫਸਾ ਦਿੰਦਾ ਹੈ ।

ਸਭ ਤੋਂ ਪਹਿਲੀ ਗੜਬੜ, ਜਿਸ ਨੇ ਇਸ ਦੇਸ਼ ਵਿਚ ਵਿਘਨ ਪਾਇਆ, ਉਸ ਧਿਕਾਰੇ ਹੋਏ ਨੇ ਆਰੰਭੀ, ਜਿਸ ਨੇ ਧੋਖੇਬਾਜ਼ੀ ਨਾਲ ਆਪਣੇ ਆਪ ਨੂੰ ਨਾਨਕ-ਪੰਥੀ ਸੰਪਰਦਾ ਦਾ ਆਗੂ ਥਾਪਿਆ ਅਤੇ ਇਸੇ ਮਸ਼ਹੂਰੀ ਕਾਰਣ ਵਿਹਲੜ ਤੇ ਨਿਕੰਮੇ ਆਦਮੀਆਂ ਨੂੰ, ਜੋ ਗੁਮਨਾਮੀ ਦੇ ਪੜਦੇ ਪਿੱਛੇ ਲੁਕੇ ਹੋਏ ਸਨ, ਫੇਰ ਆਪਣੇ ਅਸਲੀ ਰੂਪ ਵਿਚ ਲੈ ਆਂਦਾ । ਅਤੇ ਉਸ ਸ਼ਾਂਤੀ ਸਭਾਉ ਵਾਲੀ ਭਲੀ ਤੇ ਵਿਚਾਰੀ ਸੰਪਰਦਾ ਦੇ ਬਹੁਤ ਸਾਰੇ ਨਿਕੰਮੇ ਆਦਮੀਆਂ ਨੂੰ ਇਕੱਠੇ ਕਰ ਕੇ ਧੋਖੇ ਤੇ ਫ਼ਰੇਬ ਨਾਲ ਉਨ੍ਹਾਂ ਦੇ ਪਹਿਰਾਵੇ ਨੂੰ ਬਦਲਿਆ ਅਤੇ ਹਿੰਦੁਸਤਾਨ ਦੇ ਦੇਸ਼ ਵਿਚ ਝਗੜੇ ਫ਼ਸਾਦ ਦੀ ਅੱਗ ਭੜਕਾ ਦਿੱਤੀ ਅਤੇ ਜਨਤਾ ਦੇ ਖਲਵਾੜੇ ਨੂੰ ਅਤਿਆਚਾਰ ਦੇ ਚੰਗਿਆੜੇ ਨਾਲ ਭਸਮ ਕਰ ਦਿੱਤਾ । ਸਾਰੇ ਸੰਸਾਰ ਨੂੰ ਜ਼ੁਲਮ ਦੀ ਤਲਵਾਰ ਨਾਲ ਮਿੱਟੀ ਵਿਚ ਮਿਲਾ ਦਿੱਤਾ ਅਤੇ ਆਮ ਤੇ ਖ਼ਾਸ ਆਦਮੀਆਂ ਦੇ ਸੁਖ ਵਿਚ ਪੂਰਨ ਵਿਘਨ ਪਾ ਦਿੱਤਾ ।

ਸਾਰੇ ਸੰਸਾਰ ਵਿਚ ਗੜਬੜ ਮਚ ਗਈ,
ਇਸ ਦੀਆਂ ਖ਼ਬਰਾਂ ਰੂਮ ਤੇ ਸ਼ਾਮ ਤਕ ਪਹੁੰਚ ਗਈਆਂ ।
ਉਸ ਨੇ ਫ਼ਸਾਦ ਦੁਆਰਾ ਸੰਸਾਰ ਨੂੰ ਏਨਾ ਖ਼ਰਾਬ ਕੀਤਾ,
ਕਿ ਧਰਤੀ ਦਾ ਸ਼ੇਸ਼ਨਾਗ ਵੀ ਵਿਆਕੁਲ ਹੋ ਉਠਿਆ ।
ਹਿੰਦੁਸਤਾਨ ਵਿਚ ਇਕ ਵੀ ਅਜਿਹਾ ਅਮੀਰ ਨਹੀਂ ਸੀ,
ਕਿ ਜਿਸਦੇ ਚਿਹਰੇ ਉਤੇ ਉਸ ਨੇ ਤਲਵਾਰ ਨਾ ਮਾਰੀ ਹੋਵੇ ।
ਉਸ ਨੇ ਗੜਬੜ ਦਾ ਏਨਾ ਝੱਖੜ ਝੁਲਾਇਆ,
ਕਿ ਤਿਹਾਏ ਬੰਦੇ ਤਕ ਵੀ ਉਸ ਦੇ ਕਸ਼ਟ ਤੋਂ ਨਾ ਬਚ ਸਕੇ ।
ਕਿਸੇ ਨੂੰ ਵੀ ਉਸ ਦੇ ਪੰਜੇ ਤੋਂ ਛੁਟਕਾਰਾ ਪ੍ਰਾਪਤ ਨਾ ਹੋਇਆ,
ਸੰਸਾਰ ਵਿਚ ਮਹਾਂ ਪਰਲੋ ਦੀਆਂ ਨਿਸ਼ਾਨੀਆਂ ਪ੍ਰਗਟ ਹੋ ਗਈਆਂ ।
ਭਾਵੇਂ ਉਸ ਦੁਰਭਾਗੇ ਨੇ ਆਪਣਾ ਉਪਨਾਮ ਬੰਦਾ ਰਖਿਆ,
ਪਰ ਉਸ ਨੇ ਬੰਦਗੀ ਦੇ ਸਥਾਨਾਂ ਨੂੰ ਗੰਦਾ ਕਰ ਦਿੱਤਾ ।

ਉਸ ਤੋਂ ਮਗਰੋਂ ਜਦ ਮਹਾਨ ਸ਼ਕਤੀਵਾਨ ਹਜ਼ੂਰ ਦੇ ਉਚੇ ਝੰਡੇ ਸ਼ਾਹਜਹਾਨਾਬਾਦ ਤੋਂ ਉਸ ਭੈੜੇ ਅੰਤ ਵਾਲੇ ਧਿਕਾਰੇ ਤੇ ਫਿਟਕਾਰੇ ਹੋਏ ਦੀ ਜੜ੍ਹ ਪੁੱਟਣ ਵੱਲ ਰੁਚਿਤ ਹੋਏ, ਤਾਂ ਉਹ ਬਾਦਸ਼ਾਹਾਂ ਨਾਲ ਟਾਕਰਾ ਕਰਨਾ ਕਠਨ ਸਮਝ ਕੇ ਲੁਕ ਗਿਆ ਅਤੇ ਅੱਚਣਚੇਤ ਉਸ ਨੇ ਉੱਤਰੀ ਪਹਾੜ ਦੀ ਤਰਾਈ ਵਿਚ, ਜੋ ਵਾਸਤਵ ਵਿਚ ਉਸ ਦੇ ਪਤਨ ਦੀ ਖਿੜਕੀ ਸੀ, ਸਿਰ ਕਢਿਆ ਅਤੇ ਕਸੂਰ ਦੇ ਨਵਾਬ ਬਾਯਜ਼ੀਦ ਖ਼ਾਨ ਤੇ ਉਸ ਦੇ ਭਤੀਜੇ ਸ਼ਮਸ ਖ਼ਾਨ, ਜੋ ਪ੍ਰਤਾਪੀ ਅਮੀਰਾਂ ਵਿਚੋਂ ਸਨ, ਨੂੰ ਮਾਰਨ ਉਪਰੰਤ ਗੁਰਦਾਸਪੁਰ ਦੀ ਗੜ੍ਹੀ ਵਿਚ, ਜੋ ਕਲਾਨੌਰ ਦੇ ਕਸਬੇ ਅਤੇ ਪਹਾੜਾਂ ਦੀਆਂ ਹੱਦਾਂ ਦੇ ਵਿਚਕਾਰਲੇ ਪੱਧਰੇ ਮੈਦਾਨ ਵਿਚ ਸਥਿਤ ਹੈ, ਆਪਣੀ ਖ਼ਰਾਬੀ ਦੀ ਓਟ ਤੇ ਠਕਾਣੇ ਨੂੰ ਪੱਕਾ ਕੀਤਾ ।

ਜੰਮੂ ਦੇ ਪਰਗਣੇ ਦੇ ਫ਼ੌਜਦਾਰ ਬਾਯਜ਼ੀਦ ਖ਼ਾਨ ਅਫ਼ਗ਼ਾਨ ਅਤੇ ਉਸ ਦੇ ਭਤੀਜੇ ਸ਼ਮਸ ਖ਼ਾਨ, ਜੋ ਦੁਆਬੇ ਦੀ ਫ਼ੌਜਦਾਰੀ ਉਤੇ ਨਿਯੁਕਤ ਸੀ, ਦੇ ਕਤਲ ਦੇ ਵਰਣਨ ਨੂੰ ਇਸ ਵਿਸਥਾਰ ਨਾਲ ਬਿਆਨਣਾ, ਬੁੱਧੀ ਦੀ ਡੋਲੀ ਨੂੰ ਸਜਾਉਣ ਦਾ ਮਨੋਰਥ ਬਣਿਆ ਕਿ ਜਦ ਉਹ ਧਿਕਾਰਿਆ

ਹੋਇਆ ਨਿਥਾਵਾਂ, ਹਿੰਦੁਸਤਾਨ ਦੀਆਂ ਹੱਦਾਂ ਤੋਂ ਉੱਜੜ ਪੁੰਜੜ ਗਿਆ, ਤਾਂ ਉਸ ਨੇ ਜੰਮੂ ਦੇ ਪਹਾੜਾਂ ਵਿਚ ਜਾ ਪ੍ਰਸਿੱਧੀ ਹਾਸਲ ਕੀਤੀ। ਉਕਤ ਖ਼ਾਨ, ਜਿਹੜੇ ਕਿ ਪ੍ਰਕਾਸ਼ਮਾਨ ਹਜ਼ੂਰ ਵਲੋਂ ਉਸ ਫ਼ਸਾਦ ਦੇ ਪੁੰਜ, ਧੋਖੇਬਾਜ਼ ਦਾ ਪਿੱਛਾ ਕਰਨ ਉਤੇ ਨਿਯੁਕਤ ਹੋਏ ਸਨ, ਨੇ ਦੁਆਬੇ ਦੇ ਰਾਹੋਂ ਆਦਿ ਕਸਬਿਆਂ ਨੂੰ ਤਬਾਹ ਤੇ ਬਰਬਾਦ ਕਰਨ ਅਤੇ ਉਥੋਂ ਦੇ ਲੋਕਾਂ ਦੀ ਇਜ਼ਤ ਆਬਰੂ ਲੁੱਟਣ ਮਗਰੋਂ ਇਹ ਖ਼ਬਰ ਸੁਣੀ, ਤਾਂ ਤੁਰੰਤ ਬੜੀ ਤੇਜ਼ੀ ਨਾਲ ਉਸ ਜ਼ਿਲੇ ਤੋਂ ਪਹਾੜਾਂ ਵਲ ਚਾਲੇ ਪਾ ਦਿੱਤੇ, ਅਤੇ ਕਿਉਂਕਿ ਉਨ੍ਹਾਂ ਨੂੰ ਅਜੇ ਉਸ ਨਿਥਾਵੇਂ ਦੇ ਟਿਕਾਣੇ ਦਾ ਪਤਾ ਨਹੀਂ ਲੱਭਾ ਸੀ,ਅਤੇ ਉਹ ਇਹੀ ਸਮਝੀ ਬੈਠੇ ਸਨ ਕਿ ਇਕ ਵੱਡੇ ਪੈਂਡੇ ਮਗਰੋਂ ਹੀ ਉਸ ਨਾਲ ਟਾਕਰਾ ਹੋਵੇਗਾ, ਉਹ ਬਿਨਾਂ ਸੋਚੇ ਸਮਝੇ, ਬੇਤਰਤੀਬੀ ਫ਼ੌਜ ਅਤੇ ਭਾਰੀ ਲਸ਼ਕਰ ਨੂੰ ਨਾਲ ਲੈ ਕੇ ਪਹਾੜ ਦੀਆਂ ਮੰਜ਼ਲਾਂ ਤੈ ਕਰਨ ਲਗ ਪਏ ਕਿ ਅਚਣਚੇਤ ਅਗਾਊ ਕੈਂਪ ਦੇ ਆਦਮੀਆਂ ਨੂੰ ਵੈਰੀ ਦੀ ਫ਼ੌਜ, ਜਿਹੜੀ ਪਹਾੜਾਂ ਤੋਂ ਨਿਕਲ ਕੇ ਪੰਜਾਬ ਦੇ ਸ਼ਹਿਰਾਂ ਨੂੰ ਬਰਬਾਦ ਕਰਨ ਲਈ ਦੁਰਭਾਗ ਦੇ ਰਾਹ ਤੇ ਪਈ ਹੋਈ ਸੀ, ਠਠੀਆਂ ਦੇ ਜ਼ਿਲੇ ਵਿਚ, ਜੋ ਪਹਾੜ ਦੀ ਤਰਾਈ ਦੇ ਜ਼ਿਲਿਆਂ ਵਿਚ ਹੈ, ਨਾਲ ਟਾਕਰੇ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਦੀ ਆਪਸ ਵਿਚ ਤਲਵਾਰ ਦੀ ਲੜਾਈ ਹੋਈ। ਕਿਉਂਕਿ ਉਹ ਗਿਣਤੀ ਵਿਚ ਘੱਟ ਸਨ, ਉਹ ਉਸ ਕਹਿਰਵਾਨ ਵੱਡੀ ਫ਼ੌਜ ਦੇ ਅਜ਼ਗਰ ਦੇ ਮੂੰਹ ਦੀ ਬੁਰਕੀ ਬਣ ਗਏ। ਇਸ ਨਾਲ ਇਕ ਬਹੁਤ ਵੱਡੀ ਗੜਬੜ ਦਾ ਆਰੰਭ ਹੋਇਆ। ਬਾਦਸ਼ਾਹੀ ਫ਼ੌਜ ਦੇ ਨਿਪੁੰਨ ਘੋੜ-ਸਵਾਰ ਇਸ ਮਨੋਰਥ ਨੂੰ ਮਲੂਮ ਕਰ ਕੇ, ਜਿਸ ਤੋਂ ਵਧ ਕੇ ਉਹ ਹੋਰ ਕੋਈ ਖੁਸ਼ਖ਼ਬਰੀ ਨਹੀਂ ਸਨ ਸਮਝਦੇ, ਲੜਾਈ ਦੇ ਇਰਾਦੇ ਨਾਲ ਬੜੀ ਛੇਤੀ ਛੇਤੀ ਉਨ੍ਹਾਂ ਭਗਦੜ ਦੇ ਰਾਹ-ਪਿਆਂ ਉਤੇ ਇਸ ਤਰ੍ਹਾਂ ਜਾ ਪਏ, ਜਿਵੇਂ ਉਨ੍ਹਾਂ ਨੂੰ ਮੈਦਾਨ ਵਿਚ ਕੋਈ ਸੈਹਾ ਲਭ ਪਿਆ ਹੋਵੇ। ਮੁਕਾਬਲੇ ਦੇ ਸਮੇਂ ਲੜਾਈ ਤੇ ਯੁੱਧ ਦੀ ਅੱਗ ਦੀਆਂ ਲਾਟਾਂ ਭੜਕ ਉਠੀਆਂ ਅਤੇ ਲੜਾਈ ਤੋਪ ਤੇ ਬੰਦੂਕ ਤਕ ਹੀ ਸੀਮਤ ਨਾ ਰਹੀ। ਇਕ ਵਾਰ ਛੋਟੇ ਹਥਿਆਰਾਂ (ਤਲਵਾਰ ਆਦਿ) ਦੀ ਲੜਾਈ ਦਾ ਅਵਸਰ ਬਣਿਆ ਤੇ ਅਣਗਿਣਤ ਆਦਮੀ ਮਰ ਕੇ ਮਿੱਟੀ ਵਿਚ ਮਿਲ ਗਏ। ਜੁਆਨ ਅਫ਼ਗ਼ਾਨਾਂ ਨੇ ਜਾਨਾਂ ਵਾਰਨ ਵਿਚ ਕੋਈ ਕਸਰ ਨਾ ਛੱਡੀ ਅਤੇ ਧਿਕਾਰੇ ਹੋਏ ਸਿੰਘਾਂ ਨੇ, ਇਸ ਦੇ ਬਾਵਜੂਦ ਕਿ ਉਨ੍ਹਾਂ ਦੇ ਪੈਰ ਛਾਲਿਆਂ ਨਾਲ ਭਰੇ ਹੋਏ ਸਨ, ਨਾ ਉਨ੍ਹਾਂ ਪਾਸ ਰਾਸ਼ਨ ਸੀ ਤੇ ਨਾ ਘੋੜੇ, ਫਿਰ ਵੀ ਉਹ ਕਿਹੜੀਆਂ ਦਲੇਰੀਆਂ ਸਨ, ਜੋ ਉਨ੍ਹਾਂ ਨੇ ਨਾ ਕਰ ਵਿਖਾਈਆਂ ਹੋਣ ਅਤੇ ਉਹ ਕਿਹੜੀਆਂ ਨਿਡਰਤਾਵਾਂ ਸਨ ਜੋ ਉਨ੍ਹਾਂ ਨੇ ਅਮਲ ਵਿਚ ਨਾ ਲਿਆਂਦੀਆਂ ਹੋਣ।

ਉਹ ਹਾਥੀਆਂ ਉਤੇ ਸ਼ੇਰਾਂ ਦੀ ਤਰ੍ਹਾਂ ਕੁਦ ਕੇ ਚੜ੍ਹਦੇ,
ਅਤੇ ਹੌਦਿਆਂ ਵਿਚ ਬੈਠਿਆਂ ਨੂੰ ਹੇਠਾਂ ਸੁੱਟ ਦੇਂਦੇ।
ਜਿਥੇ ਤੇਜ਼ਸਨ ਘੋੜੇ ਪਹੁੰਚਣ ਵਿਚ ਦੇਰ ਕਰਦੇ,
ਇਹ ਪੈਦਲ ਉਥੇ ਚਿੜ੍ਹਿਆਂ (ਦੀ ਤੇਜ਼ੀ ਨਾਲ) ਜਾ ਪੁੱਜਦੇ।

ਅਫ਼ਗ਼ਾਨ ਸਰਦਾਰ, ਜਿਹੜੇ ਕਿ ਅੰਨ ਤੇ ਕੱਖ-ਪਠਿਆਂ ਤੋਂ ਸੱਖਣੇ, ਦੁਆਬੇ ਦੇ ਨਿਰਧਨਾਂ ਨੂੰ ਲੁੱਟ ਕੇ ਆਪਣੇ ਭੈੜੇ ਦਿਨਾਂ ਦੀ ਪੂੰਜੀ ਖਟਦੇ, ਧਰਮ ਦੇ ਸੂਰਮੇ ਬਣੇ ਹੋਏ ਸਨ, ਉਨ੍ਹਾਂ (ਲੋਕਾਂ) ਦੇ ਹੌਕਿਆਂ ਦੀ ਫ਼ੌਜ ਇਨ੍ਹਾਂ ਦੇ ਰਾਹ ਦਾ ਰੋੜਾ ਬਣੀ ਹੋਈ ਸੀ। ਜਿਹੜਾ ਵੀ ਯੁੱਧ ਉਹ ਕਰਦੇ, ਉਸ ਵਿਚ ਪਿੱਛੇ ਹਟਦੇ ਅਤੇ ਜਿਹੜਾ ਜੰਗ ਉਹ ਲੜਦੇ ਉਸ ਵਿਚੋਂ ਆਪਣੇ ਵੱਲ ਪਿਛੇ ਹੀ ਮੁੜਦੇ ਸਨ। ਬਹੁਤ ਸਮਾਂ ਨਾ ਲੱਗਾ ਕਿ ਉਸ ਧਿਕਾਰੇ ਦੇ ਹੱਥੋਂ

ਉਨ੍ਹਾਂ ਨੇ ਸ਼ਹੀਦੀ ਪ੍ਰਾਪਤ ਕੀਤੀ ਅਤੇ ਪਿੱਠ ਪਿੱਛੇ ਹੋਈਆਂ ਲੋਕਾਂ ਦੀਆਂ ਪ੍ਰਾਰਥਨਾਵਾਂ ਨੂੰ ਆਪਣੇ ਸਾਮ੍ਹਣੇ ਸ੍ਵੀਕਾਰ ਹੁੰਦਾ ਵੇਖਿਆ ।

**ਕਵਿਤਾ**

ਹਾਂ, ਜਿਥੇ ਜਿਥੇ ਵੀ ਕੋਈ ਜ਼ਾਲਮ ਲੜਾਈ ਲੜਦਾ ਹੈ,
ਕ੍ਰੋਧ ਦੇ ਕਾਰਨ ਉਹ ਪੀਲੇ ਚਿਹਰੇ ਤੋਂ ਬਿਨਾਂ ਪਿੱਛੇ ਹੋਰ ਕੁਝ ਨਹੀਂ ਛਡਦਾ ।
ਜ਼ੁਲਮ ਭਾਵੇਂ ਵੈਰੀ ਨੂੰ ਮਾਰਦਾ ਹੈ,
ਉਹ ਤਾਂ ਆਪਣੇ ਸਿਰ ਨਾਲ ਹੀ ਖੇਡਦਾ ਹੈ ।
ਕਹੋ ਕਿ ਉਹ ਸ਼ੋਕ ਮਨਾਉਣ,
ਕਿਉਂਕਿ ਆਦਿ ਤੋਂ ਹੀ ਦੇਗ ਤੇ ਤੇਗ਼ ਜੋੜੇ ਪੈਦਾ ਹੋਏ ਹਨ ।
ਅਤਿਆਚਾਰੀ ਦਾ ਹੱਥ ਜਿੱਤ ਤੋਂ ਵੰਚਿਤ ਰਹਿ ਜਾਂਦਾ ਹੈ,
ਕਿਰਪਾ ਦੀ ਤਲਵਾਰ ਨਾਲ ਜਿੱਤ ਗੁਣ ਹੋ ਜਾਂਦੀ ਹੈ ।

ਕਿਉਂਕਿ ਇਹ ਘੁਮੰਡ-ਵਰਧਕ ਤੇ ਉਤੇਜਨਾ ਵਾਲੀ ਘਟਨਾ ਉਸ ਸਰਾਪੇ ਹੋਏ ਸਮੂਹ ਦੇ ਖੋਰ ਦਾ ਕਾਰਨ ਬਣ ਗਈ, ਇਸ ਹਾਲਤ ਵਿਚ ਉਨ੍ਹਾਂ ਦੁਰਭਾਗ ਦਾ ਜ਼ਖ਼ੀਰਾ ਇਕੱਠਾ ਕਰਨ ਵਾਲਿਆਂ ਦੇ ਖ਼ੂਨ-ਖ਼ਰਾਬੇ ਤੋਂ ਅਣਗਿਣਤ ਆਦਮੀ ਮੌਤ ਦੇ ਮੂੰਹ ਵਿਚ ਚਲੇ ਗਏ ਅਤੇ ਬੇਅੰਤ ਆਦਮੀ ਉਨ੍ਹਾਂ ਅਗਲੀ ਦਰਗਾਹ ਵਿਚ ਫਿਟਕਾਰੇ ਹੋਏ ਅਤਿਆਚਾਰੀਆਂ ਦੇ ਜ਼ੁਲਮਾਂ ਤੇ ਨਿਰਦੈਤਾ ਦੇ ਹੱਥੋਂ ਤੰਗ ਆ ਕੇ ਉਨ੍ਹਾਂ ਨੂੰ ਘਿਰਣਾ ਕਰਨ ਲਗ ਪਏ । ਸ਼ਹਿਰਾਂ ਦੇ ਵਾਸੀ ਉਨ੍ਹਾਂ ਭੈੜੇ ਸੁਭਾਉ ਵਾਲਿਆਂ ਦੇ ਜ਼ੁਲਮ ਤੋਂ ਤੰਗ ਆ ਕੇ ਆਪਣੇ ਦੇਸ਼ ਨੂੰ ਛੱਡ ਗਏ ਅਤੇ ਆਲੇ ਦੁਆਲੇ ਦੇ ਕਸਬੇ ਕੁਕਰਮੀ ਅਤਿਆਚਾਰੀ ਦੇ ਘਰ ਦੀ ਤਰ੍ਹਾਂ ਉੱਜੜ ਪੁੱਜੜ ਗਏ । ਭਾਵੇਂ ਜਵਾਨਾਂ ਵਰਗੀ ਹਿੰਮਤ ਵਾਲਾ ਨਵਾਬ ਉਸ ਜ਼ਿਲ੍ਹੇ ਦੇ ਭੱਟੀ, ਖਰਲ ਤੇ ਡੋਗਰ ਕੌਮ ਦੇ ਸੁਧਾਰ ਲਈ ਉਸ ਸਰਾਪੀ ਹੋਈ ਗੜ੍ਹੀ ਤੋਂ ਸੱਤਰ ਅੱਸੀ ਕੋਹਾਂ ਦੀ ਦੂਰੀ ਤੇ ਸੀ, ਪਰ ਇਸ ਗੜਬੜ ਪੈਦਾ ਕਰਨ ਵਾਲੀ ਘਟਨਾ ਦੇ ਵਾਪਰਦਿਆਂ ਸਾਰ ਉਸ ਨੇ ਤੀਹ ਤੇ ਚਾਲੀ ਕੋਹਾਂ ਦੇ ਪੰਧ ਨੂੰ ਵਰਖਾ ਤੇ ਹਵਾ ਦੀ ਤੇਜ਼ੀ ਨਾਲ ਅੱਧੇ ਦਿਨ ਵਿਚ ਮੁਕਾ ਕੇ ਲਾਹੌਰ ਦੇ ਪੂਰਨ ਆਨੰਦ ਭਰਪੂਰ ਸਥਾਨ ਤੇ ਪਹੁੰਚ ਗਿਆ ।

ਉਹ ਚਨਾਰ ਦੇ ਬਣੇ ਤੀਰ ਤੋਂ ਵੀ ਤੇਜ਼ ਇਸ ਤਰ੍ਹਾਂ ਰਵਾਨਾ ਹੋਇਆ,
ਜਿਵੇਂ ਸੈਂਕੜੇ ਮਗਰਮੱਛਾਂ ਨਾਲ ਭਰਿਆ ਤੂਫ਼ਾਨੀ ਦਰਿਆ ਵਹਿੰਦਾ ਹੈ ।
ਉਹ ਇਸ ਬਲ ਨਾਲ ਤੁਰਿਆ, ਜਿਵੇਂ ਅਜ਼ਗਰ ਖੱਡ ਵਿਚੋਂ ਨਿਕਲਦਾ ਹੈ,
ਅਤੇ ਅਜਿਹੇ ਖੜਕਾਰ ਨਾਲ ਤੁਰਿਆ ਜਿਵੇਂ ਬਿਜਲੀ ਅਸਮਾਨ ਉਤੇ ਕੜਕਦੀ ਹੈ ।

ਉਥੋਂ ਉਸ ਨੇ ਕਿਤੇ ਰੁਕੇ ਜਾਂ ਢਿਲ-ਮੱਠ ਕੀਤੇ ਬਿਨਾਂ ਬਿਜਲੀ ਦੀ ਤਰ੍ਹਾਂ ਪੂਰੀ ਤੇਜ਼ੀ ਨਾਲ ਉਨ੍ਹਾਂ ਦੁਰਭਾਗ ਦੇ ਸਾੜੇ ਹੋਏ ਖਲਵਾੜੇ ਵਾਲਿਆਂ ਤੇ ਹੱਲਾ ਕੀਤਾ ।

ਉਹ ਚੰਗਿਆੜਾ ਬਣਿਆ, ਬਿਜਲੀ ਬਣਿਆ ਤੇ ਸਵੇਰ ਦੀ ਗਰਦ ਬਣ ਗਿਆ,
ਉਹ ਬਹੁਤ ਪ੍ਰਸੰਨ ਫੁੱਲ ਵਾਂਗ ਸੁਗੰਧੀ ਫੈਲਾਣ ਵਾਲਾ ਬਣ ਗਿਆ ਅਤੇ ਖ਼ਬਰ (ਦੀ ਤਰ੍ਹਾਂ ਤੇਜ਼) ਹੋ ਗਿਆ ।

ਪਹਿਲੇ ਦਿਨ ਮੁਕਾਬਲੇ ਦੇ ਸਮੇਂ ਦੋਹਾਂ ਧਿਰਾਂ ਵਿਚ ਤਲਵਾਰ ਦੀ ਸਖ਼ਤ ਲੜਾਈ ਹੋਈ ਅਤੇ ਬੀਰ ਬਹਾਦਰ ਜੋਧੇ ਤੁਰਤ ਹੀ ਮਗਰਮੱਛ ਜਿਹੇ ਇਰਾਦੇ ਨਾਲ ਯੁੱਧ ਵਿਚ ਕੁੱਦ ਪਏ ।

ਬੱਬਰ ਸ਼ੇਰ ਤਲਵਾਰ, ਬੰਦੂਕ, ਤੀਰ ਤੇ ਤੁਪਕ ਨਾਲ,
ਯੁੱਧ ਕਰਨ ਲਈ ਆਪਸ ਵਿਚ ਉਲਝ ਪਏ ।
ਤੂੰ ਕਹੇਂਗਾ ਕਿ ਦੋਵੇਂ ਫ਼ੌਜਾਂ ਇਸ ਤਰ੍ਹਾਂ ਗੁਥਮ-ਗੁਥਾ ਹੋ ਗਈਆਂ,
ਜਿਵੇਂ ਵਰਖਾ ਸਮੁੰਦਰ ਵਿਚ ਡਿਗ ਕੇ ਮਿਲਦੀ ਹੈ ।
ਉਚੇ ਘਰਾਣੇ ਦੇ ਲਹੂ ਲੁਹਾਣ ਕਰਨ ਵਾਲੇ ਬਹਾਦਰਾਂ ਦੇ ਕਾਰਨ,
ਸਾਰੇ ਪਾਸੇ ਲਹੂ ਦੇ ਦਰਿਆ ਵਗਣ ਲਗ ਪਏ,
ਉਸ ਭੈੜੀ ਕੌਮ ਦੇ ਕੇਸਾਂ ਵਾਲੇ ਸਿਰਾਂ ਕਾਰਨ,
ਲਹਿਰਾਂ ਤੇ ਬੁਲਬਲਿਆਂ ਭਰਿਆ ਲਹੂ ਦਾ ਦਰਿਆ ਚੱਲ ਪਿਆ ।
ਇਸ ਮੁੱਠ-ਭੇੜ ਵਿਚ ਤਲਵਾਰਾਂ ਲਹਿਰਾਂ ਦੀ ਤਰ੍ਹਾਂ ਏਨੀਆਂ ਹੋ ਗਈਆਂ,
ਕਿ ਤਲਵਾਰਾਂ ਦੀ ਆਬ (ਪਾਣੀ) ਨਾਲ ਫ਼ੌਜਾਂ ਦੇ ਦੁਆਲੇ ਚਿਕੜ ਹੋ ਗਿਆ ।
ਲੜਾਈ ਤੋਂ ਤਲਵਾਰ ਦੇ ਜੌਹਰ ਇਸ ਤਰ੍ਹਾਂ ਪ੍ਰਗਟ ਹੋ ਗਏ,
ਜਿਵੇਂ ਘੱਟੇ ਉਤੇ ਸੰਧੂਰ ਨਾਲ ਅੱਖਰ ਲਿਖੇ ਗਏ (ਹੋਣ) ।
ਤੂੰ ਕਹੇਂਗਾ ਕਿ ਲਹੂ ਵਗਾਉਣ ਵਾਲੇ ਸੂਰਬੀਰਾਂ ਤੋਂ
ਧਰਤੀ ਦੀ ਲਾੜ੍ਹੀ ਨੇ ਆਪਣੀ ਤਲੀ ਤੇ ਮਹਿੰਦੀ ਲਾਈ ।
ਉਸ ਫ਼ੌਜ ਨੇ ਏਨੀਆਂ ਲਾਸ਼ਾਂ ਉਤੇ ਲਾਸ਼ਾਂ ਸਿਟੀਆਂ,
ਕਿ ਤੂੰ ਕਹੇਂਗਾ ਕਿ ਰਣ-ਖੇਤਰ ਈਦਗਾਹ ਦਾ ਮੈਦਾਨ ਬਣ ਗਿਆ ।
ਏਨੀਆਂ ਚਿੱਟੀਆਂ ਅੱਖਾਂ ਖੁਲ੍ਹੀਆਂ ਰਹਿ ਗਈਆਂ,
ਕਿ ਤੂੰ ਕਹੇਂਗਾ ਕਿ ਹਰ ਪਾਸੇ ਨਰਗਸ ਉਗ ਪਿਆ ।

ਬੀਰ ਬਹਾਦਰਾਂ ਦੀ ਮਹਿਰਾਬਦਾਰ (ਤਿਰਛੀ) ਤਲਵਾਰ ਨੇ ਤੁਰਤ ਹੀ ਸੰਜੋਏ ਪਹਿਨੇ ਹੋਇਆਂ ਨੂੰ ਇਉਂ ਆਪਣੇ ਗਾਤਰੇ ਬਣਾ ਲਿਆ ਜਿਵੇਂ ਕਿ ਉਹ ਤਲਵਾਰ ਚਲਾਉਣ ਦੀ ਹੀ ਪ੍ਰਾਰਥਨਾ ਕਰ ਰਹੀ ਹੋਵੇ । ਕਮਾਨ ਚਲਾਉਣ ਵਾਲੇ ਦਾ ਤੀਰ ਤੁਰਤ ਹੀ ਰਾਹੀ ਦੀ ਤਿੱਖੀ ਨਜ਼ਰ ਦੀ ਤਰ੍ਹਾਂ ਛੁਟ ਕੇ ਮੱਛੀ ਦੀ ਤਰ੍ਹਾਂ ਸੰਜੋਏ ਦੇ ਬਹੁਤ ਸਾਰੇ ਮੇਰੂਆਂ ਵਿਚੋਂ ਪਾਰ ਹੋ ਜਾਂਦਾ ਸੀ ਅਤੇ ਆਦਮੀ ਨੂੰ ਬੁਰੀ ਨਜ਼ਰ ਨਾਲ ਧਰਤੀ ਉਤੇ ਸਿਟ ਦਿੰਦਾ ਸੀ । ਨਿਡਰ ਬੰਦੂਕ ਦਿਲ ਦੇ ਸੰਦੂਕ ਨੂੰ ਬੇਕਿਰਕ ਤੋੜ ਦਿੰਦੀ ਸੀ ਅਤੇ ਜਾਨ ਦੇ ਮੋਤੀ ਨੂੰ ਤਬਾਹ ਕਰ ਦਿੰਦੀ ਸੀ । ਤਲਵਾਰ ਦੇ ਹੱਥੋਂ ਸਿਰ ਫੰਬੇ ਦੀ ਤਰ੍ਹਾਂ ਸਰੀਰ ਤੋਂ ਵੱਖਰੇ ਹੁੰਦੇ ਸਨ ਅਤੇ ਲਹੂ ਦੀ ਗੁਲਾਬੀ ਸ਼ਰਾਬ ਆਪਮੁਹਾਰੀ ਧਰਤੀ ਤੇ ਡਿੱਗ ਪੈਂਦੀ ਸੀ ; ਇਸ ਕਾਰਨ ਨਖਿੱਧ ਵੈਰੀ ਦੇ ਆਦਮੀ ਇਕ ਥਾਂ ਠਹਿਰ ਕੇ ਬੜੀ ਹਿੰਮਤ ਨਾਲ ਨਿਡਰ ਤੇ ਨਿਰਭੈ ਹੋ ਕੇ ਲੰਮੇਂ ਪੰਧ ਮਾਰਨ ਦੇ ਰਾਹ ਤੇ ਪਏ ਹੋਏ ਸਨ । ਅਜੇ ਫ਼ਤਹਿ ਦੇ ਸਾਥੀ ਬਹਾਦਰਾਂ ਦੇ ਦ੍ਰਿੜ੍ਹ ਪਾਸਿਆਂ ਨੂੰ ਬੁਰੀ ਨਜ਼ਰ ਨਹੀਂ ਸੀ ਲੱਗੀ ਕਿ ਉਹ ਦਲੇਰੀ ਦੇ ਮੈਦਾਨ ਦਾ ਹਰਾਵਲ ਤੇ ਬਹਾਦਰੀ ਦੀ ਲੜਾਈ ਦਾ ਨਿਪੁੰਨ ਆਪਣੇ ਨਿਜੀ ਗੁਣਾਂ ਤੇ ਬੀਰਤਾ ਦੀ ਬਹੁਲਤਾ ਦੇ ਸਦਕੇ ਰੁਸਤਮ ਦੀ ਤਰ੍ਹਾਂ, ਸਹਾਇਤਾ ਤੋਂ ਬਿਨਾਂ, ਇਕੱਲਾ ਹੀ ਨੰਗੀ ਤਲਵਾਰ ਸੂਤ ਕੇ ਉਸ ਦੁਰਭਾਗੀ ਜਮਾਤ ਉਤੇ ਤਲਵਾਰ ਨਾਲ ਟੁੱਟ ਪਿਆ । ਇਸ ਗੱਲ ਤੋਂ ਜਵਾਨਾਂ ਦੀ ਬਹਾਦਰੀ ਹੋਰ ਵਧੀ ਅਤੇ ਇਕ-ਲਖ਼ਤ ਸੂਰਬੀਰਾਂ ਦੇ ਯਤਨ ਨਾਲ ਨੌਬਤ ਇਥੇ ਜਾ ਪਹੁੰਚੀ

ਕਿ ਪਾਣੀ ਉਨ੍ਹਾਂ ਦੇ ਸਿਰੋਂ ਲੰਘ ਗਿਆ ਅਤੇ ਬਹਾਦਰੀ ਦੇ ਨਿਸ਼ਾਨ ਵਾਲੇ ਤੀਰਮਾਰਾਂ ਨੇ, ਜੋ ਹਨੇਰੀ ਰਾਤ ਵਿਚ ਕੁਮਦਨੀ ਦੇ ਫੁੱਲ ਨੂੰ ਤੀਰ ਨਾਲ ਵਿੰਨ੍ਹ ਦਿੰਦੇ ਸਨ, ਮੈਦਾਨ ਵਿਚ ਇਸ ਤਰ੍ਹਾਂ ਦਾਇਰਾ ਬਣਾਇਆ ਕਿ ਉਸ ਬੇਸਿਰੇ (ਮੂਰਖ) ਸਰਾਪੇ ਹੋਏ ਦਾ, ਜੋ ਤਿੰਨ ਸਿਰ ਰੱਖਦਾ ਸੀ ਅਤੇ ਜਿਸ ਦੇ ਹਰ ਸਿਰ ਵਿਚ ਹੰਕਾਰ ਤੇ ਘੁਮੰਡ ਦਾ ਸਿੰਗ ਨਿਕਲਿਆ ਹੋਇਆ ਸੀ, ਹੰਕਾਰ ਸਿਰੋਂ ਨਿਕਲ ਗਿਆ। ਉਹ ਹਾਰ ਖਾ ਕੇ ਕਿਲੇ ਵਿਚ ਬੰਦ ਹੋ ਗਿਆ। ਉਸ ਦੀ ਹਾਲਤ ਇੰਨੀ ਪਤਲੀ ਹੋ ਗਈ ਕਿ ਤੂੰ ਕਹੇਂਗਾ ਕਿ ਉਸ ਨੇ ਗ਼ਰੀਬੀ ਦੇ ਕੋਨੇ ਵਿਚ ਸੌ ਚਲੀਹੇ ਕੱਟੇ ਹੋਣ।

**ਕਵਿਤਾ**

ਜਦ ਬਹਾਦਰਾਂ ਨੇ ਵੈਰ ਦੀ ਤਲਵਾਰ ਮਿਆਨ ਵਿਚੋਂ ਕੱਢੀ,
ਵੈਰੀ ਲਈ ਠਹਿਰਨਾ ਬੜਾ ਕਠਨ ਹੋ ਗਿਆ।
ਉਹ ਗਿੱਦੜ ਦੀ ਤਰ੍ਹਾਂ ਖੱਡ ਵਿਚ ਜਾ ਵੜਿਆ,
ਕਿਉਂਕਿ ਰੁਸਤਮ (ਸ਼ਾਹਨਾਮੇਂ ਦਾ ਨਾਇਕ, ਈਰਾਨ ਦਾ ਬਲਵਾਨ ਪਹਿਲਵਾਨ)
ਦੇ ਅੱਗੇ ਬੁੱਢੀ ਇਸਤਰੀ ਦੀ ਕੀ ਸੱਤਾ ਸੀ।
ਜਦ ਸ਼ੇਰ ਲੜਾਈ ਦੀ ਤਲਵਾਰ ਖਿੱਚਦੇ ਹਨ,
ਤਾਂ ਕੁਤਿਆਂ ਵਿਚ ਭੱਜਣ ਤੋਂ ਸਿਵਾ ਹੋਰ ਕੀ ਸੱਤਾ ਹੋ ਸਕਦੀ ਹੈ?
ਹਰ ਉਸ ਥਾਂ ਤੇ ਜਿਥੇ ਅੱਗ ਭੜਕਦੀ ਹੈ,
ਉਥੇ ਧੂੰਏਂ ਦਾ ਨਾਂ-ਥੇਹ ਨਹੀਂ ਮਿਲਦਾ।

ਜਦ ਉਹ ਕੁਰਾਹੇਪਣ ਦੀ ਚੋਪੜ ਦਾ ਖਿਡਾਰੀ ਸਮੇਂ ਦੀ ਰੰਗਾ-ਰੰਗੀ ਦੇ ਕਾਰਨ ਮੁਕਾਬਲੇ ਦੀ ਝਾਲ ਨਾ ਝੱਲਦਾ ਹੋਇਆ, ਮਜ਼ਬੂਤ ਕਿਲ੍ਹੇ ਵਿਚ ਬੰਦ ਹੋ ਗਿਆ ਅਤੇ ਦੁਰਭਾਗ ਦੇ ਕਸ਼ਟ ਵਿਚ ਫਸ ਗਿਆ, ਤਾਂ ਉਸ ਉਤੇ ਨਰਦ ਦੀ ਤਰ੍ਹਾਂ ਸੋਗ ਦੇ ਬਹੁਤ ਸਾਰੇ ਦਾਗ਼ ਲਗ ਗਏ। ਜੇਤੂ ਫ਼ੌਜ ਜਿੱਤ ਦੇ ਯੁੱਧ ਵਿਚ ਮਸਤ ਹਾਥੀ ਦੀ ਤਰ੍ਹਾਂ ਪੈਰ ਜਮਾ ਕੇ ਆਪਣੀ ਥਾਂ ਤੇ ਡਟੀ ਰਹੀ ਅਤੇ ਮੋਰਚਿਆਂ ਰਾਹੀਂ ਜਿੱਤ ਦੇ ਨੇੜੇ ਹੋ ਗਈ। ਉਹ ਨਿਤਾ-ਪ੍ਰਤੀ ਯੁੱਧ ਅਤੇ ਲੜਾਈ ਦੀ ਅੱਗ ਭੜਕਾਉਣ ਲੱਗੀ ਅਤੇ ਹਰ ਸਵੇਰ ਲੜਾਈ ਦਾ ਤੂਫ਼ਾਨ ਮਗਰਮੱਛ ਦੇ ਰੌਲੇ ਦੀ ਤਰ੍ਹਾਂ ਉੱਚਾ ਹੋ ਗਿਆ। ਅਜ਼ਗਰ ਜਿਹੀ ਭਿਆਨਕ ਤੋਪ ਦੀ ਉੱਚੀ ਗਰਜ ਪਹਾੜ ਵਿਚ ਭੁਚਾਲ ਲਿਆਉਂਦੀ ਸੀ ਅਤੇ ਨਾਗ ਦੇ ਫੂੰਕਾਰੇ ਵਾਲੀ ਰਹਿਕਲਾ (ਛੋਟੀ ਤੋਪ) ਭੈ ਭੀਤ ਕਰਨ ਵਾਲੀ ਆਵਾਜ਼ ਨਾਲ ਧਰਤੀ ਨੂੰ ਤੰਗ ਕਰ ਦਿੰਦੀ ਸੀ। ਗੜਗੜਾਹਟ ਦੀਆਂ ਪੁੰਜ ਵੱਡੀਆਂ ਬੰਦੂਕਾਂ ਸ਼ਾਂਤੀ ਦੇ ਸਰੀਰ ਵਿਚ ਝੋਲਾ ਪੈਦਾ ਕਰਦੀਆਂ ਸਨ, ਅਤੇ ਕਫਨ ਪੁਆਉਣ ਵਾਲੀਆਂ ਬੰਦੂਕਾਂ ਜੁਆਨਾਂ ਦੀ ਡਰਾਉਣੀ ਆਵਾਜ਼ ਨਾਲ ਮਿਲ ਕੇ ਰਾਹ ਨੂੰ ਗਰਮ ਕਰਦੀਆਂ ਸਨ।

ਜਦ ਅਜ਼ਗਰ ਦੀ ਤਰ੍ਹਾਂ ਤੋਪ ਫੁੰਕਾਰਾ ਮਾਰਦੀ ਸੀ,
ਤਾਂ ਉਹ ਧਰਤੀ ਤੇ ਪਹਾੜਾਂ ਵਿਚ ਭੁਚਾਲ ਲੈ ਆਉਂਦੀ।
ਵੱਡੀਆਂ ਬੰਦੂਕਾਂ ਅਤੇ ਛੋਟੀਆਂ ਤੋਪਾਂ ਦੀ ਗੜਗੜਾਹਟ ਨਾਲ
ਦਿਮਾਗ਼ ਦੇ ਪੈਰ ਵਿਚ ਛਾਲਾ ਪੈ ਗਿਆ।

ਉਸ ਪਰੇਸ਼ਾਨ ਕੌਮ ਵਿਚੋਂ ਜਿਹੜਾ ਜੱਥਾ ਦਾਣਾ ਪਾਣੀ ਪ੍ਰਾਪਤ ਕਰਨ ਲਈ ਮੌਕਾ ਪਾ ਕੇ ਉਸ ਪਾਸੇ ਦੇ ਪਿੰਡਾਂ ਨੂੰ ਲੁੱਟਣ ਲਈ ਗੜ੍ਹੀ ਵਿਚੋਂ ਬਾਹਰ ਆਉਂਦਾ ਸੀ, ਉਨ੍ਹਾਂ ਵਿਚੋਂ ਇਕ ਟੋਲਾ ਤਲਵਾਰ ਦੀ ਧਾਰ ਨਾਲ ਕੰਠ ਦੀ ਤ੍ਰੇਹ ਬੁਝਾਉਂਦਾ ਸੀ ਅਤੇ ਕਈ ਵਾਰ ਉਹ ਟੋਲਾ ਆਪਣੇ ਸਿਰ ਦੇ ਮੂਲ ਨੂੰ ਹੀ ਦਾਣੇ ਦੀ ਥਾਂ ਅੰਦਰ ਨਿਗਲ ਜਾਂਦਾ ਸੀ।

ਉਸ ਨੇ ਬਾਗ਼ੀ ਵੈਰੀ ਉਤੇ ਇਸ ਤਰ੍ਹਾਂ ਤਲਵਾਰ ਚਲਾਈ,
ਕਿ ਸਿਰਾਂ ਦੇ ਖਲਵਾੜੇ ਪ੍ਰਗਟ ਹੋ ਗਏ (ਢੇਰ ਲਗ ਗਏ)।
ਉਨ੍ਹਾਂ ਦੇ ਬਾਗ਼ੀ ਸਿਰ ਮਿੱਟੀ ਉਤੇ ਇਸ ਤਰ੍ਹਾਂ ਸਿੱਟੇ,
ਜਿਵੇਂ ਕਿ ਧਰਤੀ ਨਾਰੀਅਲ ਦੇ ਗੁਟਾਂ (ਸਿਰਾਂ) ਨਾਲ ਢਕੀ ਗਈ ਹੋਵੇ।
ਜੇ ਬਾਦਸ਼ਾਹ ਇਸ ਥਾਂ ਨੂੰ ਵੇਖਦਾ ਤਾਂ ਉਹ ਦਿਲੋਂ ਪ੍ਰਸ਼ੰਸਾ ਕਰਦਾ,
ਕਿ ਇਹ ਤਾਂ ਰਣ ਖੇਤਰ ਵਿਚ (ਕਸ਼ਟ ਭੋਗ ਰਹੇ) ਹਨ ਤੇ
ਬਾਦਸ਼ਾਹ ਸੁਰੱਖਿਅਤ ਹੈ।

ਭਾਵੇਂ ਸ਼ੇਰ ਦੇ ਬਲ ਅਤੇ ਹਾਥੀ ਵਰਗੇ ਸਰੀਰਾਂ ਵਾਲੇ ਇਸ ਗੱਲ ਲਈ ਕਚੀਚੀਆਂ ਵੱਟ ਰਹੇ ਸਨ ਕਿ ਉਹ ਵੈਰੀ ਦੀ ਬੰਦੂਕ ਤੇ ਗੋਲਿਆਂ ਨੂੰ ਮਾਮੂਲੀ ਚੰਗਿਆੜਿਆਂ ਤੋਂ ਵੱਧ ਨਾ ਜਾਣਦੇ ਹੋਏ ਛੇਤੀ ਛੇਤੀ ਤੁਰ ਕੇ ਹਿੰਮਤ ਦੇ ਹੱਥ ਨੂੰ ਗੜ੍ਹੀ ਦੇ ਦਰਵਾਜ਼ੇ ਦੀ ਕੁੰਜੀ ਬਣਾਣ ਅਤੇ ਉਸ ਧੋਖੇਬਾਜ਼ ਲੂੰਬੜ ਨੂੰ ਖੱਡ ਵਿਚੋਂ ਜੀਉਂਦਿਆਂ ਬਾਹਰ ਕੱਢਣ, ਪਰ ਕਿਉਂਕਿ ਪ੍ਰਕਾਸ਼ਵਾਨ ਦਿਲ ਵਾਲਾ ਨਵਾਬ ਬੜਾ ਹਿੰਮਤੀ ਤੇ ਬੁੱਧੀਵਾਨ ਸੀ, ਉਹ ਮਾਸ ਤੇ ਭੋਜਨ ਦੀ ਲੜਾਈ ਵਿਚ ਸੁਭਾਗੇ ਹਾਥੀ-ਸਰੀਰ, ਸ਼ੇਰ-ਦਿਲ ਜੁਆਨਾਂ ਦੇ ਨੁਕਸਾਨ ਨੂੰ ਚੰਗਾ ਨਹੀਂ ਸਮਝਦਾ ਸੀ। (ਇਸ ਲਈ) ਦੂਰ ਦ੍ਰਿਸ਼ਟੀ ਤੋਂ ਕੰਮ ਲੈਂਦੇ ਹੋਏ ਉਹ ਨਿਤ ਕੰਮ ਨੂੰ ਸੋਚ-ਵਿਚਾਰ ਨਾਲ ਚਲਾਉਂਦਾ ਸੀ ਅਤੇ ਹਰ ਛਿਣ ਬੁਰਜ ਤੇ ਕੋਟ ਨੂੰ ਸੰਵਾਰਣ ਵਿਚ ਲਗਾ ਰਹਿੰਦਾ ਅਤੇ ਪਰਮਾਤਮਾ ਦੀ ਮਿਹਰ ਲਈ ਪ੍ਰਾਰਥਨਾ ਕਰਦਾ ਤੇ ਜਨਤਾ ਦੀ ਭਲਾਈ ਤੇ ਨਜ਼ਰ ਰੱਖਦਾ। ਉਹ ਕੰਮ ਜਿਹੜੇ ਬਲਵਾਨ ਜੁਆਨਾਂ ਤੋਂ ਨਾ ਹੁੰਦੇ, ਇਹ ਆਪਣੇ ਹੱਥ ਨਾਲ ਕਰਦਾ ਸੀ ਤਾਂ ਜੋ ਦੂਜੇ ਵੀ ਉਨ੍ਹਾਂ ਕੰਮਾਂ ਲਈ ਚੰਗਾ ਉਪਰਾਲਾ ਕਰਨ ਵਿਚ ਸੰਕੋਚ ਨਾ ਕਰਨ। ਘੇਰੇ ਦੀਆਂ ਖਾਈਆਂ ਪਾਣੀ ਦੇ ਭੰਡਾਰ ਦੀ ਤਰ੍ਹਾਂ ਗੜ੍ਹੀ ਦੇ ਦੁਆਲੇ ਐਨੀਆਂ ਡੂੰਘੀਆਂ ਖੁਦਵਾਈਆਂ ਕਿ ਪਾਣੀ ਨਿਕਲ ਆਇਆ। ਮੋਰਚਿਆਂ ਦੇ ਬੁਰਜਾਂ ਨੂੰ ਏਨਾ ਉੱਚਾ ਉਸਾਰਿਆ ਕਿ ਜੇ ਰੋੜਾ ਮਾਰਦੇ ਤਾਂ ਤੀਰ ਦਾ ਕੰਮ ਕਰਦਾ ਸੀ। ਹੌਲੀ ਹੌਲੀ ਉਸ ਨੇ ਹਰ ਪੀਰ ਤੇ ਸੰਤ ਦੀ ਸਹਾਇਤਾ ਤੇ ਕ੍ਰਿਆਤਮਕ ਬੁੱਧੀ ਨਾਲ ਦਾਇਰੇ ਨੂੰ ਏਨਾ ਤਕੜਾ ਕੀਤਾ ਕਿ ਉਨ੍ਹਾਂ ਖੋਟੇ ਸੁਭਾਉ ਵਾਲੇ ਕੁਕਰਮੀਆਂ ਦੇ, ਜੋ ਦੁਰਭਾਗ ਤੇ ਅਯੋਗਤਾ ਦੇ ਕਾਰਨ ਇਕ ਲਖ਼ਤ ਬਦਬਖ਼ਤੀ ਦੇ ਕਬਜ਼ੇ ਵਿਚ ਫਸ ਗਏ ਸਨ, ਨਿਕਲਣ ਲਈ, ਤਲਵਾਰ ਦੀ ਧਾਰ ਜਿੰਨੀ ਥਾਂ ਵੀ ਨਾ ਰਹੀ। ਥੋੜੇ ਸਮੇਂ ਵਿਚ ਅਨਾਜ ਦੇ ਜ਼ਖੀਰੇ (ਭੰਡਾਰ) ਪੂਰੀ ਤਰ੍ਹਾਂ ਕਬਜ਼ੇ ਵਿਚ ਆ ਗਏ ਅਤੇ ਪਾਣੀ ਦੇ ਸੋਮਿਆਂ ਵਿਚ ਚਿਕੜ ਮਚ ਗਿਆ। ਅਨਾਜ ਦਾ ਦਾਣਾ ਮੋਤੀ ਦੇ ਦਾਣੇ ਦੇ ਤੁਲ ਮਹਿੰਗਾ ਹੋ ਗਿਆ ਅਤੇ ਪਾਣੀ ਦੀ ਬੂੰਦ ਆਦਮੀਆਂ ਦੇ ਚਿਹਰੇ ਦੀ ਰੌਣਕ ਦੀ ਤਰ੍ਹਾਂ ਲੋਪ ਹੋ ਗਈ। ਉਹ ਦਰਖ਼ਤਾਂ ਦੀ ਛਿੱਲ ਨੂੰ ਪੰਛੀ ਦੇ ਮਾਸ ਜਿਹੀ ਅਮੁਲੀ ਸਮਝਦੇ ਸਨ ਅਤੇ ਬ੍ਰਿਛਾਂ ਦੇ ਪਤਿਆਂ ਤੇ ਛਿੱਲਾਂ ਨੂੰ ਸੁਆਦੀ ਭੋਜਨ ਨਾਲੋਂ ਚੰਗਾ ਜਾਣਦੇ ਸਨ। ਉਨ੍ਹਾਂ ਦੇ ਚਿਹਰਿਆਂ ਉਤੇ ਰੌਣਕ ਨਾ ਰਹੀ, ਸਗੋਂ ਉਹ ਕਣਕਵੰਨੇ ਵੀ ਨਾ ਰਹੇ।

ਉਨ੍ਹਾਂ ਦੇ ਚਿਹਰਿਆਂ ਦੀ ਰੌਣਕ ਮਿੱਟੀ ਵਿਚ ਮਿਲ ਗਈ ਸੀ। ਜੇ ਉਹ ਤ੍ਰੇਹ ਦੀ ਅੱਗ ਦੇ ਮਾਰੇ ਨਾ ਮਰਦੇ ਤਾਂ ਉਹ ਠੰਡ ਨਾਲ ਮਰ ਜਾਂਦੇ। ਜੇ ਹੌਕੇ ਦੀ ਅੱਗ ਉਨ੍ਹਾਂ ਨਾਲ ਨਿਆਂ ਕਰਨ ਨੂੰ ਨਾ ਬਹੁੜਦੀ, ਤਾਂ ਉਹ ਉਨੀਂਦਰੇ ਦੇ ਮਾਰੇ ਮਰ ਜਾਂਦੇ। ਜੇ ਉਨ੍ਹਾਂ ਦੇ ਭਾਗ ਸੁੱਤੇ ਨਾ ਹੁੰਦੇ ਤਾਂ ਉਨ੍ਹਾਂ ਦੀ ਹਾਲਤ ਇਸ ਹੱਦ ਤੱਕ ਨਾ ਪਹੁੰਚਦੀ।

ਉਹ ਤਬਾਹੀ ਵਿਚ ਇਸ ਤਰ੍ਹਾਂ ਫਸ ਗਏ,
ਕਿ ਉਹ ਭੁਖ ਦੇ ਮਾਰੇ ਏਕਮ ਦੇ ਚੰਦ ਦੀ ਤਰ੍ਹਾਂ ਕੁੱਬੇ ਹੋ ਗਏ।
ਜੇ ਉਹ ਸੂਰਜ ਦੀ ਟਿੱਕੀ ਵੇਖਦੇ,
ਤਾਂ ਉਹ ਆਸ ਦੇ ਦੰਦ ਖੋਲ੍ਹ ਲੈਂਦੇ (ਉਹ ਉਸਨੂੰ ਖਾਣ ਦੀ ਆਸ ਵਿਚ ਮੂੰਹ ਅੱਡਦੇ)।
ਰੁੱਖਾਂ ਤੇ ਪਤਿਆਂ ਤੇ ਫਲਾਂ ਦਾ ਨਾਂ ਨਿਸ਼ਾਣ ਤਕ ਨਾ ਰਿਹਾ,
ਕਿਉਂਕਿ ਉਹ ਧਰਤੀ ਦੀ ਮਿੱਟੀ ਨੂੰ ਇਉਂ ਚਟਮ ਕਰ ਗਏ ਜਿਵੇਂ ਕਿ ਉਹ ਖੰਡ ਹੋਵੇ।
ਤ੍ਰਹ ਦੇ ਮਾਰੇ ਉਹ ਆਪ ਹੀ ਜਾਲ ਵਿਚ ਫਸ ਗਏ,
ਤਾਂ ਜੋ ਕੋਈ ਤਲਵਾਰ ਦਾ ਪਾਣੀ ਉਨ੍ਹਾਂ ਦੇ ਸੰਘ ਵਿਚ ਟਪਕਾਏ।

ਅੰਤ ਵਿਚ ਜਦ ਸੁਭਾਗ ਦੀ ਅਣਹੋਂਦ ਦੇ ਕਾਰਨ, ਅਧੀਨਤਾ ਦੇ ਨੇਮਾਂ ਤੋਂ ਅਣਜਾਣਾਂ ਦੀ ਹਾਲਤ ਬਹੁਤ ਖ਼ਰਾਬ ਹੋ ਗਈ, ਅਤੇ ਜਦ ਉਨ੍ਹਾਂ ਨੇ ਆਪਣੇ ਕਰਮਾਂ ਦੇ ਦੰਡ ਦਾ ਸਮਾਂ ਨੇੜੇ ਆਇਆ ਵੇਖਿਆ ਤਾਂ ਉਸ ਸਾਰਪੇ ਹੋਏ ਮਕਰ ਤੇ ਬਲ ਦੀ ਮੂਰਤ ਨੇ, ਜੋ ਕੁਰਾਹੇ ਦੀ ਉਜੜੀ ਵਸਤੀ ਦੇ ਮੰਦਭਾਗੇ ਟੋਲੇ ਦਾ ਸਰਦਾਰ ਸੀ, ਬੇਵਸ ਹੋ ਕੇ ਬੜੇ ਤਰਲਿਆਂ ਨਾਲ ਸੇਵਾ ਵਿਚ ਹਾਜ਼ਰ ਹੋਣ ਦਾ ਸੰਦੇਸ਼ ਭੇਜਿਆ ਅਤੇ ਸ਼ਰਨ ਮੰਗੀ। ਕਿਰਪਾਲਤਾ ਅਤੇ ਤਰਸ ਨੂੰ ਮੁਖ ਰਖਦੇ ਹੋਏ ਉਸ ਦੀ ਬੇਨਤੀ ਪ੍ਰਵਾਨ ਹੋਈ ਅਤੇ ਰਾਜ ਦੇ ਅਹਿਲਕਾਰਾਂ ਦੀ ਸਹਾਇਤਾ ਅਤੇ ਪ੍ਰਸਿੱਧ ਸਾਥੀਆਂ ਦੀ ਇਕ ਟੋਲੀ, ਜਿਹੜੀ ਬੜੀ ਬਲਵਾਨ ਸੀ, ਦੇ ਨਾਲ ਇਕੱਲੇ ਇਕੱਲੇ ਨੇ ਆਪਣੇ ਹੱਥ ਮੋਢਿਆਂ ਉਤੇ ਬੰਨ੍ਹ ਕੇ, ਭੁੱਖੇ, ਮੂੰਹ ਵਿਚ ਘਾ ਲੈ ਕੇ ਹਾਜ਼ਰੀ ਦਾ ਸੁਭਾਗ ਪ੍ਰਾਪਤ ਕੀਤਾ ਅਤੇ ਹੋਣੀ ਦੇ ਪੰਜੇ ਵਿਚ ਫਸ ਗਏ। ਜਿੱਤ ਦੇ ਢੋਲ ਦੀ ਆਵਾਜ਼ ਉੱਚੀ ਹੋਈ ਅਤੇ ਇਸ ਦੇ ਫੜੇ ਜਾਣ ਦੀ ਖ਼ੁਸ਼ਖ਼ਬਰੀ, ਜੋ ਰੁਸਤਮ ਦੇ ਕਾਰਨਾਮੇ ਸਮਾਨ ਹੈ, ਹਰ ਮੁਸਾਫ਼ਰ ਤੇ ਪ੍ਰਦੇਸੀ ਦੇ ਕੰਨਾਂ ਵਿਚ ਜਾ ਪਹੁੰਚੀ। ਦੇਵਤਾ-ਸਿਫ਼ਤ ਨਵਾਬ ਦੇ ਲੋਕ ਪਰਲੋਕ ਦੇ ਸੁਖ ਤੇ ਭਲਾਈ ਲਈ, ਹਰ ਅਮੀਰ ਤੇ ਗ਼ਰੀਬ ਨੇ ਪ੍ਰਾਥਨਾ ਕੀਤੀ। ਉਹ ਲੋਕ, ਜਿਹੜੇ ਆਪਣੇ ਘਰਾਂ ਨੂੰ ਛੱਡ ਕੇ ਬੇਘਰ ਹੋ ਗਏ ਸਨ—ਪਿਤਾ ਪੁੱਤਰਾਂ ਤੋਂ ਅਤੇ ਮਾਵਾਂ ਧੀਆਂ ਤੋਂ ਵੱਖਰੀਆਂ ਹੋ ਕੇ ਨਿਰਾਸ਼ਾ ਦੇ ਰਾਹ ਪਈਆਂ ਹੋਈਆਂ ਸਨ—ਇਸ ਪ੍ਰਸੰਨਤਾਦਾਇਕ ਖ਼ੁਸ਼ਖ਼ਬਰੀ ਦੇ ਸੁਣਦੇ ਸਾਰ, ਜੋ ਅਚਣਚੇਤੀ ਦਾਤ ਸੀ, ਆਪਣੇ ਦੇਸ਼ਾਂ ਨੂੰ ਸਿਰਤੋੜ ਭੱਜ ਆਏ, ਮਾਨੋ ਉਨ੍ਹਾਂ ਨੇ ਮਹਾ ਪਰਲੋ ਨੂੰ ਸੁਫ਼ਨੇ ਵਿਚ ਹੀ ਵੇਖਿਆ ਸੀ।

ਸਮਦ ਨੇ ਉਸ ਧਰਤੀ ਨੂੰ ਦਿਆਲਤਾ ਪ੍ਰਦਾਨ ਕੀਤੀ,
ਕਿਉਂਕਿ ਉਸ ਦੇ ਨਿਆਂ ਨੇ ਜ਼ੁਲਮ ਨੂੰ ਨਸ਼ਟ ਕਰ ਦਿੱਤਾ ਸੀ।
ਇਸੇ ਕਾਰਨ ਸਰਾਪਿਆ ਹੋਇਆ ਲਾਹਨਤੀ ਹੋ ਗਿਆ,
ਜਿਵੇਂ ਕਿ ਦੱਜਾਲ (ਇਕ ਬਹੁਤ ਝੂਠਾ ਆਦਮੀ, ਜੋ ਸਮੇਂ ਦੇ ਅੰਤ ਵਿਚ ਜੰਮੇਗਾ)
ਮਹਿਦੀ ਦੇ (ਬਾਰ੍ਹਵੇ ਇਮਾਮ) ਹੱਥ ਵਿਚ ਫਸ ਗਿਆ।
ਜੰਗ-ਜੇਤੂ ਨਵਾਬ ਦੇ ਵਿਚਾਰ ਕਿੰਨੇ ਚੰਗੇ ਸਨ,
ਕਿ ਕਾਲਾ ਨਾਗ ਮਗਰਮਛ ਦੇ ਸੰਘ ਵਿਚ ਚਲਿਆ ਗਿਆ।

ਉਸ ਨੇ ਬੁੱਧੀ, ਜੁਗਤ ਤੇ ਉੱਚੀ ਰਾਏ ਸਦਕੇ,
ਅਜਿਹੇ ਦੈਂਤ ਨੂੰ ਬੋਤਲ ਵਿਚ ਬੰਦ ਕਰ ਦਿੱਤਾ ।

ਜਦ ਕੰਮ ਦੇ ਸਿਲਸਿਲੇ ਦਾ ਸਿਰਾ ਅੰਤ ਤਕ ਪਹੁੰਚ ਗਿਆ ਅਤੇ ਮਨੋਰਥ ਦਾ ਮੋਤੀ ਪ੍ਰਯਤਨ ਦੇ ਡੂੰਘੇ ਸਮੁੰਦਰ ਵਿਚੋਂ ਪ੍ਰਾਪਤ ਹੋ ਗਿਆ, ਤਾਂ ਜਿੱਤ ਦੀ ਓਟ ਨਵਾਬ, ਫ਼ਤਹਿ ਤੇ ਸਫਲਤਾ ਸਹਿਤ ਉਸ ਬਾਦਸ਼ਾਹੀ ਅਮਾਨਤ ਨੂੰ, ਜਿਸ ਦੇ ਘੱਟੇ ਨੂੰ ਸੁਰਗਵਾਸੀ ਬਾਦਸ਼ਾਹ ਪ੍ਰਲੋਕ ਵਿਚ ਆਪਣੇ ਨਾਲ ਲੈ ਗਏ ਸਨ, ਸਪੁਰਦ ਕਰਨ ਲਈ ਦਿੱਲੀ ਨੂੰ ਪੈਂਡੇ ਮਾਰਨ ਵਾਲਾ ਬਣਿਆ । ਉਸਨੇ ਸੰਸਾਰ ਦੀ ਪੁਸਤਕ ਨੂੰ ਖ਼ਰਾਬ ਕਰਨ ਵਾਲੇ ਦੇ ਪੈਰਾਂ ਵਿਚ ਬੇੜੀਆਂ ਪਾ ਕੇ ਸੰਸਾਰ ਦੀ ਘਿਰਣਾ ਦਾ ਪਾਤਰ ਬਣਾਇਆ, ਅਤੇ ਉਸ ਦੀਆਂ ਮੱਕਾਰੀਆਂ ਨੂੰ ਮੁਖ ਰੱਖਦੇ ਹੋਏ ਇਕ ਜੁਆਨ ਨੂੰ ਜੋ ਬਲ ਵਿਚ ਹਾਥੀ ਤੋਂ ਘੱਟ ਨਹੀਂ ਸੀ, ਉਸ ਦੇ ਕੋਲ ਬਿਠਾ ਦਿੱਤਾ, ਤਾਂ ਜੋ ਉਹ ਪੰਜੇ ਦੀ ਤਰ੍ਹਾਂ ਉਸ ਸ਼ਰਾਰਤ ਦੀ ਰਸੋਈ ਦੀ ਅੱਗ ਭੜਕਾਉਣ ਵਾਲੇ ਦੇ ਲੱਕ ਦੁਆਲੇ ਲਿਪਟ ਕੇ ਆਪਣੀ ਅੱਖ ਨੂੰ ਚਿਲਮ ਦੇ ਮੂੰਹ ਦੀ ਤਰ੍ਹਾਂ ਉਸ ਬੇਰੌਣਕੇ ਚਿਹਰੇ ਉਤੇ ਟਿਕਾਈ ਰਖੇ, ਤਾਂ ਜੋ ਉਹ ਦੈਂਤ ਬੋਤਲ ਵਿਚੋਂ ਲੋਪ ਨਾ ਹੋ ਜਾਏ । ਪਰ ਉਹ ਜਿਸ ਪੜਾਉ ਉਤੇ ਠਹਿਰਦੇ ਅਤੇ ਜਿਸ ਸਥਾਨ ਉਤੇ ਡੇਰਾ ਲਾਉਂਦੇ, ਉਥੇ ਮੀਲਾਂ ਤੋਂ ਬਹੁਤ ਸਾਰੇ ਆਦਮੀ ਤੇ ਦੂਰ ਦੁਰਾਡੇ ਤੋਂ ਅਣਗਿਣਤ ਬੰਦੇ ਉਸ ਮੰਦਭਾਗੇ ਵਿਅਕਤੀ ਦੀ ਲਾਸਾਨੀ ਸੁਦੰਰਤਾ ਨੂੰ ਵੇਖਣ ਲਈ ਆਉਂਦੇ ਜਿਸ ਨੇ ਦੇਸ਼ ਨੂੰ ਤਬਾਹ ਕਰ ਕੇ ਆਪਣੇ ਆਪ ਨੂੰ ਵਿਪਤਾ ਵਿਚ ਫਸਾਇਆ ਸੀ । ਉਹ ਉਸ ਫਿਟਕਾਰੇ ਹੋਏ ਦੀ ਲਾਸਾਨੀ ਸੁੰਦਰਤਾ ਨੂੰ ਵੇਖ ਕੇ ਉਸ ਨੂੰ ਧਿਕਾਰ ਭੇਟ ਕਰਦੇ । ਕੀ ਬੁੱਢੇ ਤੇ ਕੀ ਜੁਆਨ, ਤੁਰਤ ਉਸ ਅਦੁੱਤੀ ਨਵਾਬ ਦੀ ਉਮਰ ਤੇ ਰਾਜ ਦੇ ਵਾਧੇ ਲਈ ਪ੍ਰਾਰਥਨਾ ਕਰਦੇ, ਜਿਸ ਨੇ ਅਜਿਹੇ ਨਿਗੁਰੇ ਦੈਂਤ ਨੂੰ ਜੁਗਤ ਨਾਲ ਫੜ ਕੇ ਕੈਦ ਕਰ ਲਿਆ ।

ਉਹ ਆਪਣੇ ਬਾਦਸ਼ਾਹ ਵਲ ਤੁਰ ਪਿਆ,
ਬਾਦਸ਼ਾਹ ਦੀ ਮੁਰਾਦ (ਬੰਦਾ) ਉਸ ਦੇ ਨਾਲ ਸੀ ।
ਬੜੇ ਸਨਮਾਨ, ਸ਼ਾਨ, ਸੁਭਾਗ ਤੇ ਪਦਵੀ ਨਾਲ,
ਨੇਕਨਾਮੀ ਦੇ ਫੁਲ ਰਾਹ ਉਤੇ ਵਰਸਾਉਂਦਾ ਹੋਇਆ ਉਹ ਤੁਰ ਪਿਆ ।
ਸੁਭਾਗੀ ਹਾਲਤ ਅਤੇ ਕਿਰਪਾਲੂ ਸੁਭਾ ਦੇ ਕਾਰਣ,
ਹਰ ਪਾਸੇ ਉਸ ਦੀ ਭਲਾਈ ਦੀ ਪ੍ਰਾਰਥਨਾ ਉਸ ਦੇ ਨਾਲ ਸੀ ।
ਉਹ ਬਾਦਸ਼ਾਹ ਦੇ ਭੇਟ ਕਰਨ ਲਈ ਅਸਚਰਜ ਸੁਗਾਤ ਲੈ ਜਾ ਰਿਹਾ ਸੀ ।
ਜਿਸ ਤੋਂ ਸੰਸਾਰ ਨੂੰ ਸੁਖ ਦਾ ਸਾਹ ਮਿਲਿਆ ।

ਜਦ ਇਹ ਜੇਤੂ ਫ਼ੌਜ ਮੰਜਲਾਂ ਮਾਰਨ ਉਪਰੰਤ ਦਿੱਲੀ ਦੇ ਗੁਆਂਢ ਵਿਚ ਪਹੁੰਚੀ, ਤਾਂ ਪਵਿੱਤਰ ਹੁਕਮ ਜਾਰੀ ਹੋਇਆ ਕਿ ਫਿਟਕਾਰ ਨੂੰ ਭਾਲਣ ਵਾਲੇ ਉਸ ਟੋਲੇ ਨੂੰ ਉਨ੍ਹਾਂ ਦੇ ਲੇਖਾਂ-ਸੜੇ ਸਰਦਾਰ ਸਹਿਤ ਊਠਾਂ ਉਤੇ ਸਵਾਰ ਕਰ ਕੇ ਅਤੇ ਉਨ੍ਹਾਂ ਦੇ ਚਿਹਰਿਆਂ ਨੂੰ ਰੁਸਵਾਈ ਦੇ ਧੂੰਏ ਨਾਲ ਕਾਲਾ ਕਰ ਕੇ ਸ਼ਹਿਰ ਵਿਚ ਦਾਖ਼ਲ ਕਰਨ, ਤਾਂ ਜੋ ਇਹ ਗੱਲ ਦੂਜੇ ਜ਼ਾਲਮਾਂ ਲਈ ਤਾੜਨਾ ਦਾ ਕਾਰਣ ਬਣੇ । ਹੁਕਮ ਦੀ ਪਾਲਣਾ ਹੋਈ ਅਤੇ ਉਦਾਰਤਾ ਦੇ ਟਿਕਾਣੇ ਨਵਾਬ ਨੇ ਸਤਿਕਾਰ ਯੋਗ ਸ਼ਰਨ-ਸ਼ਥਾਨ ਬਾਦਸ਼ਾਹ ਨੂੰ ਪ੍ਰਣਾਮ ਕਰ ਕੇ ਸਮੇਂ ਦੀ ਉਸ ਅਜੀਬ ਸੁਗਾਤ ਨੂੰ, ਜੋ ਬਹੁਤ ਹੀ ਅਸਚਰਜ ਸ਼ੀ, ਦ੍ਰਿਸ਼ਟੀਗੋਚਰੇ ਕੀਤਾ, ਅਮੁਕ

ਪ੍ਰਸ਼ੰਸਾ ਪ੍ਰਾਪਤ ਕੀਤੀ ਅਤੇ ਬੇਹਦ ਸ਼ਾਬਾਸ਼ ਹਾਸਲ ਕੀਤੀ । ਉਸ ਮਹਾਨ ਕੰਮ ਦੇ ਇਨਾਮ, ਵਿਚ, ਜਿਸ ਦੀ ਨਾ ਕੋਈ ਹੱਦ ਨਿਸ਼ਚਿਤ ਕੀਤੀ ਜਾ ਸਕਦੀ ਸੀ ਅਤੇ ਨਾ ਹੀ ਜਿਸ ਦਾ ਵਰਣਨ ਹੋ ਸਕਦਾ ਸੀ,ਨਵਾਬ ਨੇਔਹਦਾ ਤੇ ਖ਼ਿਤਾਬ, ਜਿਹੜੇ ਉਸ ਉੱਚ-ਪਦ, ਸਫਲ ਅਮੀਰ ਲਈ ਯੋਗ ਸਨ, ਹਾਸਲ ਕਰ ਕੇ ਪ੍ਰਮੁਖਤਾ ਦਾ ਸਥਾਨ ਪ੍ਰਾਪਤ ਕੀਤਾ। ਉਸ ਤੋਂ ਮਗਰੋਂ ਉਸ ਨੇ ਉਸ ਸਰਾਪੇ ਹੋਏ, ਪਰਮਾਤਮਾ ਦੇ ਕ੍ਰੋਧ ਅਧੀਨ ਆਏ ਮਜਬੂਰ ਧਿਕਾਰੇ ਨੂੰ ਅਤਿਅੰਤ ਅਜੇਹੇ ਭੈੜੇ ਤੋਂ ਭੈੜੇ ਦੰਡ ਅਤੇ ਕਰੜੇ ਤੋਂ ਕਰੜੇ ਕਸ਼ਟ ਦਿੱਤੇ ਕਿ ਉਨ੍ਹਾਂ ਤੋਂ ਵੱਧ ਹੋਰ ਕਸ਼ਟ ਉਸ ਨੂੰ ਦਿੱਤੇ ਨਹੀਂ ਜਾ ਸਕਦੇ ਸਨ । ਉਸ ਦੇ ਪੰਜ-ਛੇ ਸਾਲ ਦੇ ਇਕ ਪੁੱਤਰ ਅਤੇ ਉਸ ਦੇ ਨਰਕੀ ਸਾਥੀਆਂ ਵਿਚੋਂ ਇਕ ਟੋਲੇ ਨੂੰ ਦੁੱਖਾਂ ਦੇ ਘਰ, ਨਰਕ ਵਿਚ ਭੇਜ ਦਿੱਤਾ ਅਤੇ ਉਚੇ ਲਕਬ (ਉਪਨਾਮ) ਵਾਲਾ ਨਵਾਬ ਵਿਦਾਇਗੀ ਪ੍ਰਾਪਤ ਕਰ ਕੇ ਆਪਣੇ ਪਿਆਰੇ ਦੇਸ਼ ਨੂੰ ਰਵਾਨਾ ਹੋ ਗਿਆ । ਉਸ ਨੇ ਵਾਪਸੀ ਦੀ ਸੁੰਦਰਤਾ ਨਾਲ ਲਾਹੌਰ ਦੇ ਇਲਾਕੇ ਨੂੰ ਨੂਰ ਦਾ ਸਾਖਿਆਤ ਪ੍ਰਕਾਸ਼ ਬਣਾ ਦਿੱਤਾ ।

ਸੁਚੇਤ ਹੋ ਜਾ, ਹੇ ਵਿਸ਼ਵਾਸ ਦੀ ਨਕਦੀ ਤੋਂ ਖ਼ਾਲੀ,
ਨਾ ਤੂੰ ਸੰਸਾਰ ਕਮਾਇਆ ਤੇ ਨਾ ਧਰਮ ।
ਤੂੰ ਲੋਭ ਦੇ ਰਾਹ ਤੇ ਪੈ ਕੇ ਬੇਫ਼ਾਇਦਾ ਬਦਨਾਮ ਹੋਇਆ,
ਤੂੰ ਡਿਗ ਪਿਆ ਤੇ ਨਕਾਰਾ ਹੋ ਗਿਆ ।
ਤੂੰ ਆਪਣੇ ਲਈ ਕੀ ਸਮਾਨ ਇਕੱਠਾ ਕੀਤਾ ?
ਤੂੰ ਤਾਂ ਅੱਗ ਵਿਚ ਡਿਗਿਆ ਤੇ ਆਪਣੇ ਆਪ ਨੂੰ ਸਾੜ ਲਿਆ ।
ਤੈਨੂੰ ਪਦਵੀ ਦੀ ਆਸ ਨੇ ਰਾਹ ਤੋਂ ਭਟਕਾ ਦਿੱਤਾ,
ਲਾਲਸਾ ਨੇ ਤੇਰੇ ਰਾਹ ਵਿਚ ਖੂਹ ਪੁੱਟ ਦਿੱਤਾ ।
ਜੇ ਤੂੰ ਬੇਬੁਨਿਆਦੀ ਕਹਾਣੀ ਨਾ ਕਹਿੰਦਾ,
ਤੇਰੀ ਜ਼ਬਾਨ ਦੰਦਾਂ ਤੋਂ ਬਾਹਰ ਨਾ ਖਿੱਚੀ ਜਾਂਦੀ ।
ਜੇ ਤੂੰ ਲਾਲਸਾ ਦੇ ਹੱਥੋਂ ਬੇਪਤ ਨਾ ਹੁੰਦਾ,
ਤਾਂ ਤੂੰ ਬੇਫ਼ਾਇਦਾ ਨਕਾਰਾ ਕਿਉਂ ਹੁੰਦਾ ।
ਜੇ ਤੂੰ ਹੰਕਾਰ ਦੇ ਕਾਰਨ ਆਪਣੀ ਧੌਣ ਨਾ ਅਕੜਾਉਂਦਾ,
ਤੇਰੇ ਸਿਰ ਨੂੰ ਕਦ ਨੁਕਸਾਨ ਪਹੁੰਚਦਾ ?
ਸਿਆਣਿਆਂ ਦੀ ਰੁਹਰੀਤੀ ਨੂੰ ਓਹੀ ਆਦਮੀ ਪਸੰਦ ਨਹੀਂ ਕਰਦੇ,
ਜਿਨ੍ਹਾਂ ਦਾ ਸਿਰ ਅੰਤ ਨੂੰ ਸੂਲੀ ਉਤੇ ਟੰਗਿਆ ਜਾਣਾ ਹੁੰਦਾ ਹੈ ।

ਦੂਜਾ ਅਧਿਆਇ

## ਤਿਹਾਰਾ[1] ਦੇ ਵੱਡੇ ਜ਼ਿਮੀਂਦਾਰ ਈਸਾ ਖ਼ਾਨ ਅਤੇ ਉਸ ਵਿਦ੍ਰੋਹੀ ਦੇ ਪਿਤਾ ਦੌਲਤ ਖ਼ਾਨ ਦਾ ਬ੍ਰਿਤਾਂਤ ਅਤੇ ਦੋਵੇਂ ਪਿਤਾ ਪੁੱਤਰ ਦਾ ਸੂਰਬੀਰ ਯੋਧਿਆਂ ਦੇ ਹੱਥੋਂ ਆਪਣੇ ਸਥਾਨ ਤੇ ਮਾਰੇ ਜਾਣ ਦਾ ਵਰਣਨ

ਅਸਲੀਅਤ ਦੇ ਫ਼ਰੰਗਿਸਤਾਨ ਦੀ ਸੁੰਦਰਤਾ ਦੇ ਪੁਜਾਰੀਆਂ ਨੇ ਕਥਨ ਦੇ ਸ਼ਰਾਬ-ਰੰਗੇ ਗਲ੍ਹਾਂ ਵਾਲੇ ਪ੍ਰੀਤਮ ਨੂੰ ਏਸ ਤਰ੍ਹਾਂ ਕੰਘੀ ਕਰ ਕੇ ਸਜਾਇਆ ਹੈ ਕਿ ਜਦ ਉਸ ਉੱਚੀ ਪਦਵੀ ਵਾਲੇ ਨਵਾਬ ਨੇ ਅਸਮਾਨ ਨਾਲ ਸੰਬੰਧ ਰੱਖਣ ਵਾਲੇ ਬਾਦਸ਼ਾਹ ਦੇ ਦਰਬਾਰ ਤੋਂ ਪਦਵੀ ਤੇ ਖ਼ਿਤਾਬ ਪ੍ਰਾਪਤ ਕਰਨ ਵਿਚ ਸਫ਼ਲ ਹੋ ਕੇ ਫਿਰ ਪੰਜਾਬ ਦੇ ਦੇਸ਼ ਨੂੰ ਆਪਣੇ ਭਾਗਸ਼ਾਲੀ ਚਰਨਾਂ ਨਾਲ ਲਾਭਵੰਦੇ ਬਣਾਇਆ, ਅਤੇ ਲਾਹੌਰ ਦੇ ਆਨੰਦ ਭਰਪੂਰ ਇਲਾਕੇ ਨੂੰ ਆਪਣੇ ਪ੍ਰਕਾਸ਼ਵਾਨ ਚਿਹਰੇ ਨਾਲ ਸਾਕਾਰ ਪ੍ਰਕਾਸ਼ ਬਣਾਇਆ, ਤਾਂ ਦੌਲਤ ਖ਼ਾਨ ਮੰਜ ਦਾ ਪੁੱਤਰ ਈਸਾ ਖ਼ਾਨ ਜ਼ਿਹਾਰਾ ਦਾ ਜ਼ਿਮੀਂਦਾਰ, ਅਸਮਾਨ ਦੇ ਦਰਜੇ ਵਾਲੇ ਦਰਬਾਰ ਤੋਂ ਪ੍ਰਸਿੱਧ ਮਨਸਬ ਤੇ ਖ਼ਾਨੀ ਦੇ ਖ਼ਿਤਾਬ ਨਾਲ ਸਨਮਾਨਿਤ ਹੋਇਆ ਹੋਇਆ ਸੀ, ਅਤੇ ਇਨ੍ਹਾਂ ਸਾਰੀਆਂ ਕਿਰਪਾਵਾਂ ਦੇ ਧੰਨਵਾਦ ਵਜੋਂ ਰਾਜ ਨੂੰ ਸਲਾਮ ਨਾ ਕਰਨ ਕਰਕੇ ਆਪਣੇ ਘੁਮੰਡ ਦੇ ਸਿਰ ਨੂੰ ਤੂਰ ਪਰਬਤ (ਉਹ ਪਹਾੜ, ਜਿਸ ਉਤੇ ਪਰਮਾਤਮਾ ਨੇ ਹਜ਼ਰਤ ਮੂਸਾ ਨੂੰ ਆਪਣਾ ਪ੍ਰਕਾਸ਼ ਵਿਖਾਇਆ ਸੀ) ਉਤੇ ਚੜ੍ਹਾ ਰਿਹਾ ਸੀ। ਆਪਣੀ ਸੁਭਾਵਿਕ ਮੂਰਖਤਾ ਅਤੇ ਅੱਖੜਪਣੇ ਦੇ ਕਾਰਣ, ਜਿਹੜਾ ਕਿ ਉਸ ਨਿਡਰ ਅਤੇ ਨਿਰਭੈ ਕੌਮ ਦਾ ਆਚਾਰ ਹੈ, ਉਸ ਨੇ ਕਈ ਥਾਵਾਂ ਤੇ ਆਦਮੀਆਂ ਨੂੰ ਕਤਲ ਕਰਕੇ ਜ਼ੁਲਮ ਦਾ ਹੱਥ ਵਧਾਇਆ ਸੀ ਅਤੇ ਯਾਤਰੂਆਂ ਅਤੇ ਮੁਸਾਫ਼ਰਾਂ ਦੀ ਹਾਲਤ ਵਿਚ ਬਹੁਤ ਵਿਘਨ ਪਾਇਆ ਸੀ।

ਉਸ ਨੇ ਵੱਡੇ ਨਾਂ ਦਾ ਰਤਾ ਭਰ ਵੀ ਖ਼ਿਆਲ ਨਾ ਕੀਤਾ,
ਉਹ ਈਸਾ ਸੀ ਪਰ ਉਹ ਗਧਾਪਨ ਨਾ ਛੱਡ ਸਕਿਆ।

ਨਵਾਬ ਉਸ ਦੇ ਹਾਲ ਦੀ ਅਸਲੀਅਤ ਨੂੰ ਜਾਣਦਾ ਹੋਇਆ ਵੀ ਅਣਡਿਠ ਕਰ ਰਿਹਾ ਸੀ, ਇਸ ਲਈ ਉਹ (ਈਸਾ ਖ਼ਾਨ) ਇਸ ਦਰਬਾਰ ਦੀ ਕਦਰ ਨਾ ਪਛਾਣਦਾ ਹੋਇਆ ਗੜਬੜ ਅਤੇ ਫ਼ਸਾਦ ਹੋਰ ਵਧਾ ਰਿਹਾ ਸੀ ਅਤੇ ਨਵਾਬ ਦੀ ਛੋਟ ਕਾਰਣ ਉਸ ਦਾ ਅਤਿਆਚਾਰ ਹੋਰ ਵੀ ਵੱਧ ਰਿਹਾ ਸੀ।

---

1. ਤਿਹਾਰਾ ਸਤਲੁਜ ਦਰਿਆ ਦੇ ਕੰਢੇ ਇਕ ਛੋਟਾ ਜਿਹਾ ਪਿੰਡ ਹੈ।

ਈਸਾ ਨੇ ਪਰਜਾ ਉਤੇ ਏਨਾ ਜ਼ੁਲਮ ਕੀਤਾ,
ਕਿ ਮਰਈਅਮ (ਈਸਾ ਦੀ ਮਾਤਾ) ਦੇ ਹੱਥ ਵਿਚ ਵੀ ਮੋਤੀ ਜਿੰਨੀ ਪੂੰਜੀ ਨਾ ਬਚ ਸਕੀ।
ਉਹ ਆਦਮੀ ਜੋ ਮੂਰਖਤਾ ਦੇ ਕਾਰਨ ਆਪਣੇ ਖੋਤੇ ਦਾ ਨਾਂ ਸਮੰਦ (ਸੁੰਦਰ ਤੇ ਉੱਚੀ ਨਸਲ ਦਾ ਘੋੜਾ) ਰੱਖਦਾ ਹੈ,
ਉਹ ਕਦ ਖੋਤੇ ਨੂੰ ਅੱਡੀ ਮਾਰਨ ਦੀ ਖ਼ੂਬੀ ਨਾਲ ਆਪਣਾ ਸਿਰ ਉੱਚਾ ਕਰ ਸਕਦਾ ਹੈ।

ਹੌਲੀ ਹੌਲੀ ਉਨ੍ਹਾਂ ਜ਼ਿਲਿਆਂ ਦੇ ਰਾਹਾਂ ਅਤੇ ਸੜਕਾਂ ਉਤੇ ਚਲਣਾ ਮੌਤ ਦੇ ਤੁੱਲ ਹੀ ਸਮਝਿਆ ਜਾਣ ਲੱਗਾ ਅਤੇ ਉਨ੍ਹਾਂ ਇਲਾਕਿਆਂ ਦੇ ਸ਼ਹਿਰਾਂ ਅਤੇ ਪਿੰਡਾਂ ਦੀ ਜਨਤਾ ਤਬਾਹ ਹੋ ਗਈ। ਨਵਾਬ ਫੇਰ ਵੀ ਨੇਕ ਅਤੇ ਦੇਵ ਸੁਭਾ ਦੇ ਸਦਕੇ ਚਾਹੁੰਦਾ ਸੀ ਕਿ ਉਪਦੇਸ਼ ਤੇ ਦਿਲ-ਪਸਿੰਦ ਨਸੀਹਤ ਅਤੇ ਉਪਰੋਂ ਉਪਰੋਂ ਝਾੜ ਝੰਬ ਕੇ ਉਸ ਕੁਰਾਹੀਏ ਨੂੰ ਰਾਹੇ ਪਾਏ, ਪਰ ਕਿਉਂਕਿ ਉਹ ਗੁਮਰਾਹੀ ਦੇ ਜੰਗਲ ਵਿਚ ਘੁੰਮਣ ਵਾਲਾ ਸੀ, ਉਸ ਉਤੇ ਕੋਈ ਅਸਰ ਨਾ ਹੋਇਆ ਅਤੇ ਨਾ ਹੀ ਉਸ ਦਾ ਕੋਈ ਲਾਭ ਹੋਇਆ।

ਮੈਂ ਸੁਣਿਆ ਹੈ ਕਿ ਈਸਾ ਆਪਣੇ ਸਾਹ (ਈਸਾ ਮੁਰਦੇ ਨੂੰ ਫੂਕ ਮਾਰ ਕੇ ਜੀਉਂਦਾ ਕਰ ਦਿੰਦਾ ਸੀ) ਦੇ ਸਦਕੇ
ਮੋਏ ਸਰੀਰ ਦੀ ਮਿਟੀ ਨੂੰ ਸੁਰਜੀਤ ਕਰ ਦਿੰਦਾ ਸੀ।
ਇਹ ਕਿਹੋ ਜਿਹਾ ਈਸਾ ਹੈ ? ਇਹ ਤਾਂ ਨਿਡਰ ਬਿੱਛੂ ਹੈ,
ਜ਼ਰਾ ਦੇਖੋ ਕਿ ਇਸ ਤੋਂ ਜੀਉਂਦੇ ਸਰੀਰਾਂ ਵਿਚੋਂ ਜਾਨ ਨਿਕਲ ਗਈ।
ਪਰ ਤੇਜ ਤੇ ਪ੍ਰਤਾਪ ਉਸੇ ਆਦਮੀਂ ਨੂੰ ਸ਼ੋਭਦੇ ਹਨ,
ਜਿਹੜਾ ਬਲ ਤੇ ਸੱਤਾ ਦੇ ਹੁੰਦੇ ਹੋਏ ਆਪਣਾ ਸਿਰ (ਦੂਜੇ ਦੇ) ਪੈਰਾਂ ਤੇ ਰਖਦਾ ਹੈ।
ਫੋਕੇ ਸਿਰ-ਫਿਰੇ ਨੇ ਘੁਮੰਡ ਨੂੰ ਆਪਣਾ ਵਤੀਰਾ ਬਣਾਇਆ,
ਪਰ ਫਲ ਟਾਹਣੀ ਨੂੰ ਝੁਕਾਉਂਦਾ ਹੈ।
ਉਹ ਸੁਭਾਗਾ ਆਦਮੀ ਹੈ, ਜਿਹੜਾ ਧਨ, ਪ੍ਰਤਾਪ ਤੇ ਪਦਵੀ ਦੇ ਹੁੰਦੇ ਹੋਏ
ਨਿਤਾਣਿਆਂ ਦੇ ਅੱਗੇ ਆਪਣੀ ਟੋਪੀ ਲਾਹ ਕੇ ਰਖ ਦਿੰਦਾ ਹੈ (ਨੀਵਾਂ ਹੋ ਜਾਂਦਾ)।
ਉਪਦੇਸ਼ ਉਸ ਆਦਮੀ ਉਤੇ ਅਸਰ ਕਰਦਾ ਹੈ,
ਜਿਹੜਾ ਕੰਮ ਦੇ ਅੰਤ ਨੂੰ ਵਿਚਾਰਦਾ ਹੈ।
ਘੁਮੰਡੀ ਉਤੇ ਉਪਦੇਸ਼ ਦਾ ਅਸਰ ਨਹੀਂ ਹੁੰਦਾ,
ਇਸ ਤੋਂ ਪਹਿਲਾਂ ਹੀ ਉਸ ਦਾ ਸਿਰ ਸੂਲੀ ਤੇ ਚੜ੍ਹ ਜਾਂਦਾ ਹੈ।

ਜਦ ਉਸ ਦੀ ਗੜਬੜ ਹਦੋਂ ਟੱਪ ਗਈ ਅਤੇ ਉਸ ਟੇਢੇ ਸੁਭਾਉ ਵਾਲੇ ਦੇ ਅਨਿਆਂ ਦੀ ਸ਼ਕਾਇਤ ਅਸਮਾਨ ਤੱਕ ਜਾ ਪੁੱਜੀ, ਤਾਂ ਨਵਾਬ ਨੇ ਤੰਗ ਆ ਕੇ ਕਸੂਰੀ ਅਫ਼ਗਾਨ ਸ਼ਹਿਦਾਦ ਖ਼ਾਨ, ਜੋ ਉਸ ਉੱਚ ਸਰਕਾਰ ਦਾ ਮਨਸਬਦਾਰ ਅਤੇ ਇਤਬਾਰੀਆਂ ਵਿਚੋਂ ਸੀ, ਦੀ ਸਰਦਾਰੀ ਹੇਠ ਇਕ ਫ਼ੌਜ ਉਸ ਨਿਆਦਰੇ (ਬੇਅਦਬ) ਨੂੰ ਠੀਕ ਕਰਨ ਲਈ ਨਿਯੁਕਤ ਕੀਤੀ ਅਤੇ ਆਪਣੇ ਸੁਭਾਗ ਨੂੰ ਉਸ ਦੇ ਹਾਲ ਅਤੇ ਉਸ ਦੇ ਉਪਰਾਲੇ ਦੇ ਨਤੀਜੇ ਦਾ ਸਹਾਇਕ ਬਣਾਇਆ। ਕਸੂਰੀ ਅਫ਼ਗਾਨ ਨੇ ਆਪਣੀ ਸੁਭਾਵਕ ਬਹਾਦਰੀ, ਜੋ ਅਫ਼ਗਾਨਾਂ ਦੀ ਤਲਵਾਰ ਦਾ ਗੁਣ ਹੈ, ਅਤੇ ਉਸ ਵੈਰ ਦੇ ਕਾਰਨ, ਜੋ ਉਹ ਉਸ ਦੇਸ਼ ਦੀ ਜ਼ਿਮੀਂਦਾਰੀ



P.U.P.—911

ਦੀਆਂ ਹੱਦਾਂ ਦੇ ਸਾਂਝੇ ਰਾਹਾਂ ਸੰਬੰਧੀ ਉਸ ਨਾਲ ਰੱਖਦਾ ਸੀ, ਨੇਜ਼ਾ ਚੁਕਿਆ ਕਿ ਜੇ ਉਹ ਭਾਗਾਂ ਦੀ ਅਗਵਾਈ ਤੇ ਨੇਕਬਖ਼ਤੀ ਦੇ ਨੇਤਤ੍ਰ ਨਾਲ ਬੁੱਧੀ ਦੇ ਅਧੀਨ ਹੋ ਕੇ ਸੇਵਾ ਤੇ ਆਗਿਆਕਾਰੀ ਦੇ ਵਿਹਾਰ ਨੂੰ ਧਾਰਨ ਕਰ ਕੇ ਆਪਣੇ ਆਪ ਨੂੰ ਸੇਵਾ ਦੇ ਸੁਭਾਗ ਤੋਂ ਲਾਭਵੰਦਾ ਬਣਾਏ (ਤਾਂ ਠੀਕ), ਨਹੀਂ ਤਾਂ ਹਿੰਮਤ ਦੀ ਸਹਾਇਤਾ ਅਤੇ ਵੈਰੀਨਾਸ਼ਕ ਸੁਭਾਗ ਦੇ ਸਾਥ ਕਾਰਣ ਉਸ ਮੂਰਖ ਦਾ ਸਿਰ ਨਵਾਬ ਦੀ ਹਜ਼ੂਰੀ ਵਿਚ ਪਹੁੰਚਾਵੇ, ਤਾਂ ਜੋ ਉਹ ਸੁਰਖ਼ਰੂ ਹੋਵੇ।

ਸਮਦ ਦੇ ਹੁਕਮ ਨਾਲ ਫ਼ੌਜ ਭੇਜ ਦਿੱਤੀ ਗਈ,
ਉਹ ਸਿਰ ਤੋਂ ਪੈਰਾਂ ਤਕ ਸ਼ੇਰ ਦੇ ਪੰਜਿਆਂ ਵਾਂਗ ਸ਼ਸਤਰ-ਬੱਦ ਸੀ।
ਸ਼ਹਿਦਾਦ ਖ਼ਾਨ ਦੀ ਰਾਹੀਂ ਉਸ ਦੀ ਸਹਾਇਤਾ ਹੋਈ।
ਪਰਮਾਤਮਾ ਉਸ ਦੇ ਸ਼ਹਿਦਾਦ ਉਤੇ ਕਿਰਪਾ ਕਰੇ।

ਜਦ ਜੇਤੂ ਫ਼ੌਜ ਪੈਂਡਾ ਮਾਰਨ ਉਪਰੰਤ ਵੈਰੀ ਦੀ ਸਰਹੱਦ ਤੇ ਪੁੱਜੀ, ਪਹਿਲਾਂ, ਉਪਰੋਕਤ ਖ਼ਾਨ ਨੇ ਉਸ ਕੋਲ ਸੰਦੇਸ਼ ਭੇਜਿਆ ਕਿ ਗ਼ਫ਼ਲਤ ਦਾ ਫੰਬਾ ਸੂਝ-ਬੂਝ ਦੇ ਕੰਨ ਵਿਚੋਂ ਕਢ ਕੇ ਅਤੇ ਘੁਮੰਡ ਤੇ ਹੰਕਾਰ ਦੇ ਨਸ਼ੇ ਨੂੰ ਅਧੀਨਗੀ ਤੇ ਮੁਆਫ਼ੀ ਦੀ ਬੇਨਤੀ ਦੀ ਹਵਾ ਨਾਲ ਆਪਣੇ ਸਿਰ 'ਚੋਂ ਦੂਰ ਕਰ ਕੇ ਬਾਦਸ਼ਾਹੀ ਬੰਦਿਆਂ ਨਾਲ, ਜੋ ਸਮਦੀ ਸੁਭਾਗ ਦੇ ਸਹਾਇਕ ਅਤੇ ਪਰਮਾਤਮਾ ਦੀ ਸੁਰੱਖਿਆ ਵਿਚ ਹਨ, ਆਗਿਆਕਾਰੀ ਦੇ ਢੰਗ ਤੇ ਵਤੀਰੇ ਨੂੰ ਪ੍ਰਗਟਾਵੇ। ਜੇ ਇਹ ਪ੍ਰਵਾਨ ਨਹੀਂ ਤਾਂ ਰਣ-ਖੇਤਰ ਵਿਚ ਆਵੇ ਅਤੇ ਵੇਖੇ ਕਿ ਪਰਮਾਤਮਾ ਦੀ ਕਿਰਪਾ ਕਿਸ ਵਲ ਰੁਚਿਤ ਹੁੰਦੀ ਹੈ।

ਆ, ਜੇ ਆਗਿਆਕਾਰੀ ਨਾਲ ਤੇਰਾ ਸੰਬੰਧ ਹੈ,
ਕਲ ਨੂੰ ਛੱਡ, ਕਿਉਂਕਿ ਅੱਜ ਮੈਂ ਤੇਰਾ ਮਿੱਤਰ ਹਾਂ।
ਜੇ ਤੇਰੇ ਸਿਰ ਵਿਚ ਹੰਕਾਰ ਸਮਾ ਗਿਆ ਹੈ,
ਤਾਂ ਰਣ-ਖੇਤਰ ਵਿਚ ਆ, ਤੇ ਵੇਖ ਕਿ ਪਰਮਾਤਮਾ ਕੀ ਕਰਦਾ ਹੈ।

ਕਿਉਂਕਿ ਪਦਵੀ ਅਤੇ ਸ਼ਾਨ ਦਾ ਘੁਮੰਡ ਸਾਰਿਆਂ ਦੇ ਰਾਹ ਵਿਚ ਕੰਡਾ ਹੈ, ਤੇ ਬਲ ਹਰ ਬੰਦੇ ਲਈ, ਇਸ ਲਈ ਉਪਰੋਕਤ ਜ਼ਿਮੀਂਦਾਰ ਦੇ ਮੱਥੇ ਨੇ, ਜਿਸ ਨੇ ਕਿ ਬੜੇ ਸਮੇਂ ਤੋਂ ਆਪਹੁਦਰੇਪੁਣੇ ਦਾ ਪਾਣੀ ਪੀਤਾ ਸੀ, ਰਾਜਪੂਤੀ ਘੁਮੰਡ ਤੇ ਹੰਕਾਰ ਦੇ ਕਾਰਨ ਇਸ ਸੰਦੇਸ਼ ਦੇ ਉੱਜੜਪੁਣੇ ਦੇ ਮਿਆਨ ਵਿਚੋਂ ਕ੍ਰੋਧ ਦੀ ਤਲਵਾਰ ਕੱਢੀ। ਕ੍ਰੋਧ ਦੇ ਤੂਫ਼ਾਨ ਦੇ ਕਾਰਨ ਜਦ ਉਸ ਦੇ ਸਰੀਰ ਵਿਚ ਕਾਂਬਾ ਪੈਦਾ ਹੋਇਆ, ਤਾਂ ਉਹ ਭੰਵਰ ਦੀ ਤਰ੍ਹਾਂ ਆਪਣੇ ਆਪ ਵਿਚ ਵੱਟ ਖਾ ਕੇ ਤੇਜ਼ ਹੜ੍ਹ ਦੀ ਤਰ੍ਹਾਂ ਉੱਤਰ ਦੇਣ ਲਈ ਆਪ ਹਰਕਾਰਾ ਬਣ ਗਿਆ ਅਤੇ ਆਪਣੇ ਪਿਤਾ ਦੀ ਸੈਨਾ ਅਤੇ ਫ਼ੌਜ ਨੂੰ, ਜੋ ਧਨ ਅਤੇ ਗਿਣਤੀ ਵਿਚ ਉਸ ਦੀ ਫ਼ੌਜ ਨਾਲੋਂ ਘੱਟ ਨਹੀਂ ਸੀ, ਲੈ ਕੇ ਅਤਿਅੰਤ ਤੇਜ਼ੀ ਨਾਲ ਕੂਚ ਕਰ ਕੇ ਇਹ ਫ਼ੈਸਲਾ ਕੀਤਾ ਕਿ ਘੁਮੰਡ ਅਤੇ ਹੰਕਾਰ ਦੇ ਕਾਰਨ ਆਪਣੇ ਸਿਰ ਨੂੰ ਲਹੂ ਦੇ ਦਰਿਆ ਦਾ ਬੁਲਬੁਲਾ ਬਣਾਵੇ। ਕਥਿਤ ਖ਼ਾਨ (ਸ਼ਹਿਦਾਦ ਖ਼ਾਨ) ਜੋ ਆਪਣੇ ਸਿਰ ਉਤੇ ਸਮਦੀ ਸੁਭਾਗ ਅਤੇ ਆਪਣੇ ਹੱਥ ਵਿਚ ਯੁੱਧ ਦੀ ਡੋਰ ਰਖਦਾ ਸੀ, ਇਸ ਖ਼ਬਰ ਦੇ ਸੁਣਨ ਸਾਰ ਤੁਰਤ ਹੀ ਉਸ ਗੁਸਤਾਖ਼ ਅਤੇ ਧੋਖੇਬਾਜ਼ ਦੇ ਟਾਕਰੇ ਲਈ ਰਵਾਨਾ ਹੋਇਆ ਅਤੇ ਉਸ ਨੰਗੀ ਤਲਵਾਰ ਉਤੇ ਦੋ ਧਾਰੀ ਤੇਗ ਬਣ ਕੇ ਟੁੱਟ ਪਿਆ।

ਹਰ ਪਾਸੇ ਕ੍ਰੋਧ ਨਾਲ ਫ਼ੌਜਾਂ ਤਣ ਗਈਆਂ,
ਘੋੜਿਆਂ ਦੇ ਸੁਮਾਂ ਹੇਠ ਧਰਤੀ ਲੁਕ ਗਈ ।
ਉਸ ਦੇ ਘੁਮੰਡ ਨੇ ਹਰ ਪਾਸੇ ਕਤਾਰਾਂ ਤਰਤੀਬੀਆਂ,
ਹਰ ਦਿਸ਼ਾ ਤੋਂ ਪਾਗਲਪਨ ਦਾ ਬੁਖ਼ਾਰ ਉਠ ਖੜ੍ਹਿਆ ।
ਤ੍ਰੇਹ ਦੇ ਮਾਰੇ ਧਰਤੀ ਦੇ ਬਲੂ ਸੁੱਕ ਗਏ ।
ਇਹੋ ਸੰਸਾਰ ਦੇ ਲਹੂ ਲਹਾਣ ਹੋਣ ਦਾ ਕਾਰਣ ਬਣਿਆ ।

ਜਦ ਜੇਤੂ ਫ਼ੌਜ ਦੀ ਧੂੜ ਉਸ ਬਘਿਆੜ ਸੁਭਾਉ ਵਾਲੇ ਦੀ, ਜੋ ਸਫ਼ਲ ਫ਼ੌਜ ਦੇ ਆਦਮੀਆਂ ਨੂੰ ਭੇਡਾਂ ਦੇ ਇੱਜੜ ਤੋਂ ਵੱਧ ਨਹੀਂ ਸੀ ਸਮਝਦਾ, ਅੱਖ ਵਿਚ ਸੁਰਮੇ ਦੀ ਤਰ੍ਹਾਂ ਪਈ, ਤਾਂ ਉਸ ਨੇ ਹੀਏ ਦੀ ਤੰਗੀ ਅਤੇ ਸੁਭਾਉ ਦੀ ਤੇਜ਼ੀ, ਘੁਮੰਡ ਦੀ ਬਹੁਲਤਾ, ਫ਼ੌਜ ਦੀ ਬਹੁਗਿਣਤੀ, ਬਲ ਅਤੇ ਆਪਮੁਹਾਰੀ ਬਹਾਦਰੀ ਦੇ ਕਾਰਨ ਚੀਤੇ ਦੀ ਚਾਲ ਵਾਲੇ ਸ਼ੇਰਾਂ ਨੂੰ ਫੜਨ ਵਾਲਿਆਂ ਉਤੇ ਚੜ੍ਹਾਈ ਕਰ ਦਿੱਤੀ ਅਤੇ ਤਲਵਾਰ ਦੀ ਲੜਾਈ ਲੜੀ । ਬੀਰ-ਬਹਾਦਰ ਯੋਧਿਆਂ ਦੇ ਚਿਹਰਿਆਂ ਤੇ ਮਗਰਮੱਛਾਂ ਨਿਆਈਂ ਲਾਲੀਆਂ ਚੜ੍ਹ ਗਈਆਂ ਅਤੇ ਉਨ੍ਹਾਂ ਨੇ ਬੜੀ ਬਹਾਦਰੀ ਨਾਲ ਜੌਹਰ ਦੀ ਤਰ੍ਹਾਂ ਉਸਲਵੱਟੇ ਖਾਂਦੇ ਅਤੇ ਤਲਵਾਰ ਦੀ ਤਰ੍ਹਾਂ ਇਕਲਖ਼ਤ ਵੈਰੀ ਦੀ ਫ਼ੌਜ ਦੇ ਕੇਂਦ੍ਰੀ ਭਾਗ ਉਤੇ ਟੁੱਟ ਪਏ । ਦਲੇਰੀ ਦੀ ਇੱਜ਼ਤ ਅਤੇ ਆਪਣੇ ਸਰਪਰਸਤ ਦੀ ਵਫ਼ਾਦਾਰੀ ਨੂੰ ਮੁਖ ਰਖਦੇ ਹੋਏ ਉਨ੍ਹਾਂ ਨੇ ਲਹੂ ਲੁਹਾਣ ਕਰਨ ਵਾਲੀ ਤਲਵਾਰ ਨਾਲ, ਜੋ ਦਲੇਰੀ ਅਤੇ ਹਿੰਮਤ ਦੇ ਪਹਾੜਾਂ ਦਾ ਅਜ਼ਗਰ ਹੈ, ਰਣ-ਖੇਤਰ ਵਿਚ ਬਹਾਦਰੀ ਵਿਖਾਈ ।

ਯੁੱਧ ਵਿਚ ਪਰਖੇ ਹੋਏ ਬਹਾਦਰ ਜੁਆਨ
ਲੜਾਈਆਂ ਵਿਚ ਸ਼ੇਰਾਂ ਦੀ ਤਰ੍ਹਾਂ ਗੁਥਮ-ਗੁੱਥਾ ਹੋ ਗਏ ।
ਉਨ੍ਹਾਂ ਨੇ ਹਰ ਪਾਸੇ ਮਹਾਂ ਪਰਲੋ ਦੀ ਨੀਂਹ ਰੱਖੀ,
ਸਰੀਰਾਂ ਤੋਂ ਸੀਸ ਵੱਢ ਦਿੱਤੇ ।
ਜਦ ਬਹਾਦਰਾਂ ਨੇ ਮਾਰਨ ਵਾਲੀ ਤਲਵਾਰ ਚਲਾਈ,
ਤਾਂ ਸਿਰ ਧੜ ਤੋਂ ਵੱਖ ਹੋ ਕੇ ਚਿਕੜ ਵਿਚ ਡਿੱਗ ਪਏ ।
ਲੜਾਈ ਦੇ ਧਨੀ ਮਰਦਾਂ ਦੇ ਜੋਸ਼ ਦੇ ਕਾਰਨ ਉਨ੍ਹਾਂ ਦੀ ਤਲਵਾਰ
ਸਾਫ਼ ਚਿਹਰਿਆਂ ਵਿਚੋਂ ਏਸ ਤਰਾਂ ਲੰਘ ਜਾਂਦੀ ਸੀ ਜਿਵੇਂ ਸਾਬਣ ਵਿਚੋਂ ਤਾਰ ।
ਬਹਾਦਰਾਂ ਦੀ ਤਲਵਾਰ ਦੀ ਧਾਰ ਤੋਂ,
ਅੱਖਾਂ ਦੇ ਟੋਏ ਪੁਤਲੀਆਂ ਤੋਂ ਖ਼ਾਲੀ ਹੋ ਗਏ ।
ਸ਼ਹੀਦਾਂ ਦੇ ਖ਼ੂਨ ਨਾਲ ਧਰਤੀ ਬਹਾਰ ਦੀ ਰੁੱਤ ਬਣ ਗਈ (ਰੰਗੀਲੀ ਹੋ ਗਈ),
ਤੂੰ ਕਹੇਂਗਾ ਕਿ ਉਥੇ ਫੁੱਲ ਵਰਸੇ ।
ਤੇਜ਼ ਭੱਜਣ ਵਾਲੇ ਘੋੜਿਆਂ ਦੇ ਸੁੰਮ ਉਸ ਖ਼ੂਨੀ ਲੜਾਈ ਦੇ ਕਾਰਨ
ਪੋਸਤ ਦੇ ਫੁੱਲ ਦੇ ਰੰਗ ਜਿਹੀ ਸ਼ਰਾਬ ਨਾਲ ਪਿਆਲਿਆਂ ਦੀ ਤਰ੍ਹਾਂ ਭਰ ਗਏ ।
ਉਹ ਬਿਨਾਂ ਸੇਧ ਅਤੇ ਨਿਸ਼ਾਨੇ ਤੋਂ ਤੀਰ ਮਾਰਦੇ,
ਕਮਾਣ ਦੀ ਖਿਚ ਨਾਲ ਉਨ੍ਹਾਂ ਵਿਚ ਖਿਚ-ਪਾੜ ਪੈ ਗਈ ।

ਵੈਰੀ ਫ਼ੌਜ ਦੇ ਬਹਾਦਰ ਜੁਆਨ ਭਾਵੇਂ ਪਸ਼ੂ-ਸ਼ਕਤੀ ਕਾਰਨ ਲਹਿਰਾਂ ਵਾਂਗ ਆਪਣਾ ਸਿਰ ਪੱਥਰ ਨਾਲ ਮਾਰਦੇ, ਪਰ ਉਨ੍ਹਾਂ ਨੂੰ ਹਾਰ ਤੋਂ ਬਿਨਾਂ ਕੋਈ ਲਾਭ ਹੁੰਦਾ ਨਾ ਦਿਸਿਆ

ਅਤੇ ਵੈਰੀ ਦੀ ਡੰਗਰਾਂ ਜੇਹੀ ਸੱਤਾ ਵਾਲੀ ਫ਼ੌਜ, ਜਿਹੜੀ ਮੂਰਖਤਾ ਦੀ ਬਹੁਲਤਾ ਕਾਰਨ ਇਕ ਬੇਫ਼ਾਇਦਾ ਲੜਾਈ ਲੜ ਰਹੀ ਸੀ, ਆਪਣੇ ਸਮੇਂ ਦੇ ਪਹਿਲੂ ਉਤੇ ਸ਼ਰਮ ਦੇ ਦਾਗ਼ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਪ੍ਰਾਪਤ ਕਰਦੀ। ਕਿਉਂਕਿ ਦਿਲੀ ਵੈਰ ਅਤੇ ਪੁਰਾਣੀ ਦੁਸ਼ਮਣੀ ਇਕ ਦੂਜੇ ਨੂੰ ਇਸੇ ਗੱਲ ਤੇ ਪ੍ਰੇਰਿਤ ਕਰਦੀ ਸੀ ਕਿ ਜੇ ਵੈਰੀ ਲੋਹੇ ਦਾ ਪਹਾੜ ਵੀ ਹੋਵੇ ਤਾਂ ਵੀ ਉਹ ਤੇਸੇ ਦੀ ਤਰ੍ਹਾਂ ਸਿਰ ਨੂੰ ਪੱਥਰ ਨਾਲ ਟਕਰਾਣ ਤੋਂ ਸੰਕੋਚ ਨਾ ਕਰਨ ਅਤੇ ਜੇ ਵੈਰੀ ਬਹੁਤ ਜ਼ਬਰਦਸਤ ਹੋਵੇ, ਤਾਂ ਲਹਿਰ ਵਾਂਗ ਉਨ੍ਹਾਂ ਨਾਲ ਗੁਥਮਗੁੱਥਾ ਹੋਣ ਤੋਂ ਕੰਨੀ ਨਾ ਕਤਰਾਣ। ਉਸ ਵਿਦ੍ਰੋਹੀ ਜ਼ਿਮੀਂਦਾਰ ਨੇ ਇਕੋ ਵੇਰ ਡਾਕੂਆਂ ਵਾਲੀ ਦੌੜ-ਧੁੱਪ ਛੱਡ ਕੇ, ਹਾਥੀ ਉਤੇ ਚੜ੍ਹ ਕੇ, ਤੇਜ਼ ਭੱਜਣ ਵਾਲੇ ਕਾਲੇ ਨਾਗ ਦੀ ਤਰ੍ਹਾਂ ਦੰਦ ਪੀਂਹਦੇ ਹੋਏ ਆਪਣੇ ਆਪ ਨੂੰ ਕਸੂਰੀਏ ਖ਼ਾਨ, ਜੋ ਫ਼ੌਜ ਦੀ ਜੜ੍ਹ ਅਤੇ ਜਿੱਤ ਦੇ ਮਿੱਤਰ ਨਵਾਬ (ਸਮਦ ਖ਼ਾਨ) ਦਾ ਸੈਨਾਪਤੀ ਸੀ, ਦੇ ਹਾਥੀ ਉਤੇ ਹੱਲਾ ਬੋਲ ਦਿੱਤਾ ਅਤੇ ਪਹਿਲਵਾਨਾਂ ਵਾਂਗ ਪਾਸੇ ਨਾਲ ਪਾਸਾ ਜੋੜ ਕੇ ਕੁੱਝ ਲਹੂ ਪੀਣੀਆਂ ਤਲਵਾਰਾਂ ਅਤਿਅੰਤ ਕ੍ਰੋਧ ਵਿਚ ਵੈਰੀ ਉਤੇ ਜੋੜ ਕੇ ਚਲਾਈਆਂ। ਕਿਉਂਕਿ ਪਰਮਾਤਮਾ ਦੀ ਰੱਖਿਆ ਮੱਛਰ ਨੂੰ ਅਜ਼ਗਰ ਦੇ ਮੂੰਹੋਂ ਅਤੇ ਦਾਣੇ ਨੂੰ ਚੱਕੀ ਦੇ ਪੁੜ ਹੇਠੋਂ ਸੁਰੱਖਿਅਤ ਰੱਖ ਸਕਦੀ ਹੈ, ਵੈਰੀ ਦੀ ਤਲਵਾਰਾਂ ਨਾਲ ਲੜੀ ਇਹ ਲੜਾਈ ਬਿਲਕੁਲ ਸਫਲ ਨਾ ਹੋਈ ਅਤੇ ਸਮਦੀ ਸੁਭਾਗ ਉਸ ਦੀ (ਕਸੂਰੀ ਖ਼ਾਨ ਦੀ) ਸਦੀਵੀ ਓਟ ਬਣ ਗਿਆ।

ਜਿਸ ਨੂੰ ਪਰਮਾਤਮਾ ਆਪਣੀ ਸ਼ਰਨ ਵਿਚ ਰੱਖੇ,
ਉਸ ਨੂੰ ਭਿਆਨਕ ਸ਼ੇਰਾਂ ਦੇ ਯੁੱਧ ਦਾ ਕੀ ਡਰ ?
ਜਿਥੇ ਕਿਤੇ ਵੀ ਉਸ ਦੀ ਸੁਰੱਖਿਆ ਢਾਲ ਬਣ ਜਾਵੇ,
ਉਥੇ ਕੀੜੀ ਵੀ ਨਰ ਹਾਥੀਆਂ ਤੋਂ ਸੁਰੱਖਿਅਤ ਰਹਿੰਦੀ ਹੈ।
ਉਸ ਦੀ ਕਿਰਪਾ ਉਥੇ ਹੁੰਦੀ ਹੈ, ਜਿਥੇ ਸੁਰੱਖਿਆ ਅਤੇ ਓਟ
ਬਾਦਸ਼ਾਹ ਦੇ ਹੱਥੋਂ ਫ਼ਕੀਰ ਨੂੰ ਬਚਾ ਕੇ ਰੱਖਦੀ ਹੈ।

ਇਸੇ ਸਮੇਂ ਬੰਦੂਕ ਦੇ ਤੀਰ ਦੀ ਤਰ੍ਹਾਂ ਮੌਤ ਦਾ ਤੀਰ ਤੁਰਤ ਹੀ ਸ਼ਾਹਜ਼ਾਦੇ ਦੀ, ਜੋ ਪਿਤਾ ਦੇ ਪਿੱਛੇ ਬੈਠਿਆ ਸੀ, ਸ਼ਿਸਤ ਚੋਂ ਨਿਕਲਿਆ ਅਤੇ ਚੀਨ ਦੀ ਚਿਤ੍ਰਕਾਰੀ ਦੀ ਤਰ੍ਹਾਂ ਉਸ ਆਵੇਸਲੇਪਨ ਅਤੇ ਗ਼ਲਤੀ ਦੀ ਸ਼ਰਾਬ ਵਿਚ ਮਸਤ ਹੋਏ ਦੇ ਮੱਥੇ ਦੀਆਂ ਤਿਊੜੀਆਂ ਵਿਚ ਜੰਮ ਗਿਆ ਅਤੇ ਬੰਦੂਕ ਦੇ ਤੀਰ ਦੀ ਤੇਜ਼ੀ ਨਾਲ ਦੂਜੇ ਪਾਸੇ ਨਿਕਲ ਗਿਆ। ਨੰਗੀ ਤਲਵਾਰ ਹੱਥ ਵਿਚ ਹੀ ਰਹਿ ਗਈ ਤੇ ਲੁਕਵੇਂ ਭੇਦ ਦਿਲ ਵਿਚ ਹੀ, ਕਿਉਂਕਿ ਆਤਮਾ ਦਾ ਸੁਨਹਿਰੀ ਪੰਛੀ ਸਰੀਰ ਦੇ ਪਿੰਜਰੇ ਵਿਚੋਂ ਉੱਡ ਗਿਆ ਅਤੇ ਆਸ ਦੀ ਅੱਖ ਉਡੀਕ ਦੀ ਸੜਕ ਉਤੇ ਅਸਚਰਜ ਰਹਿ ਗਈ। ਅਸਚਰਜ ਗੱਲ ਇਹ ਹੈ ਕਿ ਦੌਲਤ ਖ਼ਾਨ ਨੂੰ ਵੀ, ਜੋ ਉਸ ਦੇ ਯੋਗ ਨਹੀਂ ਸੀ, ਜੰਗ ਦੇ ਧਨੀ ਬਹਾਦਰਾਂ ਦੇ ਹੱਥੋਂ ਕਤਲ ਹੋਇਆ ਵੇਖਿਆ ਗਿਆ ਅਤੇ ਭੈੜੇ ਵਤੀਰੇ ਤੇ ਗ਼ੁਲਾਮ ਸੁਭਾਉ ਵਾਲਿਆਂ ਨੂੰ, ਜਿਹੜੇ ਬੁੱਧੀ ਦੀ ਸਰਦਾਰੀ ਅਤੇ ਸੂਝ ਬੂਝ ਦੀ ਅਗਵਾਈ ਤੋਂ ਬਿਨਾਂ ਚਾਹੁੰਦੇ ਸਨ ਕਿ ਸੰਸਾਰ ਦੇ ਜੇਤੂ ਸ਼ਾਹਨਸ਼ਾਹਾਂ ਤੇ ਉੱਚ-ਸ਼ਾਨ ਅਮੀਰਾਂ ਦੇ ਅੱਗੇ ਤਲਵਾਰ ਦੇ ਬਲ ਨਾਲ ਪ੍ਰਸਿਧ ਹੋਣ, ਅੰਤ ਨੂੰ ਕਸ਼ਟ ਦੇ ਪੰਜੇ ਵਿਚ ਫਸ ਕੇ ਮੌਤ ਦੇ ਸ਼ਰਬਤ ਤੋਂ ਬਿਨਾਂ ਹੋਰ ਕੁੱਝ ਨਾ ਮਿਲਿਆ। ਉਹ ਨਿਆਸਰੇ ਅਤੇ ਬਹੁਤ ਮਾੜੇ ਹੋ ਗਏ। ਬੈਲ ਦੇ ਬਲ ਵਾਲੇ ਬਹਾਦਰ, ਉਨ੍ਹਾਂ ਸ਼ਹਾਦਤ ਦੇ ਡੂੰਘੇ ਸਮੁੰਦਰ ਵਿਚ ਡੁੱਬੇ ਹੋਇਆਂ ਦੇ ਰਾਹ ਦੇ ਸਾਥੀ ਸਨ। ਇਸ ਮਹਾਂ ਪਰਲੋ ਲਿਆਉਣ ਵਾਲੀ ਦੁਰਘਟਨਾ ਦੇ ਕੇਵਲ

ਵਾਪਰਨ ਨਾਲ ਹੀ ਉਹ ਭਗਦੜ ਦੇ ਜੰਗਲ ਵਲ ਵਾਗਾਂ ਮੋੜ ਗਏ ਤੇ ਓਥੋਂ ਭਜਣ ਨੂੰ ਹੀ ਉਨ੍ਹਾਂ ਨੇ ਗ਼ਨੀਮਤ ਜਾਣਿਆ ।

ਉਸ ਦੁਰਭਾਗੇ ਦੀ ਫ਼ੌਜ ਵਿਚੋਂ
ਦੁਰਭਾਗ ਤੋਂ ਬਿਨਾਂ ਰਣਖੇਤਰ ਵਿਚ ਹੋਰ ਕੁਝ ਨਾ ਬਚਿਆ ।
ਉਹ ਪਸ਼ੂ ਸੈਂਕੜੇ ਦਰਦਾਂ ਤੇ ਦਾਗ਼ਾਂ ਨਾਲ ਇਉਂ ਮਰ-ਖਪ ਗਏ,
ਜਿਵੇਂ ਦੀਵਾ ਬੁਝਣ ਨਾਲ ਭਮੱਕੜ ਲੋਪ ਹੋ ਜਾਂਦੇ ਹਨ ।
ਉਨ੍ਹਾਂ ਨੇ ਭੱਜਣ ਤੋਂ ਛੁੱਟ ਹੋਰ ਕੋਈ ਉਪਾਉ ਨਾ ਵੇਖਿਆ,
ਕਿਉਂਕਿ ਕਰ ਲੈਣ ਦੀ ਥਾਂ ਉਹ ਉਨ੍ਹਾਂ ਦਾ ਸਿਰ ਲੈਣਾ ਚਾਹੁੰਦੇ ਸਨ ।
ਹਾਂ, ਜਿਸ ਕਿਸੇ ਨੇ ਸਮਦ ਤੋਂ ਮੂੰਹ ਭੌਵਾਇਆ,
ਜਿਥੇ ਵੀ ਉਸ ਨੇ ਜਾ ਕੇ ਕੁੰਡਾ ਖੜਕਾਇਆ, ਉਸ ਨੂੰ ਕਿਸੇ ਵੀ ਮੂੰਹ ਨਾ ਲਾਇਆ ।
ਵਿਚਾਰੇ ਜ਼ਿਮੀਂਦਾਰ ਲਈ ਕੁੱਲੀ ਹੀ ਕਾਫ਼ੀ ਹੈ,
ਗ਼ੁਲਾਬ ਅਤੇ ਪੋਸਤ ਦੇ ਫੁੱਲਾਂ ਦੀ ਥਾਂ ਕੂੜਾ ਨਹੀਂ ਸ਼ੋਭਦਾ ।
ਜੇ ਉਹ ਘੁਮੰਡ ਨਾਲ ਆਪਣਾ ਸਿਰ ਉੱਚਾ ਨਾ ਕਰਦਾ,
ਤਾਂ ਉਹ ਆਪਣੇ ਸਿਰ ਦਾ ਬੀਜ ਧਰਤੀ ਵਿਚ ਕਿਉਂ ਬੀਜਦਾ ।
ਸਿਰ, ਦੇਸ਼, ਸੁਭਾਗ, ਵੈਰ ਤੇ ਲੜਾਈ,
ਅੱਖ ਦੇ ਇਕ ਪਲਕਾਰੇ ਵਿਚ ਬਰਬਾਦ ਹੋ ਗਏ ।
ਘੁਮੰਡ ਕਸ਼ਟ ਹੈ, ਜੋ ਛੱਡਣਾ ਚਾਹੀਦਾ ਹੈ,
ਜਿਸ ਸਿਰ ਵਿਚ ਵੀ ਉਹ ਆਇਆ, ਉਸ ਨੂੰ ਧਰਤੀ ਵਿਚ ਦੱਬ ਦਿੱਤਾ ।
ਹੇ ਬੰਦੇ, ਤੂੰ ਘੁਮੰਡ ਨਾਲ ਸਿਰ ਉੱਚਾ ਕੀਤਾ, ਮਰ ਜਾ,
ਤੂੰ ਆਪਣੇ ਲਹੂ ਲੁਹਾਣ ਹੋਣ ਦਾ ਆਪ ਹੀ ਕਾਰਨ ਬਣਿਆ ।
ਉਸ ਤੋਂ ਪਹਿਲਾਂ ਕਿ ਚੰਗਿਆੜਾ ਡਿੱਗ ਪਵੇ,
ਤੂੰ ਸੰਸਾਰ ਦੇ ਇਕ ਖਲਵਾੜੇ ਨੂੰ ਬਰਬਾਦ ਕਰ ਦੇਵੇਂਗਾ ।

## ਤੀਜਾ ਅਧਿਆਇ

ਸੁਵਕਤਤਾ ਦੇ ਬਾਜ਼ਾਰ ਦੇ ਸੰਬੰਧਤ ਪਾਰਖੂਆਂ ਦੇ ਕਥਨ ਦੀ ਖਰੀ ਨਕਦੀ ਨੂੰ ਇਸ ਵੱਟੇ ਤੇ ਉਸ ਤੀਖਣ ਸੂਝ ਨਾਲ ਨਿਆਂ ਦੀ ਤੱਕੜੀ ਵਿਚ ਤੋਲਿਆ ਹੈ ਕਿ ਜਦ ਕਲਾਮ (ਵਾਰਤਾ) ਦੇ ਮੂਸਾ ਅਤੇ ਮਸੀਹਾ (ਜੋ ਮੁਰਦੇ ਦੇ ਕੰਨ ਵਿਚ ਫੂਕ ਮਾਰ ਕੇ ਜੀਉਂਦਾ ਕਰ ਦਿੰਦਾ ਸੀ) ਜਿਹੇ ਸੁਆਸਾਂ ਵਾਲੇ ਨਵਾਬ ਨੇ ਈਸਾ ਖ਼ਾਨ ਦੀ ਜੜ ਪੁੱਟ ਕੇ ਦੁਆਬੇ ਦੀ ਹਰੀ ਭਰੀ ਧਰਤੀ ਨੂੰ, ਜਿਹੜੀ ਉਸ ਕੂੜਾ ਹੂੰਝਣ ਵਾਲੇ ਦੇ ਹੱਥੋਂ ਖ਼ਰਾਬ, ਬੇਰੌਣਕ ਅਤੇ ਕੁਰਾਹੀਆਂ ਦਾ ਸ਼ੋਕ-ਅਸਥਾਨ ਬਣ ਗਈ ਸੀ, ਝਗੜੇ ਫ਼ਸਾਦ ਦੇ ਇਸ ਕੰਡੇ ਤੋਂ ਪਾਕ ਤੇ ਸਾਫ਼ ਕੀਤਾ ਅਤੇ ਉਸ ਜ਼ੁਲਮ ਦੇ ਹਨੇਰੇ ਨੂੰ ਦੂਰ ਕਰਨ ਵਿਚ ਕਰਾਮਾਤ ਕਰ ਵਿਖਾਈ ਅਤੇ ਸੂਈ ਦੇ ਨੱਕੇ ਜਿੰਨਾ ਜ਼ੁਲਮ ਦੀ ਜੜ ਵੀ ਉਸ ਦੇਸ਼ ਵਿਚ ਨਾ ਰਹਿਣ ਦਿੱਤੀ। ਉਸ ਦੇਸ਼ ਦੀ ਜਨਤਾ ਲਈ ਈਸਾ ਦੇ ਸੁਆਸ ਦੀ ਵਰਤੋਂ ਕੀਤੀ, ਭਾਵ ਉਸ ਨੂੰ ਸੁਰਜੀਤ ਕੀਤਾ। ਉਸ ਦੇਸ਼ ਦੇ ਸ਼ਹਿਰਾਂ ਦੇ ਵਸਨੀਕ ਪਹਿਲਾਂ ਵਾਂਗ ਆਪਣੇ ਬਾਲ ਬਚਿਆਂ ਸਹਿਤ ਆਪਣੇ ਅਸਲੀ ਇਲਾਕਿਆਂ ਵਿਚ ਵਸ ਗਏ ਅਤੇ ਉਨ੍ਹਾਂ ਨੇ ਨਿਆਂ ਦੇ ਪ੍ਰਕਾਸ਼ ਨੂੰ, ਜੋ ਸਮਦੀ ਬਖ਼ਸ਼ਿਸ਼ਾਂ ਕਰਕੇ ਉਸ ਟੋਲੇ ਦੇ ਬਦਅਮਨੀ ਦੇ ਪਹਾੜ ਉਤੇ ਚਮਕਿਆ, ਆਪਣੀਆਂ ਅੱਖਾਂ ਨਾਲ ਵੇਖ ਕੇ ਸਫਲ ਨਵਾਬ ਦੀ ਉਮਰ ਅਤੇ ਸੁਭਾਗ ਦੀ ਸਦੀਵਤਾ ਲਈ ਪ੍ਰਾਰਥਨਾ ਕੀਤੀ। ਕਸੂਰ ਦੇ ਅਫ਼ਗ਼ਾਨਾਂ ਦਾ ਸਰਦਾਰ ਹੁਸੈਨ ਖ਼ਾਨ ਅਫ਼ਗ਼ਾਨ, ਬੁੱਧੀ ਤੇ ਅਕਲ ਦੇ ਘਾਟੇ ਦੇ ਕਾਰਨ ਘੁਮੰਡ ਤੇ ਹੰਕਾਰ ਦੇ ਵੱਡੇ ਮਹਿਲ ਦੀ ਉੱਚਾਈ ਵਲ ਰੁਚਿਤ ਹੋਣ ਕਰਕੇ ਕਿਸੇ ਨੂੰ ਨਜ਼ਰ ਹੇਠ ਨਹੀਂ ਸੀ ਲਿਆਉਂਦਾ ਅਤੇ ਬਹੁਤਾ ਅਗਿਆਨਤਾ ਅਤੇ ਧੋਖੇਬਾਜ਼ੀ ਕਰਕੇ, ਜਿਹੜੀ ਉਸ ਕੌਮ ਦੀ ਵਿਸ਼ੇਸ਼ਤਾ ਹੈ, ਉਹ ਆਪਣੇ ਸਰੀਰ ਨੂੰ ਬਾਦਸ਼ਾਹ ਦੀ ਆਗਿਆਕਾਰੀ ਵਿਚ ਨਹੀਂ ਸੀ ਝੁਕਾਉਂਦਾ ਅਤੇ ਉਸ ਆਲੇ-ਦੁਆਲੇ ਦੀਆਂ ਜਾਗੀਰਾਂ ਨੂੰ ਆਪਣਾ ਤਮਗ਼ਾ (ਖ਼ਰਾਜ) ਜਾਣ ਕੇ ਤਨਖ਼ਾਹਦਾਰਾਂ ਨੂੰ ਇਕ ਕੌਡੀ ਵੀ ਨਹੀਂ ਸੀ ਦਿੰਦਾ ਅਤੇ ਉਥੋਂ ਦੀ ਸਾਰੀ ਦੀ ਸਾਰੀ ਮਾਲਗੁਜ਼ਾਰੀ ਨੂੰ ਆਪਣੇ ਅਧਿਕਾਰ ਵਿਚ ਲਿਆ ਕੇ ਜਨਤਾ ਦੀਆਂ ਜੜ੍ਹਾਂ ਪੁਟਦਾ ਸੀ। ਕਿਉਂਕਿ ਨਵਾਬ ਧੀਰਜ, ਸਹਿਨਸ਼ੀਲਤਾ ਠਰ੍ਹਮਾ ਤੇ ਦੇਵਕਰਮੀ ਦੇ ਸਦਕੇ ਉਸ ਨੂੰ ਅਣਡਿੱਠੇ ਕਰਦਾ ਸੀ, ਇਹ ਗੱਲ ਉਸ ਦੇ ਘੁਮੰਡ ਅਤੇ ਫੜਾਂ ਮਾਰਨ ਦੇ ਵਾਧੇ ਦਾ ਕਾਰਨ ਹੁੰਦੀ ਗਈ। ਇਸ ਉਪਕਾਰ ਦੇ ਸੁਆਦ ਤੋਂ ਪਛਾਣੇ ਬਿਨਾਂ ਉਸ ਨੇ ਘੁਮੰਡ ਅਤੇ ਬਗ਼ਾਵਤ ਦਾ ਝੰਡਾ ਹੋਰ ਵੀ ਉੱਚਾ ਕੀਤਾ। ਉਹ ਆਪਣੇ ਗਰੇਬਾਨ ਦੀ ਤਾਕੀ ਨੂੰ ਆਪਣੇ ਹਾਲ ਅਤੇ ਉਸ ਦੇ ਨਤੀਜੇ ਦਾ ਦਰਪਨ ਨਹੀਂ ਸੀ ਬਣਾਉਂਦਾ। ਥੋੜੇ ਹੀ ਦਿਨਾਂ ਵਿਚ ਗੱਲ ਏਥੋਂ ਤੱਕ ਪਹੁੰਚ ਗਈ ਕਿ ਉਸ ਨੇ ਆਪਣੇ ਅਧਿਕਾਰ ਦਾ ਹੱਥ ਲਾਹੌਰ ਸ਼ਹਿਰ ਦੇ ਆਲੇ ਦੁਆਲੇ ਦੇ ਇਲਾਕੇ ਉਤੇ, ਜਿਸ ਨੂੰ ਰਾਜਧਾਨੀ ਕਹਿੰਦੇ ਹਨ, ਵਧਾਇਆ ਅਤੇ ਲਾਲਚ ਦੇ ਦੰਦ ਇਨ੍ਹਾਂ ਹੱਦਾਂ ਦੀ ਮਾਲਗੁਜ਼ਾਰੀ ਉਤੇ ਕਬਜ਼ਾ ਕਰਨ ਲਈ ਖੋਲ੍ਹੇ। ਅਫ਼ਗ਼ਾਨਾਂ ਦੇ

ਅਤਿਆਚਾਰਾਂ ਕਾਰਨ ਲੋਕਾਂ ਦੀ ਹਾਹਾਕਾਰ ਹੋਰ ਉੱਚੀ ਹੋ ਗਈ ਅਤੇ ਹਰ ਆਦਮੀ ਲੁੱਟ-ਮਾਰ ਕਰਨ ਲੱਗ ਪਿਆ।

ਉਸ ਅਤਿਆਚਾਰ-ਸਥਾਨ ਵਿਚ ਅਫ਼ਗਾਨਾਂ ਦੀ ਲੁੱਟ ਮਾਰ ਦੇ ਕਾਰਨ
ਅਫ਼ਗਾਨ ਤੋਂ ਬਿਨਾਂ ਹੋਰ ਕੋਈ ਲੱਜਾਵਾਨ ਨਾ ਰਿਹਾ।
ਉਸ ਦੇ ਅਨਿਆ ਤੋਂ ਸਾਰੀ ਜਨਤਾ ਤੰਗ ਆ ਗਈ,
ਵਾਹ ਹੁਸੈਨ, ਜੋ ਪਰਮਾਤਮਾ ਦੇ ਅਗੇ ਯਜ਼ੀਦ (ਹਜ਼ਰਤ ਹੁਸੈਨ ਨੂੰ ਮਾਰਨ ਵਾਲਾ) ਬਣਿਆ।

ਉਪਦੇਸ਼ਾਤਮਕ ਕਹਾਣੀਆਂ ਲਿਖ ਕੇ ਕਲਮ ਥੱਕ ਗਈ। ਪਖੰਡ ਤੋਂ ਬਿਨਾਂ ਹੋਰ ਕੋਈ ਸਿੱਟਾ ਨਾ ਨਿਕਲਿਆ ਅਤੇ ਦਰੁਸਤੀ ਨੂੰ ਪ੍ਰਵਾਨਣ ਵਾਲੇ ਸ਼ਬਦ ਲਿਖਣ ਤੋਂ ਕਾਗਜ਼ ਦੀ ਸਮਰਥਾ ਮੁੱਕ ਗਈ। ਧੋਖੇਬਾਜ਼ੀ ਤੋਂ ਬਿਨਾਂ ਕੋਈ ਲਾਭ ਨਾ ਪਹੁੰਚਿਆ।

ਬਾਗ਼ੀ ਆਪਣੀ ਦੁਰਾਚਾਰੀ ਮੱਤ ਨੂੰ ਕਦ ਛਡਦਾ ਹੈ,
ਜਦ ਤੱਕ ਉਹ ਆਪਣੇ ਸਿਰ ਨੂੰ ਪੈਰਾਂ ਉਤੇ ਡਿੱਗਿਆ ਨਹੀਂ ਵੇਖਦਾ।
ਬਾਗ਼ੀਆਂ ਦੇ ਘੁਮੰਡ ਦੇ ਖ਼ਿਆਲ ਘਟ ਨਾ ਹੋਏ,
ਮੌਤ ਤੋਂ ਬਿਨਾਂ ਉਨ੍ਹਾਂ ਦੇ ਸਿਰ ਵਿਚੋਂ ਘੁਮੰਡ ਨਾ ਨਿਕਲਿਆ।

ਜਦ ਉਸਦੀ ਧੋਖੇਬਾਜ਼ੀ ਦਾ ਕਿੱਸਾ ਹੱਦੋਂ ਟੱਪ ਗਿਆ, ਤਾਂ ਹੌਸਲੇ ਦੀ ਅੱਖ ਉੱਚੀ ਹੋ ਗਈ। ਪ੍ਰਸਿੱਧ ਨਵਾਬ ਨੇ ਕਰੋਧ ਵਿਚ ਕਚੀਚੀ ਵੱਟ ਕੇ ਉਸ ਨੇਕੀ ਤੋਂ ਸੱਖਣੇ ਬੰਦੇ ਦੀ ਦਰੁਸਤੀ ਦੇ ਮਨੋਰਥ ਨਾਲ ਫ਼ੌਜ ਨੂੰ ਸ਼ਹਿਰ ਤੋਂ ਬਾਹਿਰ ਕੱਢਿਆ। ਉਹ ਅਜੇਹੀ ਹਿੰਮਤ ਨਾਲ ਵਧਿਆ ਕਿ ਜਦ ਉਹ ਮੈਦਾਨ ਵਿਚ ਆਉਂਦਾ, ਘਾਤਕ ਮਗਰਮੱਛ ਵੀ ਉਸ ਦੇ ਦਬਦਬੇ ਤੋਂ ਡਰ ਜਾਂਦੇ ਅਤੇ ਅਜਿਹੇ ਪ੍ਰਤਾਪ ਨਾਲ (ਕੁਦਿਆ) ਕਿ ਇਸ ਲੜਾਈ ਵਿਚ ਉਸ ਦੇ ਪੈਰ ਜਮਾਣ ਦੀ ਢਿੱਲ ਹੁੰਦੀ ਕਿ, ਤੂਫ਼ਾਨੀ ਦਰਿਆ ਦਾ ਕੰਢਾ ਵੀ ਉਸ ਦੇ ਡਰ ਤੋਂ ਸੁੱਕ ਜਾਂਦਾ।

ਪਸ਼ੂਆਂ, ਪੰਛੀਆਂ ਨੂੰ ਨਿਡਰਤਾ ਭਰਪੂਰ ਤਾੜਨਾ ਦੇਣ ਲਈ,
ਉਹ ਇਹ ਸ਼ੁਭ ਕੰਮ ਕਰਨ ਲਈ ਆਪਣੀ ਫ਼ੌਜ ਲੈ ਆਇਆ।
ਉਹ ਇਸ ਜੋਸ਼ ਨਾਲ ਇਕ ਖ਼ੂਨੀ ਲੜਾਈ ਕਰਨ ਲਈ ਤੁਰਿਆ,
ਜਿਵੇਂ ਕਿ ਸਮੁੰਦਰ ਵਿਚੋਂ ਮਗਰਮੱਛ ਉੱਠ ਖੜਾ ਹੋਵੇ।
ਬਦਲਾ ਲੈਣ ਲਈ ਉਹ ਬਹਾਦਰੀ ਨਾਲ ਇਸ ਤਰ੍ਹਾਂ ਗਿਆ,
ਜਿਵੇਂ ਕਿ ਰੁਸਤਮ 'ਸ਼ਾਹਨਾਮੇ' ਦਾ ਪ੍ਰਸਿੱਧ ਨਾਇਕ, ਈਰਾਨ ਦਾ ਪਹਿਲਵਾਨ) ਈਰਾਨ ਦੀ ਧਰਤੀ ਤੇ (ਤੁਰਿਆ ਸੀ)।
ਜੇ ਵੈਰੀ ਆਪ ਅਫ਼ਰਾਸਿਆਬ (ਇਕ ਬਹਾਦਰ, ਜਿਸ ਨੇ ਈਰਾਨ ਉਤੇ ਹਲਾ ਕੀਤਾ ਸੀ ਅਤੇ ਰੁਸਤਮ ਦੇ ਹੱਥੋਂ ਕਤਲ ਹੋਇਆ) ਹੁੰਦਾ,
ਜੇ ਉਹ ਉਸ ਦਾ ਮੂੰਹ ਵੇਖ ਲੈਂਦਾ ਤਾਂ ਉਸ ਦਾ ਪਿੱਤਾ ਡਰ ਨਾਲ ਪਿਘਲ ਜਾਂਦਾ।

ਜਦ ਜੇਤੂ ਫ਼ੌਜ ਪੈਂਡੇ ਮਾਰਦੀ ਹੋਈ ਵਿਰੋਧੀ ਦੇਸ਼ ਦੇ ਆਲੇਦੁਆਲੇ ਵਿਚ ਪੁੱਜੀ ਅਤੇ ਸਮਦੀ ਫ਼ੌਜ ਦੇ ਰੰਗ-ਢੰਗ ਦਾ ਰੌਲਾ ਉਸ ਝਗੜੇ ਅਤੇ ਬਦਕਾਰੀ ਉਤੇ ਤੁਲੇ ਹੋਏ ਦੇ ਕੰਨਾ ਨੂੰ ਪਾੜਨ ਵਾਲਾ ਹੋਇਆ, ਤਾਂ ਕਿਉਂਕਿ ਉਸ ਨੇ ਪਹਿਲਾਂ ਤੋਂ ਹੀ ਆਪਣੇ ਆਪ ਨੂੰ

ਯੁੱਧ ਅਤੇ ਲੜਾਈ ਲਈ ਤਿਆਰ ਕਰ ਰਖਿਆ ਸੀ ਅਤੇ ਹਰ ਪਾਸੇ ਤੋਂ ਲੜਾਈ ਦਾ ਸਾਮਾਨ ਆਪਣੇ ਹੱਥ ਵਿਚ ਕਰ ਲਿਆ ਸੀ, ਬੇਸ਼ੁਮਾਰ ਫ਼ੌਜਾਂ ਅਤੇ ਅਫ਼ਗਾਨ ਮਨਸਬਦਾਰਾਂ ਸਹਿਤ, ਜੋ ਉਸ ਘਿਰਣਾ ਯੋਗ ਕੰਮਾਂ ਦੇ ਕਰਨ ਵਾਲੇ ਦੇ ਉੱਘੇ ਭਰਾ ਸਨ, ਉਹ ਬੜੇ ਘੁਮੰਡ ਨਾਲ ਆਪਣੇ ਕਸੂਰ ਨਾਮਕ ਸ਼ਹਿਰ ਤੋਂ ਝਗੜਾ ਕਰਨ ਲਈ ਨਿਕਲਿਆ ਅਤੇ ਉਸ ਨੇ ਲੜਾਈ ਦੀ ਨੀਂਹ ਰੱਖੀ। ਯੁੱਧ ਦੇ ਬੀਰ ਬਹਾਦਰਾਂ ਨੇ, ਜਿਨ੍ਹਾਂ ਦੇ ਸਿਰ ਉਤੇ ਸਮਦੀ ਸੁਭਾਗ ਦੀ ਛਾਂ ਸੀ, ਤਲਵਾਰ ਦੀ ਧਾਰ ਨਾਲ ਬਹਾਦਰਾਂ ਵਾਲੀ ਲੜਾਈ ਦਾ ਬਾਜ਼ਾਰ ਗਰਮ ਕਰ ਦਿੱਤਾ। ਅਤੇ ਕਸੂਰੀ ਅਫ਼ਗਾਨ, ਜਿਨ੍ਹਾਂ ਨੇ ਉਜੱਡਪੁਣੇ ਦੇ ਕਪੜੇ ਪਾਏ ਹੋਏ ਸਨ, ਨਿਡਰ ਹੋ ਕੇ ਬਹਾਦਰੀ ਦੇ ਗੁਣ ਪ੍ਰਗਟਾਉਂਦੇ ਸਨ। ਅਜ਼ਗਰ ਦੇ ਸਾਹ ਵਾਲੀ ਤੋਪ ਨੇ ਆਦਮੀਆਂ ਦੀ ਜਾਨ ਲੈਣ ਲਈ ਆਪਣਾ ਮੂੰਹ ਖੋਲ੍ਹਿਆ ਅਤੇ ਖ਼ੂਨ ਖ਼ਰਾਬੇ ਦੀ ਭੁੱਖੀ ਜਜ਼ਾਇਰ (ਬੰਦੂਕ) ਨੇ ਵਿਹੁਲੇ ਸੱਪ ਦੀ ਤਰ੍ਹਾਂ ਆਪਣਾ ਪੇਟ ਫੁਲਾਇਆ। ਅੱਗ ਦੀ ਹਵਾੜ ਵਾਲੀ ਤਲਵਾਰ ਬਹਾਦਰੀ ਦੇ ਗੁਣਾਂ ਦੀ ਬਹੁਲਤਾ ਦੇ ਕਾਰਨ ਆਪਣੇ ਚਿਹਰੇ ਉਤੇ ਚਮਕ ਲਿਆਉਂਦੀ ਸੀ ਅਤੇ ਬੰਦੂਕ ਕਾਲੇ ਸੱਪ ਦੀ ਤਰ੍ਹਾਂ ਤੁਰਤ ਹੀ ਤਰਲ ਵਿਹੁ ਆਪਣੇ ਮੂੰਹ ਵਿਚੋਂ ਕੱਢਦੀ ਸੀ। ਪੂਰੇ ਜੋਸ਼ ਨਾਲ ਖਿੱਚੀ ਹੋਈ ਕਮਾਣ ਇਕ ਵਾਰ ਹੀ ਆਪਣੇ ਨਿਸ਼ਾਨੇ ਤੇ ਬੈਠੀ, ਤਾਂ ਜੋ ਤੀਰ ਦੇ ਜਾਦੂ ਨਾਲ ਹੱਲੇ-ਗੁੱਲੇ ਨੂੰ ਮੁਕਾ ਦੇਵੇ ਅਤੇ ਤੀਰ ਹਰ ਪਾਸੇ ਖੰਭ ਅਤੇ ਪਰ ਫੈਲਾਏ ਅਤੇ ਉਡਣੇ ਸੱਪ ਦੀ ਤਰ੍ਹਾਂ ਜੁਆਨਾਂ ਦੇ ਚਿਹਰਿਆਂ ਉਤੇ ਡੰਗ ਮਾਰੇ।

ਜੰਗ ਦੇ ਤੂਫ਼ਾਨ ਵਿਚ ਬੜਾ ਰੌਲਾ-ਗੌਲਾ ਪਿਆ,
ਹੋਣੀ ਨੇ ਮਗਰਮੱਛ ਦੀ ਤਰ੍ਹਾਂ ਮੂੰਹ ਖੋਲ੍ਹਿਆ।
ਲੜਾਈ ਵਿਚ ਬੀਰ ਬਹਾਦਰ ਡਿੱਗਦੇ ਸਨ,
ਮਹਾ ਪਰਲੋ ਨੇ ਹਰ ਪਾਸੇ ਤਬਾਹੀ ਮਚਾ ਦਿੱਤੀ ਸੀ।
ਬੇਅੰਤ ਆਦਮੀ ਲਹੂ ਦੇ ਦਰਿਆ ਵਿਚ ਡੁੱਬ ਗਏ,
ਕਿਉਂਕਿ ਹਰ ਪਾਸੇ ਬਿਜਲੀ ਦੀ ਤਰ੍ਹਾਂ ਤਲਵਾਰ ਚਮਕ ਰਹੀ ਸੀ।
ਹਰ ਦਿਸ਼ਾ ਵਿਚ ਲਹੂ ਦੇ ਹੜ੍ਹ ਚਲ ਪਏ,
ਤੂੰ ਕਹੇਂਗਾ ਕਿ ਧਰਤੀ ਤੋਂ ਅਕਾਸ਼ ਦੀ ਲਾਲੀ ਪ੍ਰਗਟ ਹੋ ਗਈ।
ਧਰਮ-ਯੋਧਿਆਂ ਦੀਆਂ ਤਲਵਾਰਾਂ ਦੇ ਚਲਣ ਦੇ ਕਾਰਨ,
ਸ਼ਾਹ ਸਵਾਰਾਂ ਦੇ ਜੀਵਨ ਨਸ਼ਟ ਹੋ ਗਏ।
ਦੋ ਧਾਰੀ ਤਲਵਾਰ ਨਾਲ ਆਦਮੀ ਦੇ ਸੀਰਰ ਦੇ ਦੋ ਭਾਗ ਹੋ ਗਏ,
ਕਲਮ ਦੇ ਚੀਰ ਦੀ ਤਰ੍ਹਾਂ ਉਹ ਸਿਰ ਤੋਂ ਚਿਤੜਾਂ ਤਕ ਚੀਰੇ ਗਏ।
ਸਾਫ਼ ਤਲਵਾਰ ਦੀ ਧਾਰ ਸਵਾਰ ਦੇ ਸਿਰ ਵਿਚੋਂ
ਬੜੀ ਛੇਤੀ ਲੰਘਦੀ ਹੋਈ ਧਰਤੀ ਤੱਕ ਕਿਤੇ ਨਾ ਅਟਕੀ।
ਜੇ ਸੰਜੋਆ ਸਖ਼ਤ ਫ਼ੌਲਾਦ ਦਾ ਵੀ ਹੁੰਦਾ,
ਤਾਂ ਉਹ ਵੀ ਜੁਆਨਾਂ ਦੀ ਤਲਵਾਰ ਨਾਲ ਟੁਕੜੇ ਟੁਕੜੇ ਹੋ ਜਾਂਦਾ।
ਬੰਦੂਕ ਦੇ ਚਲਣ ਨਾਲ ਕੇਵਲ ਦਿਲ ਹੀ ਲਹੂ ਵਿਚ ਨਹੀਂ ਲਿਬੜੇ,
ਤੂੰ ਕਹੇਂਗਾ ਕਿ ਸ਼ਾਇਦ ਹਰ ਪਾਸੇ ਚਮਕਦੇ ਫ਼ੁੱਲ ਖਿੜ ਪਏ।
ਜੁਆਨਾਂ ਨੇ ਚੁਟਕੀ ਨਾਲ ਚਿੱਲੇ ਨੂੰ ਪੂਰੀ ਤਰ੍ਹਾਂ ਫੜ ਲਿਆ,

ਕਰੋਧ ਦਾ ਤੀਰ ਸੰਜੋਏ ਵਿਚੋਂ ਪਾਰ ਹੋ ਗਿਆ ।
ਉਹ ਨੇਜ਼ੇ ਦੀ ਤਰ੍ਹਾਂ ਬੜੀ ਛੇਤੀ ਨਾਲ ਛੁਟਿਆ,
ਉਹ ਟੁਟਦੇ ਤਾਰੇ ਦੀ ਚਮਕ ਦੀ ਤਰ੍ਹਾਂ ਪ੍ਰਗਟ ਹੋਇਆ ।
ਤਲਵਾਰ ਦੇ ਲਗਣ ਨਾਲ ਨਰ ਹਾਥੀ ਦੀ ਸੁੰਡ ਏਸ ਤਰ੍ਹਾਂ ਵੱਢੀ ਗਈ,
ਜਿਵੇਂ ਤਿਖੇ ਚਾਕੂ ਨਾਲ ਸਬਜ਼ੀ ਕੱਟੀਦੀ ਹੈ ।
ਘੁਮੰਡ ਅਤੇ ਧੋਖੇ ਵਿਚ ਮਸਤ ਹੋਏ ਯਾਰਾਂ ਕੋਲ,
ਜਜ਼ਾਇਰ (ਵੱਡੀ ਬੰਦੂਕ) ਮੌਤ ਦਾ ਸੰਦੇਸ਼ ਪੁਚਾਉਂਦੀ ਸੀ ।
ਜਦੋਂ ਢਾਲ ਚੋਂ ਤਲਵਾਰ ਨੇ ਚਮਕ ਨਾਲ ਸਿਰ ਕੱਢਿਆ,
ਉਹ ਬਿਜਲੀ ਦੀ ਤਰ੍ਹਾਂ ਕਾਲੇ ਬੱਦਲ ਦੀ ਤਹਿ ਵਿਚੋਂ ਪ੍ਰਗਟ ਹੋਈ ।
ਲਾਲ ਘੋੜੇ ਉਤੇ ਚੜ੍ਹੇ ਹੋਏ ਨੇਜ਼ਾਮਾਰਾਂ ਦੀ ਦੌੜ,
ਏਸ ਤਰ੍ਹਾਂ ਪ੍ਰਗਟ ਹੋਈ, ਜਿਵੇਂ ਗਹਿਰੇ ਬਦਲਾਂ ਵਿਚੋਂ ਬਿਜਲੀ ।
ਚਿਟੇ ਘੋੜੇ-ਸਵਾਰ ਹਾਥੀ ਕੋਲ ਅੱਪੜ ਗਏ,
ਉਨ੍ਹਾਂ ਏਸ ਤਰ੍ਹਾਂ ਹੱਲਾ ਕੀਤਾ ਜਿਵੇਂ ਕੁਚ ਕਰਨ ਵਾਲੀ ਸਵੇਰ ਸ਼ਾਮ ਤੇ ਹੱਲਾ ਕਰਦੀ ਹੈ ।
ਜਦ ਲਾਲ ਘੋੜੇ ਦਾ ਸਵਾਰ ਹਾਥੀ ਉਤੇ ਹੱਲਾ ਕਰਦਾ ਸੀ,
ਤਾਂ ਉਹ ਏਸ ਤਰ੍ਹਾਂ ਪ੍ਰਗਟ ਹੁੰਦਾ ਸੀ, ਜਿਵੇਂ ਪਹਾੜਾਂ ਉਤੇ ਬਿਜਲੀ ।
ਭੱਜਦੇ ਘੋੜੇ ਉਤੇ ਖ਼ਾਲੀ ਰਕਾਬ
ਦੌੜਦੇ ਹੋਏ ਹਰਨੋਟੇ ਦੀ ਅੱਖ ਦੀ ਤਰ੍ਹਾਂ ਪ੍ਰਗਟ ਹੁੰਦੀ ਸੀ ।
ਪੱਤਝੜ ਦੀ ਰੁੱਤ ਦੇ ਦਿਲ ਤੋਂ ਬਹਾਰ ਦਾ ਦਾਗ਼ ਮਿਟ ਗਿਆ,
ਕਿਉਂਕਿ ਹਰ ਪਾਸੇ ਪੋਸਤ ਦੇ ਫੁੱਲਾਂ ਦਾ ਬਾਗ਼ ਖਿੜ ਪਿਆ ।
ਉਹ ਆਦਮੀ, ਜਿਨ੍ਹਾਂ ਨੇ ਕਿ ਆਪਣੇ ਸਿਰ ਅਸਮਾਨ ਦੀ ਤਰ੍ਹਾਂ ਉੱਚੇ ਕੀਤੇ ਹੋਏ ਸਨ (ਘੁਮੰਡ ਨਾਲ),
ਬਹਾਦਰੀ ਦੇ ਘੁਮੰਡ ਕਾਰਨ ਝੰਡੇ ਚੁਕੀ ਹੋਏ ਸਨ,
ਉਨ੍ਹਾਂ ਨੇ ਆਪਣੇ ਸਿਰਾਂ ਨੂੰ ਅਧੀਨਗੀ ਦੀ ਧਰਤੀ ਤੇ ਰਖਿਆ,
ਅਤੇ ਸਮਦ ਦੀਆਂ ਸਿਫ਼ਤਾਂ ਵਲ ਧਿਆਨ ਦਿੱਤਾ ।

ਬਿਜਲੀ ਜਿਹੇ ਤੇਜ਼ ਤੇ ਸੂਰਜ ਦੀ ਹਿੰਮਤ ਵਾਲੇ ਸਵਾਰ ਬੱਦਲ ਵਰਗੀ ਢਾਲ ਦੇ ਪਰਦੇ ਤੋਂ ਸ਼ਰਮ ਖਾਂਦੇ ਸਨ ਅਤੇ ਅਜ਼ਗਰ ਦੇ ਮੂੰਹ ਜਿਹੇ ਲਹੂ-ਪੀਣੇ ਚਸ਼ਮੇ ਜਿਹੇ ਸੰਜੋਏ ਨੂੰ ਮੱਛੀ ਦੇ ਨਿੱਕੇ ਖੰਭਾਂ ਦੀ ਤਰ੍ਹਾਂ ਸਰੀਰ ਉਤੇ ਕੇਵਲ ਬੋਝ ਹੀ ਸਮਝਦੇ ਸਨ। ਹਰਨ ਦੀ ਚਾਲ ਵਾਲੇ ਸ਼ੇਰਾਂ ਨੂੰ ਫੜਨ ਵਾਲੇ ਅਸਮਾਨ ਦੀ ਕਮਾਣ ਵਿਚੋਂ ਟੁਟਦੇ ਤਾਰੇ ਦੇ ਤੀਰ ਦੀ ਤੇਜ਼ੀ ਨਾਲ ਕੁਦਦੇ ਸਨ ਅਤੇ ਮੁਸ਼ਕਨਾਫ਼ੇ ਦੀ ਸੁਗੰਧੀ ਦੀ ਤਰ੍ਹਾਂ ਵੈਰੀ ਦੀ ਫ਼ੌਜ ਦੀ ਧੁਨੀ ਵਿਚ ਵੜ ਜਾਂਦੇ ਸਨ ਅਤੇ ਸ਼ੇਰ ਬੱਬਰ ਦੀ ਹਿੰਮਤ ਵਾਲੇ ਚੀਤੇ-ਸਵਾਰ ਸਾਫ਼ ਲਹੂ ਦੀ ਤਰ੍ਹਾਂ ਭਜਦੇ ਸਨ ਅਤੇ ਵੈਰੀ ਦੀ ਫ਼ੌਜ ਦੇ ਕੇਂਦਰੀ ਹਿੱਸੇ ਵਿਚ ਘੱਟੇ ਦੀ ਤਰ੍ਹਾਂ ਪਰੇਸ਼ਾਨੀ ਪੈਦਾ ਕਰਦੇ ਸਨ। ਜਜ਼ਾਇਰਾਂ (ਵੱਡੀਆਂ ਬੰਦੂਕਾਂ) ਅੱਗ ਦੀ ਵਰਖਾ ਦੀ ਯਾਦ ਦੁਆਉਂਦੀਆਂ ਸਨ ਅਤੇ ਤੋਪਾਂ ਤੇ ਰਹਿਕਲਾਂ (ਛੋਟੀਆਂ ਤੋਪਾਂ) ਦੀ ਗਰਜ ਤੇ ਖੜਕਾਰ ਆਦਮੀਆਂ ਦੇ ਅੱਗੇ ਮਹਾਪਰਲੋ ਦੇ ਦਰ ਖੋਲਦੀਆਂ ਸਨ ਅਤੇ ਲੜਾਈ ਦੇ ਬੀਰ ਬਹਾਦਰ

ਅਤਿਅੰਤ ਚੰਚਲਤਾ ਚਪਲਤਾ ਨਾਲ ਮੈਦਾਨ ਵਿਚ ਜਾਦੂ ਦੀ ਨੀਂਹ ਰੱਖਦੇ ਸਨ ਅਤੇ ਅਣਗਿਣਤ ਬੰਦਿਆਂ ਨੂੰ ਲਹੂ-ਪੀਣੀ ਤਲਵਾਰ ਦੇ ਚੰਗਿਆੜਿਆਂ ਨਾਲ ਪੱਥਰ ਦੀ ਤਹਿ ਹੇਠ ਸਿਟਦੇ ਸਨ। ਕਾਠੀ ਅਤਿਆਚਾਰੀ ਦੇ ਉਜਾੜੇ ਦੀ ਤਰ੍ਹਾਂ ਆਦਮੀਂ ਤੋਂ ਖ਼ਾਲੀ ਹੋ ਗਈ। ਰਕਾਬ ਦੇ ਕੁੰਡੇ ਅੱਖ ਦੇ ਦਾਇਰੇ ਦੀ ਤਰ੍ਹਾਂ ਆਦਮੀਆਂ ਤੋਂ ਖ਼ਾਲੀ ਰਹਿ ਗਏ। ਅਫ਼ਗਾਨਾਂ ਦੀ ਸੱਤਾ ਦਾ ਹੱਥ ਤੰਗ ਹੋ ਗਿਆ ਅਤੇ ਭੱਜਣ ਦਾ ਮੰਤਵ ਪੂਰਾ ਨਾ ਹੋਇਆ।

ਓਥੇ, ਜਿਥੇ ਬਹਾਦਰ ਸ਼ੇਰ ਲੜਾਈ ਕਰਦੇ ਹਨ,  
ਜੰਗਲ ਦੇ ਦਿਲ ਵਿਚੋਂ ਧੂੜ ਉੱਡਣ ਲੱਗਦੀ ਹੈ।  
ਉਹ ਮਗਰਮੱਛ, ਜਿਹੜੇ ਸਮੁੰਦਰ ਵਿਚ ਤੂਫ਼ਾਨ ਮਚਾ ਦੇਂਦੇ ਹਨ,  
ਹੜ੍ਹ ਵਾਲੇ ਦਰਿਆ ਵਿਚ ਹੋਰ ਹੜ ਲੈ ਆਉਂਦੇ ਹਨ।

ਜਦ ਕਸੂਰ ਦੇ ਅਫ਼ਗਾਨ ਨੇ, ਜੋ ਰਣਖੇਤਰ ਦੀ ਸ਼ਤਰੰਜ ਦਾ ਖਿਡਾਰੀ ਸੀ, ਆਪਣੀ ਬਾਜ਼ੀ ਮਾਤ ਹੁੰਦੀ ਵੇਖੀ, ਤਾਂ ਉਸ ਨੇ ਸੋਚ ਵਿਚਾਰ ਦੇ ਘੋੜੇ ਨੂੰ ਦਿਲ ਵਿਚ ਦੌੜਾਇਆ ਅਤੇ ਜੁਗਤ ਬਣਾਈ ਕਿ ਜੇ ਫ਼ਰਜ਼ੀਨ (ਮੁਹਰਾ) ਦੀ ਤਰ੍ਹਾਂ ਮੂੰਹ ਪਿਛੇ ਮੋੜਾਂ, ਤਾਂ ਰੁਖ਼ (ਸ਼ਤਰੰਜ ਦਾ ਘੋੜਾ) ਦੀ ਬਦਨਾਮੀ ਹੋਵੇਗੀ ਅਤੇ ਉਹ ਥਾਂ, ਜਿਥੇ ਕਿ ਮੈਂ ਬਾਦਸ਼ਾਹੀ ਕੀਤੀ ਹੈ, ਉਥੇ ਪਿਆਦਾ (ਨਰਦ) ਬਣਨ ਨਾਲ ਵੀ ਗੁਜ਼ਾਰਾ ਨਹੀਂ ਹੋਣਾ। ਹਿੰਮਤ ਦੇ ਯੋਗ ਅਤੇ ਬਹਾਦਰੀ ਦੀ ਸਾਰ ਇਸੇ ਵਿਚ ਹੈ ਕਿ ਜਾਨ ਦੇ ਬੀਜ ਨੂੰ ਮੈਦਾਨ ਦੀ ਮਿੱਟੀ ਵਿਚ ਬੀਜਿਆ ਜਾਵੇ। ਇਹ ਵਿਚਾਰ ਕਰ ਕੇ ਬੇਵਸ ਹੋ ਕੇ ਤੁਰਤ ਹੀ ਆਪਣੇ ਹਾਥੀ ਨੂੰ ਹਵਾ ਦੀ ਚਾਲ ਵਾਲੇ ਘੋੜੇ ਦੀ ਤਰ੍ਹਾਂ ਨਵਾਬ ਦੇ ਹਾਥੀ ਉਤੇ ਏਸ ਦਬਦਬੇ ਨਾਲ ਚਾੜ੍ਹ ਦਿੱਤਾ, ਕਿ ਇਕ ਵਾਰ ਹਾਥੀ-ਸਰੀਰ, ਸ਼ੇਰ ਬੱਬਰ ਦੇ ਦਿਲ ਵਾਲਿਆਂ ਦੇ ਪੱਕੇ ਕਦਮ ਵੀ ਆਪਣੀ ਥਾਂ ਤੇ ਨਾ ਜਮੇ ਰਹੇ ਅਤੇ ਸਾਰਿਆਂ ਦੀ ਸ਼ਾਂਤੀ ਦਾ ਧਾਗਾ ਟੁੱਟ ਗਿਆ। ਰਣ ਦੇ ਧਨੀ ਨਵਾਬ ਨੇ, ਜੋ ਸਦੀਵੀ ਉਦਾਰਤਾ ਨਾਲ ਮਾਲਾ-ਮਾਲ ਹੋ ਕੇ ਸਮਦੀ ਗੱਦੀ ਉਤੇ ਸਥਿਤ ਸੀ, ਤੁਰਤ ਹੀ ਆਪਣੇ ਮਗਰਮਛ ਜਿਹੇ ਹਾਥੀ ਨੂੰ ਉਸ ਚੰਚਲ ਅਤੇ ਚਪਲ ਨਾਲ ਲੜਨ ਲਈ ਦੌੜਾਇਆ ਅਤੇ ਨੰਗੀ ਤਲਵਾਰ ਲੈ ਕੇ ਬਿਜਲੀ ਦੀ ਤਰ੍ਹਾਂ ਉਸ ਫੁੰਕਾਰੇ ਮਾਰਨ ਵਾਲੇ ਸੱਪ ਉਤੇ ਟੁਟ ਪਿਆ।

ਤੂੰ ਕਹੇਂਗਾ ਕਿ ਇਕ ਨਵਾਬ ਤੋਂ ਦੋ ਸੌ ਨਵਾਬ ਹੋ ਗਏ,  
ਉਹ ਸ਼ੇਰ, ਸਮੁੰਦਰ ਤੇ ਪਰਮਾਤਮਾ ਦਾ ਸੂਰਜ ਬਣ ਗਿਆ।  
ਉਹ ਆਪਸ ਵਿਚ ਬੜੇ ਦਬਦਬੇ ਨਾਲ ਇਸ ਤਰ੍ਹਾ ਜੂਝੇ,  
ਜਿਵੇਂ ਕਿ ਰੁਸਤਮ ਅਫ਼ਰਾਸਿਆਬ ਨਾਲ ਜੂਝਿਆ ਸੀ।

———

ਉਨ੍ਹਾਂ ਨੇ ਲੜਾਈ ਲਈ ਤਲਵਾਰਾਂ ਖਿੱਚੀਆਂ,  
ਜਿਵੇਂ ਅਜ਼ਗਰ ਮਗਰਮਛ ਦੇ ਚਿਹਰੇ ਨੂੰ ਡੰਗਦਾ ਹੈ।  
ਜੇ ਤੂਫ਼ਾਨੀ ਸਮੁੰਦਰ ਸਾਮ੍ਹਣੇ ਆਉਂਦਾ,  
ਤਾਂ ਉਹ ਜੋਸ਼ ਨਾਲ ਉਸ ਦੀ ਛਾਤੀ ਉਤੇ ਘਾਉ ਕਰ ਦਿੰਦਾ।  
ਜੇ ਲੋਹੇ ਦਾ ਪਹਾੜ ਵਿਚਕਾਰ ਆ ਜਾਂਦਾ,  
ਤਾਂ ਉਹ ਬੱਦਲ ਦੀ ਤਰ੍ਹਾਂ ਅਸਮਾਨ ਵਿਚ ਉੱਡ ਜਾਂਦਾ।

ਵਿਰੋਧੀ ਨੇ ਆਪਣੇ ਦੋਵੇਂ ਹੱਥਾਂ ਨਾਲ ਜੇਤੂ ਨਵਾਬ ਵਲ, ਜਿਹੜਾ ਨਿਆਕਾਰ, ਸਹਾਇਕ ਤੇ ਰਾਖੇ (ਰੱਬ) ਦੀ ਸੁਰਖਿਆ ਵਿਚ ਸੀ, ਤੇ ਜਿਸ ਉਤੇ ਸਤਿਕਾਰ ਯੋਗ ਸੁਤੰਤਰ

ਹਜ਼ਰਤ ਦੀ ਕਿਰਪਾ ਸੀ, ਤਲਵਾਰ ਮਾਰੀ। ਬੰਦੂਕ ਦਾ ਤੀਰ ਮੱਥੇ ਕੋਲੋਂ ਲੰਘਿਆ ਅਤੇ ਦੁਰਭਾਗੇ ਮੱਥੇ ਦੀ ਲਿਖਤ ਉਤੇ ਮਨਸੂਖੀ ਦਾ ਨਿਸ਼ਾਨ ਖਿੱਚ ਗਿਆ, ਮਾਨੋ ਜਾਦੂ ਦੇ ਦੈਂਤ ਨੇ ਆਪਣਾ ਸਿਰ ਘੁਮੰਡ ਨਾਲ ਉਪਰ ਚੁਕਿਆ ਸੀ, ਜਿਹੜਾ ਕੇਵਲ ਮੁੱਠੀ ਭਰ ਜਾਦੂ ਨਾਲ ਹੇਠਾਂ ਬੈਠ ਗਿਆ, ਜਾਂ ਰੌਲੇ-ਰੱਪੇ ਦਾ ਤੂਫ਼ਾਨ ਉਠਿਆ ਸੀ, ਜੋ ਇਕੋ ਲਹਿਰ ਨਾਲ ਹੀ ਗ਼ਾਇਬ ਹੋ ਗਿਆ।

ਉਹ ਭੇਦ, ਜਿਹੜਾ ਲੁਕਿਆ ਹੋਇਆ ਸੀ, ਦਿਲ ਵਿਚ ਹੀ ਰਹਿ ਗਿਆ,
ਤੂੰ ਕਹੇਂ ਗਾ ਕਿ ਉਹ ਬਹੁਤ ਸਾਲਾਂ ਤੋਂ ਹੀ ਸੁੱਤਾ ਹੋਇਆ ਸੀ।
ਉਸ ਦੇ ਆਪਣੇ ਸਾਥੀਆਂ ਨੇ (ਉਸ ਵਲ) ਘਿਰਣਾ ਨਾਲ ਵੇਖਿਆ,
ਬਾਦਸ਼ਾਹਾਂ ਨਾਲ ਲੜਨ ਦਾ ਬਲ ਕੁਤਿਆਂ ਵਿਚ ਕਿਥੇ ਹੋ ਸਕਦਾ ਹੈ ?
ਉਸ ਸ਼ਹਿਰ ਦੀ ਸਾਰੀ ਜਨਤਾ ਨੇ ਅੱਖ ਖੋਲ੍ਹੀ (ਵੇਖਿਆ),
ਕਿ ਫ਼ੌਜ ਆ ਗਈ ਅਤੇ ਹੁਸੈਨ ਨਹੀਂ ਆਇਆ।
ਬਾਗ਼ੀਆਂ ਦਾ ਸਿਰ ਅੰਤ ਨੂੰ ਧਰਤੀ ਉਤੇ ਡਿੱਗ ਪੈਂਦਾ ਹੈ,
ਕਿਉਂਕਿ ਅੰਤ ਵਿਚ ਪੌਣ ਦਾ ਘੱਟਾ ਹੇਠ ਬੈਠ ਹੀ ਜਾਂਦਾ ਹੈ।
ਹਾਂ ਕਸੂਰ ਦੀ ਨਕਦੀ ਖੋਟੀ ਸੀ,
ਨਵਾਬ ਦੀ ਇਕ ਸੱਟ ਨਾਲ ਹੀ ਉਸ ਦੀ ਖੋਟ ਜਾਂਦੀ ਰਹੀ।
ਉਸ (ਨਵਾਬ) ਨੇ ਜ਼ਾਲਿਮ ਦੇ ਖਲਵਾੜੇ ਵਿਚ ਅਜਿਹਾ ਚੰਗਿਆੜਾ ਸਿਟਿਆ,
ਕਿ ਉਹ ਦੇਸ਼ ਵੈਰ ਦੇ ਕੰਡਿਆਂ ਤੋਂ ਸਾਫ਼ ਹੋ ਗਿਆ।
ਬਾਗ਼ੀਆਂ ਨੂੰ ਮਿੱਟੀ ਉਤੇ ਸਿਟ ਦਿੱਤਾ,
ਅਫ਼ਗਾਨ ਕੌਮ ਰੋਣ ਪਿੱਟਣ ਲੱਗ ਪਈ।
ਰੱਬ ਦੇ ਰਾਹ ਉਤੇ ਚਲਣ ਵਾਲਿਆਂ ਦਾ ਸਮਾਂ ਕਿੰਨਾ ਚੰਗਾ ਹੈ,
ਜਿਹੜੇ ਸੱਚੇ ਕੰਮ ਕਰਨ ਦਾ ਉਪਰਾਲਾ ਕਰਦੇ ਹਨ।
ਉਨ੍ਹਾਂ ਸ਼ਾਂਤੀ ਦੇ ਘਰ ਵਾਲੇ ਬਹਾਦੁਰਾਂ ਦਾ ਹਾਲ ਕਿੰਨਾ ਚੰਗਾ ਹੈ,
ਜਿਨ੍ਹਾਂ ਨੇ ਸੰਸਾਰ-ਭਲਾਈ ਲਈ ਆਪਣਾ ਸਿਰ ਦਾਨ ਕਰ ਦਿੱਤਾ।
ਹੇ ਰੱਬ, ਜਦ ਤਕ ਸੰਸਾਰ ਕਾਇਮ ਰਹੇ,
ਨਵਾਬ ਦੀ ਬਰਕਤ ਨਾਲ ਪੰਜਾਬ ਨੂੰ ਹਰਿਆ ਭਰਿਆ ਰੱਖ।

ਅਰਥ-ਸਿੰਜੇ ਕਸ਼ਮੀਰ ਦੇ ਇਲਾਕੇ ਨੂੰ ਪਸਿੰਦ ਕਰਨ ਵਾਲਿਆਂ, ਭਾਵ ਗੰਭੀਰ ਅਰਥ ਪ੍ਰਗਟਾਉਣ ਵਾਲੇ ਲੇਖਕਾਂ ਨੇ ਸੁੰਦਰ ਵਿਸ਼ੇ ਵਸਤੂ ਨੂੰ ਇਸ ਖਿੜਾਉ ਤੇ ਤਾਜ਼ਗੀ ਅਤੇ ਉਸ ਇਸ਼ਾਰੇ ਤੇ ਸੰਕੇਤ ਨਾਲ ਪ੍ਰਗਟਾਇਆ ਹੈ, ਕਿ ਜਦ ਵਿਜੈਈ ਤੇ ਜੇਤੂ ਨਵਾਬ ਨੇ ਕਸੂਰ ਦੇ ਅਸ਼ਾਂਤੀ ਭਰਪੂਰ ਇਲਾਕੇ ਨੂੰ ਸ਼ਰਾਰਤ ਦੇ ਕੂੜੇ ਕਰਕਟ ਤੋਂ ਸਾਫ਼ ਕਰ ਦਿੱਤਾ, ਤਾਂ ਉਨ੍ਹਾਂ ਜ਼ਿਲਿਆਂ ਦੇ ਆਲੇਦੁਆਲੇ ਦੇ ਜ਼ਿਮੀਂਦਾਰਾਂ ਨੇ ਆਪਣੀਆਂ ਜਾਗੀਰਾਂ ਨਵੇਂ ਸਿਰਿਓਂ, ਤਨਖਾਹ ਵਿਚ ਕਮੀ ਹੋਣ ਤੋਂ ਬਿਨਾਂ ਹੀ, ਪ੍ਰਾਪਤ ਕਰ ਲਈਆਂ। ਇਸ ਸਾਰੇ ਨਿਆਂ ਦੀਆਂ ਸਿਫ਼ਤਾਂ ਦੇ ਕਾਰਨ ਸਾਰੇ ਸੰਸਾਰ ਦੀਆਂ ਜੀਭਾਂ ਉਸ ਦੀਆਂ ਪ੍ਰਸ਼ੰਸਕ ਬਣ ਗਈਆਂ। ਉਸ ਦੇਸ਼ ਦੀ ਜਨਤਾ ਨੇ ਦੁਰਭਾਗ ਅਤੇ ਦੁਰਘਟਨਾਵਾਂ ਦੇ ਕੰਡੇ ਆਪਣੇ ਸਮੇਂ ਦੇ ਪੈਰਾਂ ਵਿਚੋਂ ਕਢ ਕੇ ਸੰਪੂਰਣ ਸ਼ਾਂਤੀ ਨਾਲ ਨਵਾਬ ਦੀ ਬੱਦਲ ਜਿਹੀ ਦਿਆਲਤਾ ਦੀ ਸਰਪਰਸਤੀ ਹੇਠ ਸੁਖ ਪ੍ਰਾਪਤ ਕੀਤਾ ਅਤੇ ਪ੍ਰਸਿੱਧ ਨਵਾਬ ਦੇ ਸ਼ੁਭਚਿੰਤਕ ਉਸ ਲਈ ਸੁਭਾਗੀਆਂ ਅਰਦਾਸਾਂ ਕਰਨ ਹਿਤ ਸਵੇਰੇ ਜਾਗਦੇ ਰਹੇ।

ਸ਼ਰਫ਼ੁੱਦੀਨ ਕਸ਼ਮੀਰੀ ਨੇ, ਕਿ ਜਿਸ ਨੂੰ ਵਿਦਿਆ ਦੀ ਮਹਾਨਤਾ ਤੇ ਸੁਵਕਤਤਾ ਦੀ ਸੰਪੂਰਨਤਾ ਤੋਂ ਸੱਖਣਾ ਨਹੀਂ ਕਿਹਾ ਜਾ ਸਕਦਾ ਸੀ, ਉਸ ਦੇਸ਼ ਦੇ ਸਦਾਬਹਾਰ ਬਾਗ਼ ਨੂੰ ਸੂਬੇਦਾਰ ਤੋਂ ਖ਼ਾਲੀ ਵੇਖ ਕੇ ਆਪਣੇ ਗੁਣਾਂ ਤੇ ਵਿਦਵਤਾ ਰਾਹੀਂ ਵਿਦਿਆਰਥੀਆਂ ਦੀ ਵੱਡੀ ਗਿਣਤੀ ਇਕੱਠੀ ਕੀਤੀ ਅਤੇ ਆਪਣੇ ਸੁਭਾਗ ਅਤੇ ਚੰਗੇ ਦਿਨਾਂ ਨੂੰ ਆਪਣੇ ਹਾਲ ਤੇ ਨਤੀਜਿਆਂ ਦਾ ਸਹਾਇਕ ਵੇਖ ਕੇ ਉਸ ਦੇਸ਼ ਦੇ ਮਾਲਕ ਹੋਣ ਦੀ ਲਾਲਸਾ ਪੈਦਾ ਕੀਤੀ। ਉਸ ਸੁਰਗ ਜਿਹੇ ਇਲਾਕੇ ਵਿਚ ਵਿਦ੍ਰੋਹੀ ਹੋ ਕੇ ਉਸ ਨੇ ਫ਼ੁੱਲਾਂ ਨੂੰ ਦਰੜ ਦਿੱਤਾ। ਭਾਵੇਂ ਦਿਆਲੂ ਨਵਾਬ, ਆਪਣੇ ਸਰਪਰਸਤ ਦੇ ਹੱਕਾਂ ਸਦਕਾ ਹਮਦਰਦੀ ਕਾਰਨ ਓਥੋਂ ਦੇ ਹਾਲ ਮਲੂਮ ਕਰ ਕੇ ਖ਼ੂਨੀ ਅਜ਼ਗਰ ਦੀ ਤਰ੍ਹਾਂ ਆਪਣੇ ਆਪ ਵਿਚ ਬੇਚੈਨ ਸੀ, ਪਰ ਕਿਉਂਕਿ ਇਹ ਸੂਬਾ ਵੱਖਰਾ ਸੀ, ਇਸ ਲਈ ਹਜ਼ੂਰ ਦੇ ਹੁਕਮ ਤੋਂ ਬਿਨ੍ਹਾਂ ਉਸ ਦੇ ਸੁਧਾਰ ਨੂੰ ਬੇਫ਼ਾਇਦਾ ਚਿੰਤਾ ਅਤੇ ਨਿਰਾਰਥਕ ਕਸ਼ਟ ਸਮਝਦਾ ਸੀ।

ਹੌਲੇ ਹੌਲੇ ਧਿਆਨ ਦੀ ਅਣਹੋਂਦ ਨੇ ਉਸ ਅਤਿਆਚਾਰ ਦੀ ਅੱਗ ਦੀਆਂ ਲਾਟਾਂ ਉੱਚੀਆਂ ਕਰ ਦਿੱਤੀਆਂ ਅਤੇ ਹਜ਼ਾਰ ਤਰ੍ਹਾਂ ਦੇ ਚੰਗਿਆੜੇ ਉਸ ਸਦਾਬਹਾਰ ਬਾਗ਼ ਵਿਚ ਸਿੱਟ ਦਿੱਤੇ। ਉਸ ਦੇ ਅਤਿਆਚਾਰ ਦੇ ਬੂਟੇ ਨੇ ਉਸ ਧਰਤੀ ਵਿਚ ਏਨੀ ਜੜ ਫੜੀ ਕਿ ਪੀੜਤਾਂ ਦੇ ਅਗਿਣਤ ਹੰਝੂ ਅੰਗੂਰਾਂ ਦੀ ਤਰ੍ਹਾਂ ਗੁੱਛੇ ਬਣ ਗਏ ਅਤੇ ਪ੍ਰੇਮਕਾਵਾਂ ਦੇ ਸੇਉ-ਰੰਗੇ ਚਿਹਰੇ ਕਾਲੇ ਆਲੂ ਦੀ ਤਰ੍ਹਾਂ ਕਾਲੇ ਸਿਆਹ ਹੋ ਗਏ ਅਤੇ ਕੌਮ ਦੇ ਸੁਖ ਦੇ ਧਾਗੇ ਦੇ ਸਿਰੇ ਨੂੰ ਬਾਲਛੜ ਦੀ ਜ਼ੁਲਫ਼ ਦੀ ਤਰ੍ਹਾਂ ਏਸ ਤਰ੍ਹਾਂ ਖਿੰਡਾ ਪੁੰਡਾ ਦਿੱਤਾ ਕਿ ਉਹ ਮਹਾ ਪਰਲੋ ਤੱਕ ਸੁਮੇਲ ਦਾ ਚਿਹਰਾ ਨਹੀਂ ਵੇਖੇਗਾ। ਪਰਮਾਤਮਾ ਅਜਿਹਾ ਕਸ਼ਮੀਰੀ ਨਾ ਬਣਾਉਂਦਾ ਅਤੇ

ਉਹ ਸੁਭਾਗ ਦੀ ਇਸ ਸਿਖਰ ਤਕ ਨਾ ਅਪੜਦਾ । ਲੋਕਾਂ ਦੇ ਸੁਖ ਦੀ ਪੁਸਤਕ ਨੂੰ ਏਸ ਤਰ੍ਹਾਂ ਆਸ਼ਕਾਂ ਦੇ ਭਾਗਾਂ ਦੀ ਤਰ੍ਹਾਂ ਨਾ ਬਖੇਰਦਾ ਕਿ ਉਹ ਮਹਾ ਪਰਲੋ ਤਕ ਇਕ ਮੁੱਠ ਨਾ ਹੋਵੇ । ਜੇ ਕੋਈ ਮੁਸਲਮਾਨ ਬੈਂਤ ਦੀ ਤਰ੍ਹਾਂ ਆਪਣਾ ਸਿਰ ਨਿੰਮਰਤਾ ਦੀ ਧਰਤੀ ਉਤੇ ਰੱਖਦਾ ਸੀ, ਤਾਂ ਵੀ ਉਸ ਦੇ ਦੰਡ ਤੋਂ ਨਾ ਬਚਦਾ ਅਤੇ ਜੇ ਕੋਈ ਹਿੰਦੂ ਆਪਣੇ ਆਪ ਨੂੰ ਉਸ ਦਾ ਗ਼ੁਲਾਮ ਵੀ ਬਣਾ ਲੈਂਦਾ ਤਾਂ ਵੀ ਉਸ ਦੀ ਜਾਨ ਨਾ ਬਚਦੀ । ਉਸ ਨੇ ਲੋਕਾਂ ਦੇ ਦਿਲ ਨੂੰ ਇਸ ਹੱਦ ਤੱਕ ਤਪਾਇਆ ਕਿ ਉਹ ਕਬਾਬ ਹੋ ਗਏ ਅਤੇ ਕਸ਼ਮੀਰ ਦੀ ਰੋਟੀ ਏਨੀ ਰਾੜ੍ਹੀ ਕਿ ਉਹ ਸੜ ਹੀ ਗਈ । ਕਸ਼ਮੀਰੀ ਦਿਨ ਵਿਚ ਰੋਟੀ ਨਹੀਂ ਸਨ ਖਾਂਦੇ, ਕਿਉਂਕਿ ਉਹਨਾਂ ਕੋਲ ਸੂਰਜ ਦੀ ਟਿੱਕੀ ਤੋਂ ਛੁੱਟ ਹੋਰ ਕੁਝ ਨਹੀਂ ਸੀ ਅਤੇ ਰਾਤ ਨੂੰ ਦੇਗ ਨਹੀਂ ਸਨ ਪਕਾਉਂਦੇ, ਕਿਉਂਕਿ ਸਮੇਂ ਦੀ ਸਰਦੀ ਦੇ ਕਾਰਨ ਅੱਗ ਬੁੱਝ ਗਈ ਸੀ । ਅੱਗ ਤੋਂ ਪਾਣੀ ਉਬਲਦਾ ਨਹੀਂ ਸੀ, ਕਿਉਂਕਿ ਉਨ੍ਹਾਂ ਦੇ ਦਿਲ ਅਤਿਅੰਤ ਠੰਢੇ ਹੋ ਗਏ ਸਨ ਅਤੇ ਪਾਣੀ ਤੋਂ ਅੱਗ ਨਹੀਂ ਸੀ ਬੁਝਦੀ, ਕਿਉਂਕਿ ਉਸ ਵਿਚ ਅਤਿਅੰਤ ਭੜਕੀ ਮੌਜੂਦ ਸੀ ।

ਹਰ ਅਸਫ਼ਲ ਬੰਦਾ ਦਰਦ ਤੋਂ ਬੇਹੱਦ ਰੋਂਦਾ ਸੀ,
ਉਸ ਦੀਆਂ ਅੱਖਾਂ ਬਦਾਮ ਦੇ ਫੁਲ ਦੀ ਸ਼ਕਲ ਜਿਹੀਆਂ ਹੋ ਗਈਆਂ ਸਨ ।
ਸੋਗ ਤੇ ਗ਼ਮ ਦੇ ਕਾਰਨ ਉਨਾਂ ਨੂੰ ਏਨੇ ਦਾਗ਼ ਲੱਗੇ,
ਕਿ ਨਾਸ਼ਪਾਤੀ ਮੋਰ ਦਾ ਆਂਡਾ ਹੋ ਗਈ ।
ਪਿਸਤੇ ਦਾ ਮੂੰਹ ਲਹੂ ਨਾਲ ਭਰ ਗਿਆ,
ਬਹੀ ਹੁਮਾ ਦੇ ਆਂਡੇ ਦੀ ਤਰ੍ਹਾਂ ਲੋਪ ਹੋ ਗਈ ।
ਹਰ ਫਲ ਸੋਗ ਦੀ ਬਹੁਲਤਾ ਦੇ ਕਾਰਨ ਕੋੜਾ ਹੋ ਗਿਆ ।
ਸੇਬ ਗ਼ਮ ਦੇ ਮਾਰੇ ਦੁਖ ਦੀ ਮੂਰਤ ਬਣ ਗਿਆ ।
ਬੇ-ਗ਼ਮੀ ਖੋਈ ਗਈ, ਚੰਗਿਆਈ ਨੇ ਆਪਣਾ ਚਿਹਰਾ ਲੁਕੋ ਲਿਆ,
ਹਰ ਪਾਸੇ ਖ਼ੁਸ਼ਕੀ ਦੇ ਫੁੱਲ ਖਿੜ ਗਏ ।
ਲੋਕਾਂ ਨੂੰ ਐਨ ਬਹਾਰ ਦੀ ਰੁੱਤ ਵਿਚ ਘਾ ਨਾ ਦਿੱਸਿਆ,
ਖੇਤਾਂ ਦੀ ਧਰਤੀ ਅਣ-ਉਪਜਾਊ ਹੋ ਗਈ ।
ਵੈਰੀਆਂ ਦੇ ਰੰਗ ਦੀ ਪੀਲੱਤਣ ਨਿਰਸੰਦੇਹ
ਕੇਸਰ ਦੀ ਬਹਾਰ ਦੀ ਯਾਦ ਦੁਆਂਦੀ ਸੀ ।

ਦਾਣੇ ਵਿਚ ਸਿੱਕੇ ਦੇ ਦਾਣੇ ਦੀ ਤਰ੍ਹਾਂ ਜ਼ਹਿਰ ਦੀ ਵਿਸ਼ੇਸ਼ਤਾ ਭਰ ਗਈ ਅਤੇ ਪਾਣੀ ਤਲਵਾਰ ਦੀ ਧਾਰ ਦੀ ਤਰ੍ਹਾਂ ਹਲਕ ਨੂੰ ਵੱਢਦਾ ਸੀ । ਪਸ਼ਮੀਨਾ ਦੁਰਘਟਨਾਵਾਂ ਦੀ ਜਲਣ ਨਾਲ ਛਾਤੀ ਵਿਚ ਵੈਰ ਵਧਾਉਂਦਾ ਸੀ ਅਤੇ ਸ਼ਾਲ ਕੰਗਾਲੀ ਦੇ ਕਾਰਨ ਆਦਮੀਆਂ ਦੇ ਕਾਲ ਦੇ ਸਾਲ ਦੀ ਪੂਰੀ ਉਦਾਹਰਣ ਪ੍ਰਗਟਾਉਂਦਾ ਸੀ । ਕਸ਼ਮੀਰ ਦੀ ਸਾਰੀ ਪਰਜਾ ਕਸ਼ਮੀਰ ਦੇ ਉਸ ਮਾਲਕ ਦੇ ਦਰਬਾਰ ਵਿਚ ਸਿਜਦਾ (ਸਿਰ ਝੁਕਾਉਣਾ) ਕਰਦੀ ਸੀ ।

ਸਾਰੇ ਸ਼ੋਕ ਦੀ ਘੁੰਮਣ-ਘੇਰੀ ਵਿਚ ਡਿੱਗ ਪਏ,
ਉਹ ਕਹਿੰਦੇ ਕਿ, ਹੇ ਕਸ਼ਮੀਰੀ, ਚੰਗਾ ਹੁੰਦਾ ਜੇ ਤੂੰ ਮਰ ਜਾਂਦਾ ।

———

ਉਸ ਨੇ ਰੌਲੇ-ਰੱਪੇ ਦਾ ਇਸ ਤਰ੍ਹਾਂ ਤੂਫ਼ਾਨ ਮਚਾਇਆ,
ਕਿ ਕਸ਼ਮੀਰ ਦੀ ਨੀਂਹ ਵਿਚ ਪਾਣੀ ਦੇ ਦਿੱਤਾ ।
ਡਰ ਦੀ ਗਰਮੀ ਅਤੇ ਭੱਜਣ ਦੇ ਭੈ ਕਾਰਨ,
ਕਸ਼ਮੀਰੀ, ਜੋ ਕਿਸੇ ਸਮੇਂ ਸ਼ੇਰ ਜਿਹੇ ਪ੍ਰਸਿੱਧ ਸਨ, ਨਿਤਾਣੇ ਤੇ ਨਿਕੰਮੇ ਹੋ ਗਏ ।
ਸੰਸਾਰ ਦੀ ਅੱਖ ਨੇ ਇਸ ਤਰ੍ਹਾਂ ਲਹੂ ਕੇਰਿਆ,
ਕਿ ਨਰਗਸ ਦੇ ਫੁਲ ਨਿਕਲੇ ਤੇ ਉਹ ਲਾਲ ਹੋਏ
(ਨਰਗਸ ਜਿਹੀਆਂ ਕਾਲੀਆਂ ਅੱਖਾਂ ਲਾਲ ਹੋ ਗਈਆਂ) ।
ਗੁਲਾਬ ਤੇ ਪੋਸਤ ਦੇ ਫੁਲ ਨੇ ਅੱਖਾਂ ਤੋਂ ਆਪਣੇ ਚਿਹਰੇ ਲੁਕੋ ਲਏ,
ਕਿਉਂਕਿ ਨਵੇਂ ਜੰਮੇ ਹੋਇਆਂ ਨੇ ਕਸ਼ਮੀਰ ਨੂੰ ਘੇਰ ਲਿਆ ।
ਸ਼ਰਫ਼ ਨੇ ਲੋਕਾਂ ਨੂੰ ਏਨਾ ਦੁਖੀ ਕੀਤਾ,
ਕਿ ਕਸ਼ਮੀਰ ਦੀ ਅੱਖ ਵਿਚ ਫੁੱਲ ਕੰਡਾ ਹੋ ਗਿਆ ।
ਉਸ ਦੇ ਜਤਨ ਨਾਲ ਸ਼ਾਇਦ ਕਸ਼ਮੀਰ ਸਿੰਜਿਆ ਗਿਆ,
ਕਿਉਂਕਿ ਅਥਰੂਆਂ ਕਾਰਨ ਕਸ਼ਮੀਰ ਪਾਣੀ ਵਿਚ ਡੁੱਬ ਗਿਆ ।

ਕਿਉਂਕਿ ਪਰਮਾਤਮਾ ਦੀ ਬੁੱਧ ਨੇ ਹਰ ਮਲ੍ਹਮ ਨੂੰ ਜ਼ਖ਼ਮ ਤੋਂ ਸ਼ਰਮਿੰਦਾ (ਅਸਰ ਨਾ ਕਰਨ ਵਾਲਾ) ਨਹੀਂ ਰਖਿਆ ਅਤੇ ਹਰ ਦਰਦ ਅਜਿਹਾ ਨਹੀਂ, ਜਿਸ ਦੀ ਕੋਈ ਦਵਾ ਨਾ ਹੋਵੇ, (ਇਸ ਲਈ) ਸਮਦੀ ਨਿਆਂ ਉਸ ਨਾਮੁਰਾਦ ਸਮੂਹ ਦੀ ਫ਼ਰਿਆਦ ਸੁਣਨ ਲਈ ਪਹੁੰਚਿਆ ਅਤੇ ਉਸ ਸੂਬੇ ਦਾ ਰਾਜ ਨਿਆਂਕਾਰੀ ਨਵਾਬ ਨਾਲ ਸੰਬੰਧਤ ਹੋ ਗਿਆ । ਉਨ੍ਹਾਂ ਲੋਕਾਂ ਦੇ ਭੈੜੇ ਦਿਨਾਂ ਦਾ ਅਖ਼ੀਰ ਆ ਗਿਆ । ਮੰਦ-ਭਾਗਾਂ ਵਿਚ ਫਸੇ ਹੋਏ ਸਮੇਂ ਦੀ ਨਾਮੁਰਾਦੀ, ਬੇੜੀਆਂ ਖੋਲ੍ਹਣ ਦੇ ਵਿਚਾਰ ਕਰਨ ਲੱਗੀ ।

ਕਸ਼ਮੀਰੀਆਂ ਨੂੰ ਖ਼ੁਸ਼ ਹੋਣ ਲਈ ਕਹੋ, ਕਿ ਬੁਲਬੁਲ ਨੇ ਜ਼ੰਜੀਰ ਦੀ ਪ੍ਰਸ਼ੰਸਾ ਕੀਤੀ ।
ਸ਼ਾਇਦ ਨਵੀਂ ਬਹਾਰ ਆਈ, ਜਿਵੇਂ ਰੋਗ ਸਰੀਰ ਤੋਂ ਨਿਕਲ ਜਾਂਦਾ ਹੈ, ਓਸੇ ਤਰ੍ਹਾਂ ਬਾਗ਼ ਵਿਚੋਂ ਪਤਝੜ ਦੀ ਰੁਤ ਵਿਦਾ ਹੋ ਗਈ ।
ਮਿਹਫ਼ਲ (ਸਮਾਗਮ) ਦੀ ਤਰਤੀਬ ਤੇ ਸਜਾਵਟ ਲਈ ਬਾਗ਼ ਵਿਚ ਨਵੇਂ ਜੰਮਿਆਂ (ਫੁਲਾਂ) ਨੇ ਸਿਰ ਕਢਿਆ ।

ਨਿਆਂਕਾਰੀ ਨਵਾਬ, ਜਿਹੜਾ ਇਸ ਦਰਵਾਜ਼ੇ ਦੀ ਜਿੱਤ ਦੀ, ਬਖ਼ਸ਼ਣਹਾਰ ਪਰਮਾਤਮਾ ਦੇ ਦਰਬਾਰ ਵਲੋਂ ਮੰਗ ਕਰਦਾ ਸੀ ਅਤੇ ਇਸ ਇੱਛਾ ਦੀ ਪੂਰਤੀ, ਪ੍ਰਤਾਪੀ ਕਿਰਪਾਲੂ ਪਰਮਾਤਮਾ ਦੀਆਂ ਮਹਾਨ ਬਖਸ਼ਸ਼ਾਂ ਰਾਹੀਂ ਹੀ ਬਿਆਨ ਕਰਦਾ ਸੀ, ਨੇ ਇਸ ਆਸ ਦੀ ਸਵੇਰ ਦੇ ਖਿੜਨ ਵਿਚ ਸੂਰਜ ਦੀ ਤਰ੍ਹਾਂ ਆਪਣੇ ਚਿਹਰੇ ਨੂੰ ਪ੍ਰਕਾਸ਼ਵਾਨ ਕੀਤਾ ਅਤੇ ਜਨਤਾ ਦੀ ਇੱਛਾ ਉਤੇ ਫੁੱਲ ਦੀ ਤਰ੍ਹਾਂ ਖੇੜਾ ਲਿਆਂਦਾ । ਅਤੇ ਕਿਉਂਕਿ ਇਨ੍ਹਾਂ ਕੁਝ ਸਾਲਾਂ ਵਿਚ (ਨਵਾਬ ਨੂੰ) ਬੇ ਲੋੜੇ ਫਿਕਰਾਂ ਦਾ ਸਾਮ੍ਹਣਾ ਕਰਨਾ ਪਿਆ ਸੀ ਅਤੇ ਕਠਨ ਸਫ਼ਰ ਇਖ਼ਤਿਆਰ ਕਰਨੇ ਪਏ ਸਨ, (ਇਲ ਲਈ) ਪਹਿਲਾਂ (ਨਵਾਬ ਦੇ) ਸਾਫ਼ ਦਿਲ ਨੇ ਇਸ ਗੱਲ ਵਿਚ ਬਿਹਤਰੀ ਵੇਖੀ ਕਿ ਨਤੀਜਾਤੁਲਅਮਾਰਤ ਨਵਾਬ ਇਜ਼ੱਦੌਲਾ ਜ਼ਕਰੀਆ ਖ਼ਾਨ ਬਹਾਦਰ, ਜਿਹੜਾ ਪਦਵੀ, ਸੁਭਾਗ, ਪ੍ਰਤਾਪ ਤੇ ਸ਼ਾਨ ਵਿਚ ਅਤੇ ਖੁਲ੍ਹ-ਦਿਲੀ ਨਾਲ ਸੁਗਾਤਾਂ ਦੇਣ ਵਿਚ ਪਿਤਾ ਤੋਂ ਘੱਟ ਨਹੀਂ ਕਿਹਾ ਜਾਣਾ ਚਾਹੀਦਾ, ਆਪਣੇ ਬਜ਼ੁਰਗਵਾਰ

ਪਿਤਾ ਦੇ ਕਸ਼ਟਾਂ ਨੂੰ ਘਟਾਉਣ ਦਾ ਯਤਨ ਕਰੇ (ਅਤੇ) ਇਸ ਮਨੋਰਥ ਦਾ ਪ੍ਰਬੰਧ ਅਤੇ ਉਨ੍ਹਾਂ ਲੋਕਾਂ ਦੇ ਸਮੂਹ ਦੀ ਭਲਾਈ ਕਰਨ ਵਿਚ ਚੰਗੇ ਯਤਨ ਓੜ ਨਿਭਾਏ ਅਤੇ ਸੁਭਾਗ ਦੀ ਸਹਾਇਤਾ ਨਾਲ ਸੰਸਾਰ ਨੂੰ ਦੁਖਾਂ ਦੇ ਪੰਜੇ ਤੋਂ ਛੁਡਾਏ। ਦਿਨਾਂ ਵਿਚ ਹੀ ਇਨ੍ਹਾਂ ਮੁਹਿੰਮਾਂ ਦਾ ਪ੍ਰਬੰਧ ਹੋ ਗਿਆ। ਬਲਵਾਨ-ਹਿੰਮਤ ਨਵਾਬ, ਜਿਹੜਾ ਇਸ ਵੱਡੀ ਤੇ ਲੰਮੀ ਉਮਰ ਦੇ ਹੁੰਦੇ ਹੋਏ ਰੁਸਤਮ ਦਾ ਦਿਲ ਅਤੇ ਅਫ਼ਰਾਸਿਆਬ ਦਾ ਬਾਹੂ-ਬਲ ਰੱਖਦਾ ਸੀ ਅਤੇ ਜਿਸ ਨੇ ਇਨ੍ਹਾਂ ਸਾਰੀਆਂ ਥਕਾਵਟਾਂ ਦੇ ਬਾਵਜੂਦ, ਜੋ ਉਸ ਨੇ ਦੂਰ ਦੁਰਾਡੇ ਰਾਹਾਂ ਨੂੰ ਤੈ ਕਰਨ ਅਤੇ ਬੇਹਦ ਉਪਰਾਲੇ ਕਰਨ ਕਰਕੇ ਝੱਲੀਆਂ ਸਨ, ਫਿਰ ਪ੍ਰਾਰਥਨਾ ਤੇ ਅਰਦਾਸ ਲਈ ਹੱਥ ਉੱਚਾ ਕੀਤਾ ਅਤੇ ਸਰਵ-ਸ਼ਕਤੀਮਾਨ ਕਰਤੇ ਦੀ ਕਿਰਪਾ ਉਤੇ ਭਰੋਸਾ ਕਰ ਕੇ ਦਲੇਰੀ ਨਾਲ ਕਮਰਕਸਾ ਕਰ ਕੇ ਤੁਰਤ ਹੀ ਹਾਥੀ ਉਤੇ ਚੜ੍ਹ ਗਿਆ ਅਤੇ ਅਜ਼ਗਰ ਦੇ ਕ੍ਰੋਧ ਨਾਲ ਧਾਵਾ ਕਰਨ ਦੇ ਢੰਗ ਨਾਲ ਸ਼ਹਿਰ ਤੋਂ ਬਾਹਰ ਨਿਕਲਿਆ। ਅਤੇ ਪਹਿਲੇ ਦਿਨ ਆਪਣੇ ਸਾਥੀਆਂ ਵਿਚੋਂ ਕੁਝ ਕੁ ਨੂੰ ਨਾਲ ਲੈ ਕੇ ਰਾਜਘਾਟ ਦੇ ਰਾਹ ਤੋਂ ਲੰਘ ਕੇ ਸ਼ਾਹਦਰਾ ਨੂੰ ਆਪਣੇ ਸੁਭਾਗ ਦੀ ਫ਼ੌਜ ਦੇ ਉਤਰਨ ਦਾ ਸਥਾਨ ਬਣਾਇਆ, ਅਤੇ ਦੂਜੇ ਦਿਨ ਅਣਗਿਣਤ ਫ਼ੌਜ ਲੈ ਕੇ ਅੱਗੇ ਚਲ ਪਿਆ ਅਤੇ ਮੈਦਾਨ ਦੀਆਂ ਮੰਜ਼ਲਾ ਮਾਰਦਾ ਹੋਇਆ ਤਿੱਖੀ ਤਲਵਾਰ ਦੀ ਤਰ੍ਹਾਂ ਪਹਾੜਾਂ ਦੀ ਚੋਟੀ ਤੇ ਪੈਂਡੇ ਮਾਰਨ ਲਗ ਪਿਆ।

ਉਹ ਇਸ ਤਰ੍ਹਾਂ ਚਲਿਆ, ਜਿਵੇਂ ਤਲਵਾਰ ਦੀ ਧਾਰ ਉਤੇ ਚਮਕ,
ਅਤੇ ਜਿਵੇਂ ਸਮੁੰਦਰ ਨੂੰ ਜਿੱਤਣ ਲਈ ਬੱਦਲ ਚਲਦਾ ਹੈ।
ਉਹ ਬਹਾਰ ਦੀ ਸੋਹਜ ਤੇ ਸ਼ੋਭਾ ਨਾਲ
ਫੁੱਲ ਨੂੰ ਤਰਾਉਤੀ ਦੇਣ ਅਤੇ ਕੰਡਿਆਂ ਨੂੰ ਪੁਟਣ ਲਈ ਤੁਰਿਆ।

ਉਹ ਅਜਿਹਾ ਰਾਹ ਹੈ, ਜੋ ਬਹੁਤ ਕਠਨ ਹੈ। ਤੂੰ ਕਹੇਂਗਾ ਪੁਲਿਸਿਰਾਤ (ਮੁਸਲਮਾਨਾਂ ਦਾ ਵਿਸ਼ਵਾਸ਼ ਹੈ ਕਿ ਸੁਰਗ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਸਦੀਵੀ ਅੱਗ ਉਤੇ ਬਣੇ ਇਸ ਪੁੱਲ ਉਤੋਂ ਟੱਪਣਾ ਪਏਗਾ) ਦੀ ਨੀਂਹ ਉਸੇ ਰਾਹ ਦੇ ਹੀ ਨਮੂਨੇ ਉਤੇ ਕੁਦਰਤ ਨੇ ਰੱਖੀ ਹੈ.ਅਤੇ ਉਹ ਅਜਿਹਾ ਮਾਰਗ ਹੈ ਜੋ ਸਾਰੇ ਦਾ ਸਾਰਾ ਪਹਾੜੀ ਹੈ ਅਤੇ ਮੌਤ ਦੀ ਮੰਜ਼ਲ ਨੂੰ ਵੀ ਇਸ ਤੋਂ ਕਠਨ ਨਹੀਂ ਲਿਖਿਆ ਗਿਆ ਹੈ। ਵਿਚਾਰ ਦਾ ਪੈਰ ਉਸ ਰਾਹ ਉਤੇ ਤੁਰਨ ਕਰਕੇ ਅਪਹੁੰਚ ਦੇ ਛਾਲੇ ਦੀ ਕਠਨਾਈ ਝੱਲਦਾ ਹੈ ਅਤੇ ਸੋਚ ਦੀ ਅੱਖ ਉਸ ਮਾਰਗ ਨੂੰ ਵੇਖਣ ਨਾਲ ਅੰਨ੍ਹੇਪਣ ਦੇ ਬੇਹੱਦ ਹੰਝੂ ਕੇਰਨ ਵਾਲਾ ਪਹਾੜ ਹੋ ਜਾਂਦੀ ਹੈ।

ਉਸ ਦਾ ਪਹਾੜ ਬੱਦਲ ਦੀ ਤਰ੍ਹਾਂ ਅੱਖਾਂ ਵਿਚ ਪ੍ਰਗਟ ਹੈ,
ਉਸ ਦਾ ਤੰਗ ਰਾਹ ਤਲਵਾਰ ਦੀ ਧਾਰ ਜਿਹਾ ਹੈ।
ਉਹ ਬਾਲਛੜ ਦੀਆਂ ਰਗਾਂ ਦੇ ਰਾਹ ਵਾਂਗ ਤੰਗ ਹੈ,
ਉਹ ਫੁੱਲ ਦੀ ਸੁਗੰਧੀ ਦੀ ਤਰ੍ਹਾਂ ਵਿਖਾਈ ਨਹੀਂ ਦਿੰਦਾ।
ਉਸ ਉਤੋਂ ਲੰਘਣਾਂ ਬਲ ਦੀ ਸੱਤਾ ਤੋਂ ਬਾਹਰ ਹੈ,
ਕਿਉਂਕਿ ਉਸ ਤੋਂ ਖ਼ਿਆਲ ਦੇ ਪੈਰ ਵਿਚ ਵੀ ਸੈਂਕੜੇ ਕੰਡੇ ਲੱਗਦੇ ਹਨ।
ਸਵੇਰ ਦੀ ਹਵਾ ਨੂੰ ਉਸ ਰਾਹ ਵਿਚ ਅੱਡੀ ਲਾਉਣ ਦੀ ਸੱਤਾ ਨਹੀਂ,
ਕਿਉਂਕਿ ਉਸ ਤੋਂ ਬੁੱਧ ਦੇ ਪੈਰ ਉਤੇ ਛਾਲਾ ਹੋ ਗਿਆ।

ਜਦ ਟੋਇਆਂ ਤੇ ਟਿਬਿਆਂ ਨਾਲ ਭਰੇ ਸਾਰੇ ਦੁਰਗਮ ਰਾਹ, ਜਿਨ੍ਹਾਂ ਦਾ ਵੇਰਵਾ ਦੇਣਾ ਸੂਖਮ ਸੂਝਵਾਨਾਂ ਲਈ ਵੀ, ਜੋ ਸਾਖਿਆਤ ਸੂਝ-ਬੂਝ ਹਨ, ਕਠਨ ਹੈ, ਮੁਕਾਣ ਉਪਰੰਤ ਸੁਰਗ ਜਿਹਾ ਆਲਾ ਦੁਆਲਾ ਮਹਾਨ ਅਮੀਰ ਦੇ ਝੰਡਿਆਂ ਦਾ ਠਿਕਾਣਾ ਹੋ ਗਿਆ, ਤਾਂ ਉਹ ਕਸਤੂਰੀ ਦੀ ਸਿਆਹੀ ਵਾਲੀਆਂ ਹਿਰਣਾਖੀਆਂ ਦੀ ਗਰਦਨ ਦੀ ਸਫ਼ੈਦੀ ਦੀ ਈਰਖਾ-ਵਰਧਕ ਹੋਈ ਅਤੇ ਜੇਤੂ ਫ਼ੌਜ ਦੀ ਸਿਆਹੀ (ਬਹੁਗਿਣਤੀ) ਅੱਖ ਦੀ ਪੁਤਲੀ ਦੀ ਤਰ੍ਹਾਂ ਉਥੇ ਦੇ ਆਦਮੀਆਂ ਦੀਆਂ ਅੱਖਾਂ ਦੀ ਸਫ਼ੇਦੀ ਦੀ ਸਿਆਹੀ ਵਧਾਉਣ ਵਾਲੀ ਹੋਈ।

ਉਹ ਓਥੇ ਉਸ ਸ਼ਾਨ, ਤੇਜ ਤੇ ਪ੍ਰਤਾਪ ਨਾਲ ਠਹਿਰਿਆ,
ਜਿਵੇਂ ਮਿਸਰ ਵਿਚ ਕਾਫ਼ਲਾ (ਜਿਸ ਵਿਚ ਯੂਸਫ਼ ਸੀ) ਉਤਰਿਆ ਸੀ।

ਕਸ਼ਮੀਰ ਦੇ ਸ਼ੁਭ ਆਲੇਦੁਆਲੇ ਵਿਚ, ਯੂਸਫ ਦੇ ਸੁਭਾਗ ਵਾਲੇ ਦਰਬਾਰ ਨਾਲ ਸੰਬੰਧਤ ਕਥਿਤ ਸ਼ਰਫ਼ੁੱਦੀਨ, ਜਿਸ ਨੇ ਪਹਾੜ ਦੀ ਚੋਟੀ ਦੀ ਤਰ੍ਹਾਂ ਬੜੀ ਸ਼ਾਨ ਨਾਲ ਸਿਰ ਚੁਕਿਆ ਹੋਇਆ ਸੀ, ਅਤੇ ਜਿਹੜਾ ਇਸ ਸਾਰੇ ਘੁਮੰਡ ਦੇ ਹੁੰਦਿਆਂ ਹੋਇਆਂ ਦਰਪਨ ਦੀ ਚਮਕ ਦੀ ਤਰ੍ਹਾਂ ਜੌਹਰ ਦਾ ਹਿੱਸਾ ਨਹੀਂ ਸੀ ਰਖਦਾ ਅਤੇ ਉਸ ਨੇ ਜੰਗਲ ਨੂੰ ਸ਼ੇਰ ਤੋਂ ਖ਼ਾਲੀ ਵੇਖ ਕੇ ਉਸ ਵਿਚਾਰੀ ਅਤੇ ਕਾਇਰ ਕੌਮ ਵਿਚ, ਜਿਸ ਨੂੰ ਭੇਡਾਂ ਦੇ ਇੱਜੜ ਤੋਂ ਵੱਧ ਨਹੀਂ ਗਿਣਿਆ ਜਾ ਸਕਦਾ, ਗਿਦੜ ਹੁੰਦੇ ਹੋਇਆਂ ਆਪਣੇ ਆਪ ਨੂੰ ਬਘਿਆੜ ਜਤਾਉਂਦਾ ਸੀ। ਸਮਦੀ ਦਬਦਬੇ ਅਤੇ ਸਦੀਵੀ ਜੰਗਲ ਦੇ ਸ਼ੇਰ ਬੱਬਰਾਂ ਦੇ ਡਰ ਦੀ ਕੇਵਲ ਖ਼ਬਰ ਸੁਣਦੇ ਹੀ ਬੇਹੋਸ਼ ਹੋ ਗਿਆ। ਅਤੇ ਹਥਿਆਰ ਸੁੱਟਣ ਤੋਂ ਛੁਟ (ਉਸ ਨੇ) ਛੁਟਕਾਰੇ ਦਾ ਸਾਧਨ ਨਾ ਵੇਖਦੇ ਹੋਏ ਲੂੰਬੜ ਦੇ ਸੁਭਾਉ ਵਾਂਗ ਧੋਖੇ ਤੇ ਹੀਲੇ ਤੋਂ ਕੰਮ ਲੈਂਦੇ ਹੋਏ ਅਧੀਨਗੀ ਦੀ ਨੀਂਹ ਰੱਖੀ ਅਤੇ ਗ਼ੁਲਾਮੀ ਦੀ ਓੜ੍ਹਨੀ ਸ਼ਰਧਾ ਦੇ ਮੋਢੇ ਉਤੇ ਪਾ ਕੇ ਰਾਜ ਦੇ ਅਹਿਲਕਾਰਾਂ ਰਾਹੀਂ ਸੇਵਾ ਦੇ ਸੁਭਾਗ ਦੀ ਸ਼ਾਂਤੀ ਪ੍ਰਾਪਤ ਕਰਨ ਵਾਲਾ ਹੋਇਆ। ਕਿਉਂਕਿ ਜਨਤਾ ਦੀ ਓਟ, ਨਵਾਬ, ਸਚਾਈ ਦੀ ਭਾਲ ਅਤੇ ਅਸਲੀਅਤ ਦੀ ਜਾਣਕਾਰੀ ਕਾਰਨ ਆਦਮੀਆਂ ਦੀ ਜੜ ਪੁੱਟਣ ਤੋਂ ਪੂਰਾ ਪੂਰਾ ਸੰਕੋਚ ਕਰਦਾ ਅਤੇ ਕਿਸੇ ਤਰ੍ਹਾਂ ਵੀ ਪਰਮਾਤਮਾ ਦੇ ਬੰਦਿਆਂ ਦੀ ਤਬਾਹੀ ਪਸੰਦ ਨਹੀਂ ਸੀ ਕਰਦਾ, (ਇਸ ਲਈ) ਉਸ ਨੇ ਦੁਖਾਂ ਵਿਚ ਫੱਸੇ ਹੋਏ ਦੇ ਹਾਲ ਮਲੂਮ ਕਰਨ ਉਪਰੰਤ ਗੁਣਾਂ ਦੀ ਪਛਾਣ ਅਤੇ ਸੁਵਕਤਤਾ ਦੀ ਪਰਖ ਸਦਕਾ ਉਸ ਦੇ ਅਪਰਾਧਾਂ ਨੂੰ ਅਣਡਿਠ ਕਰ ਦਿੱਤਾ ਅਤੇ ਉਸ ਨੂੰ ਆਪਣੇ ਨਾਲ ਲੈ ਲਿਆ ਅਤੇ ਕ੍ਰੋਧਵਾਨ ਹੋਣ ਦੀ ਸ਼ਰਤ ਨੂੰ ਠੀਕ ਨਾ ਸਮਝ ਕੇ ਉਸ ਨਾਲ ਗੱਲਬਾਤ ਕੀਤੀ। ਸੁੰਦਰ ਅਸਲੀਅਤ ਦੇ ਚਾਹਵਾਨ ਗੁਣ ਦੇ ਪਾਰਖੂ, ਹਜ਼ਾਰਾਂ ਔਗਣਾਂ ਨੂੰ ਇਕ ਹੁਨਰ ਦੇ ਬਦਲੇ ਮੁੱਲ ਲੈ ਲੈਂਦੇ ਹਨ ਅਤੇ ਅਸਲੀਅਤ ਵੇਖਣ ਵਾਲੇ ਗਿਆਨਵਾਨ ਕਿਸੇ ਅਪਰਾਧ ਦੇ ਬਦਲੇ ਵਿਚ ਬੰਦਿਆਂ ਦੀ ਜੜ ਪੁਟਣੀ ਪਸੰਦ ਨਹੀਂ ਕਰਦੇ। ਕਸ਼ਮੀਰ ਦੀ ਜਨਤਾ, ਜਿਹੜੀ ਸ਼ਰਾਰਤੀ ਡੰਗਰ ਦੇ ਪੰਜੇ ਵਿਚ ਫਸੀ ਹੋਈ ਸੀ, ਨੇ ਇਕ ਵਾਰ ਫਿਰ ਆਪਣੇ ਖੰਭਾਂ ਤੇ ਪਰਾਂ ਨੂੰ ਫੁੱਟ ਦੀ ਕਮੰਦ ਤੋਂ ਮੁਕਤ ਵੇਖਿਆ ਅਤੇ ਜ਼ੁਲਮ ਤੇ ਅਤਿਆਚਾਰ ਦੀ ਨੀਂਹ ਪੁੱਟਣ ਨੂੰ ਸਨਮਾਨ-ਪ੍ਰਗਟਾਊ ਦਰਪਨ ਦੇ ਅੱਗੇ ਰੱਖ ਕੇ ਸੁਖ ਦੀ ਨੀਂਦ ਵਿਚ ਮਸਤ ਹੋ ਗਈ, ਅਤੇ ਪੁਰਾਣੀਆਂ ਦੁਰਘਟਨਾਵਾਂ ਨੂੰ ਵਹਿਮ ਦੇ ਸੰਸਾਰ ਦੀਆਂ ਗੱਲਾਂ ਸਮਝਿਆ। ਬਹਾਰ ਦਾ ਪ੍ਰਭਾਵ ਹਰ ਦਰ ਅਤੇ ਕੰਧ ਤੋਂ ਪ੍ਰਗਟ ਹੋ ਗਿਆ, ਕਿਉਂਕਿ ਸਮਦੀ ਦਾਨ ਦਾ ਬੱਦਲ ਹਰ ਕੂੜੇ ਕਰਕਟ ਨੂੰ ਪ੍ਰਫੁਲਤ ਕਰਨ ਲਈ ਉਥੇ ਪਹੁੰਚ ਗਿਆ। ਸਵੇਰ ਦੀ ਹਵਾ ਬਾਗ਼ ਨੂੰ ਸਾਫ਼ ਸੁਥਰਾ ਬਣਾਉਣ ਤੇ ਲੱਗ ਗਈ ਅਤੇ ਉਸ ਨੇ ਫੁਲਾਂ ਵਾਲੀ ਧਰਤੀ ਦੀ ਸਜਾਵਟ ਆਰੰਭਣ ਲਈ

ਘਾ ਦੇ ਪਤਿਆਂ ਦੀ ਦਰੀ ਵਿਛਾ ਦਿੱਤੀ। ਸਵੇਰ ਦੇ ਲਾਲ ਗੁਲਾਬ ਦੇ ਫੁੱਲ ਨੇ ਰਾਤ ਦੇ ਇਸ਼ਕਪੇਚੇ ਦੇ ਰੰਗ ਨੂੰ ਚੰਨ ਚਾਨਣਾ ਬਣਾ ਦਿੱਤਾ। ਸਰੂ ਚੋਬਦਾਰਾਂ ਦੇ ਦਾਇਰੇ ਵਿਚ ਪਤਵੰਤਾ ਹੋ ਗਿਆ, ਤਾਂ ਜੋ ਭੈੜੀ ਨਜ਼ਰ ਵਾਲੇ ਘੁੱਗੀ-ਸੁਭਾਉ ਬੰਦੇ ਉਸ ਫੁੱਲਦਾਰ ਧਰਤੀ ਦੇ ਦੁਆਲੇ ਨਾ ਫਿਰਨ। ਅਤੇ ਕੰਡਾ ਤਲਵਾਰ ਚਲਾਉਣ ਉਤੇ ਨਿਯਤ ਹੋ ਗਿਆ, ਤਾਂ ਜੋ ਬੁਲਬੁਲ ਦੀ ਸਿਫ਼ਤ ਵਾਲੇ ਸੰਕੋਚ ਕੀਤੇ ਬਿਨਾਂ ਜ਼ਖ਼ਮ ਲਾਉਣ ਤੋਂ ਦੂਰ ਰਹਿਣ ਅਤੇ ਫੁੱਲ ਦੀ ਲਾਲਸਾ ਲਈ ਟਾਹਣੀ ਦੇ ਦੁਆਲੇ ਲਗਾਤਾਰ ਨਾ ਘੁੰਮਣ। ਕਲੀ ਨੇ ਗਦਾ-ਧਾਰਣ ਦੇ ਔਹਦੇ ਉਤੇ ਨਾਮਣਾ ਖਟਿਆ, ਤਾਂ ਜੋ ਨਰਮ ਸੁਭਾਉ ਵਾਲੇ, ਧੋਖੇਬਾਜ਼ ਤੇ ਮਕਾਰੀ ਪਹਿਰਾਵੇ ਵਾਲਿਆਂ ਨੂੰ, ਜਿਹੜੇ ਹਰ ਇਕੱਠ ਵਿਚ ਰੁਮਕਣ ਵਾਲੀ ਹਵਾ ਦੀ ਤਰ੍ਹਾਂ ਪਹੁੰਚ ਪ੍ਰਾਪਤ ਕਰ ਕੇ ਥਾਂ ਥਾਂ ਗੱਲਾਂ ਬਣਾਉਂਦੇ ਹਨ, ਬਾਗ਼ ਵਿਚ ਵੜਨ ਨਾ ਦੇਵੇ ਅਤੇ ਅੰਗੂਰ ਦਾ ਬੂਟਾ ਪਸ਼ਮੀਨਾ ਬਣਾਉਣ ਵਾਲਿਆਂ ਦੀ ਲੜੀ ਵਿਚ ਪਰੋਇਆ ਜਾਏ, ਤਾਂ ਜੋ ਕਮੀਨੇ ਤੇ ਪੇਟੂ ਸ਼ਰਾਬੀ ਦੇ ਗਲ ਨੂੰ ਹੱਥ ਨਾਲ ਘੁੱਟ ਕੇ ਉਨ੍ਹਾਂ ਦੇ ਢਿੱਡ ਵਿਚੋਂ ਆਂਤਾਂ ਬਾਹਰ ਕੱਢ ਦੇਵੇ। ਮਸਤ ਨਰਗਸ ਨੇ ਫੁੱਲ ਦੀ ਗੱਦੀ ਦੀ ਚੌਕੀਦਾਰੀ ਕਰਨ ਲਈ ਆਪਣੀ ਅੱਖ ਖੁਲ੍ਹੀ ਰੱਖੀ, ਤਾਂ ਜੋ ਰਾਤ ਦਿਨ ਚੁਰਸਤੇ ਵਿਚ ਆਵਾਜਾਈ ਰਹੇ ਅਤੇ ਕਬਾਹਤ ਬੇਗ ਖ਼ੰਗੀ ਸਰਦਾਰ (ਜਰਨੈਲ) ਦੀ ਸੇਵਾ ਵਿਚ ਨਿਯਤ ਹੋ ਜਾਵੇ, ਤਾਂ ਜੋ ਮੁਰਝਾਏ ਹੋਏ ਦਿਲਾਂ ਵਾਲਿਆਂ ਨੂੰ ਬਾਗ਼ ਵਿਚ ਵੜਨ ਨਾ ਦੇਵੇ।

ਬੁਲਬੁਲ, ਤੂੰ ਖ਼ੁਸ਼ ਹੋ, ਕਿ ਬਹਾਰ ਦੀ ਕਿਰਪਾ ਨਾਲ,
ਜਿਥੇ ਵੀ ਕੋਈ ਸੋਗ ਦਾ ਦਾਗ਼ ਸੀ, ਉਹ ਪੋਸਤ ਦੇ ਫੁੱਲ ਦੀ ਕਿਆਰੀ ਬਣ ਗਿਆ।
ਫੁੱਲ ਦੇ ਚਿਹਰੇ ਨੇ ਹੋਰ ਰੰਗ ਪੈਦਾ ਕਰ ਦਿੱਤਾ,
ਕਿਉਂਕਿ ਗੁਲਾਬ ਵਰਗੀਆਂ ਅੱਖਾਂ ਤੋਂ ਹੁਣ ਫੁੱਲ ਦੀ ਸੁਗੰਧੀ ਆਈ।
ਨਵੇਂ ਚੰਦ ਦੀ ਕੈਂਠੀ ਤਿੱਤਰ ਨੂੰ ਢੁਕਦੀ ਹੈ,
ਯਤੀਮਾਂ ਦਾ ਹੌਕਾ ਸਰੂ ਦੀ ਤਰ੍ਹਾਂ ਹਰਾ ਹੋ ਗਿਆ।
ਕਸ਼ਮੀਰ ਦਾ ਬਾਗ਼ ਗੰਦ-ਮੰਦ ਤੋਂ ਸਾਫ਼ ਹੋ ਗਿਆ,
ਮੁਸਕਾਣ ਦੇ ਕਾਰਨ ਕਲੀ ਦਾ ਮੂੰਹ ਖੁਲ੍ਹ ਗਿਆ।
ਹਰੇ ਭਰੇ ਫੁੱਲਾਂ ਦੇ ਹਾਸੇ ਦੇ ਕਾਰਨ ਬਹਾਰ ਹੋ ਗਈ,
ਮੌਜ ਮੇਲੇ ਦੀ ਉਦਾਰਤਾ ਦੇ ਕਾਰਨ ਕੰਡਾ ਫੁੱਲ ਬਣ ਗਿਆ।
ਹਰ ਸਭਾ ਵਿਚੋਂ ਸੰਕਟ ਦਾ ਅੰਤ ਹੋ ਗਿਆ,
ਬਾਗ਼ ਵਿਚ ਪੋਸਤ ਦੇ ਬੇਦਾਗ਼ ਫੁੱਲ ਖਿੜ ਪਏ।
ਨਰਗਸ ਦਾ ਫੁੱਲ ਮੌਜ ਮੇਲੇ ਦੇ ਕਾਰਨ ਖੀਵਾ ਹੋ ਗਿਆ,
ਅਨਾਰ ਦੇ ਫੁੱਲਾਂ ਦੀ ਚਮਕ ਦੇ ਟਾਕਰੇ ਤੇ ਅੱਗ ਨੂੰ ਆਪਣੀ ਚਮਕ ਤੇ ਸ਼ੱਕ ਹੋ ਗਿਆ।
ਮਖ਼ਮਲ ਸੁਖ ਦੇ ਕਾਰਨ ਆਰਾਮ ਵਿਚ ਊਂਘ ਗਈ,
ਬਨਫ਼ਸ਼ੇ ਨੇ ਆਪਣਾ ਰੰਗ ਨੀਲੇ ਆਸਮਾਨ ਨਾਲ ਮਿਲਾ ਲਿਆ।
ਸੁਨਹਿਰੀ ਰੰਗ ਐਸ਼ ਦੇ ਸਮਾਨ ਦਾ ਪ੍ਰਤੀਕ ਹੈ,
ਸਦਬਰਗੇ ਦੇ ਫੁੱਲ ਦੀਆਂ ਐਸ਼ ਦੇ ਅਖੁੱਟ ਭੰਡਾਰ ਕਾਰਨ ਮੌਜਾਂ ਹੋ ਗਈਆਂ।



P.U.P.—911

ਸਵੱਛਤਾ ਦਾ ਅਰਥ, ਜੋ ਪ੍ਰਭਾਤ ਨੇ ਸੂਰਜ ਪਾਸੋਂ ਗ੍ਰਹਿਣ ਕੀਤਾ,
ਤ੍ਰੇਲ ਨੇ ਉਸ ਨੂੰ ਬਾਬੂਨੇ ਫੁੱਲ ਦੀ ਪੱਤੀ ਉਤੇ ਵਰਤਿਆ ।
ਸੂਰਜਮੁਖੀ ਦੇ ਫੁੱਲ ਉਤੇ ਸੂਰਜ ਦੀਆਂ ਕਿਰਨਾਂ ਕੇਂਦ੍ਰਿਤ ਹਨ,
ਬਾਲਛੜ ਦੇ ਵਲ-ਪੇਚ ਵਿਚ ਖ਼ਤਨ ਦਾ ਚੌਕੜੀਆਂ ਭਰਨ ਵਾਲਾ ਹਿਰਨ ਫਸ ਕੇ ਰਹਿ ਗਿਆ ।
ਪੋਸਤ ਦੇ ਫੁੱਲ ਦੇ ਜਿਗਰ ਵਿਚੋਂ ਸੋਗ ਦਾ ਦਾਗ਼ ਮਿਟ ਗਿਆ,
ਤਰ ਕੁੱਜਾ ਸਾਫ਼ ਮਿੱਠੇ ਪਾਣੀ ਨਾਲ ਭਰ ਗਿਆ ।
ਸ਼ਬੂ (ਚਿੱਟੇ ਪੀਲੇ ਫੁੱਲਾਂ ਵਾਲਾ ਬੂਟਾ) ਦਾ ਚਿਹਰਾ ਸਵੇਰ ਨੇ ਚਿੱਟਾ ਕਰ ਦਿੱਤਾ,
ਬੈਂਤ ਧੰਨਵਾਦ ਵਿਚ ਸਿਜਦੇ ਕਰਦਾ ਹੈ ।
ਚਮੇਲੀ ਦੇ ਚਿਹਰੇ ਤੋਂ ਸਵੇਰ ਦਾ ਪ੍ਰਤਾਪ ਚਮਕ ਉਠਿਆ,
ਗੁਲ ਦਾਊਦੀ ਨੇ ਮੌਜ ਮੇਲੇ ਦੇ ਕਾਰਨ ਗੀਤ ਗਾਇਆ ।
ਦਰਦਮੰਦਾਂ ਨੂੰ ਨਵਾਂ ਜੀਵਨ ਮਿਲਦਾ ਹੈ,
ਸ਼ਾਇਦ ਚੰਬੇ ਦੀ ਕਿਆਰੀ ਪਾਰੇ ਦਾ ਕੁਸ਼ਤਾ ਹੋ ਗਈ ।
ਅਧੀਨਗੀ ਦੇ ਕਾਰਨ ਫੁੱਲ ਜਿਹੇ ਚਿਹਰਿਆਂ ਵਾਲਿਆਂ ਦੇ ਮੂੰਹ ਦੀ ਤਰ੍ਹਾਂ,
ਅੱਬਾਸੀ ਦੇ ਫੁੱਲ ਦੀ ਜੀਭ ਨੇ ਮੂੰਹ ਨੂੰ ਲਾਲ ਕਰ ਦਿੱਤਾ ।
ਦੁਖੀ ਜਾਨ ਦੇ ਤਾਪ ਦੇ ਦਰਦ ਹਟਾਉਣ ਲਈ
ਤੂੰ ਕਹੇਂਗਾ, ਕਿ ਚਮੇਲੀ ਕਪੂਰ ਦੀ ਟਿੱਕੀ ਹੋ ਗਈ ।
ਪੋਸਤ ਦੇ ਫੁੱਲ ਦੇ ਦਿਲ ਦੇ ਦਾਗ਼ ਖ਼ਤਨ ਦੀ ਕਸਤੂਰੀ ਹੋ ਗਏ,
ਸਿਊਤੀ ਦਾ ਫੁੱਲ ਤਾਰੇ ਨੂੰ ਮਖ਼ੌਲ ਕਰ ਰਿਹਾ ਹੈ (ਭਾਵ ਸਿਉਤੀ ਦੇ ਫੁੱਲ ਦੇ ਟਾਕਰੇ ਤੇ ਤਾਰੇ ਵੀ ਮਾਤ ਹਨ)
ਚਨਾਰ ਦਾ ਰੁਖ ਏਨੀਆਂ ਅਸ਼ਰਫ਼ੀਆਂ ਸਿੱਟ ਰਿਹਾ ਹੈ,
ਕਿ ਹਰ ਪਾਸੇ ਗੁਲਾਬੀ ਰੰਗ ਦਾ ਸਵਾਰ ਪੈਦਲ ਹੋ ਗਿਆ ਜਾਪਦਾ ਹੈ ।
ਜੰਗ ਦਾ ਪਰਵਾਨਾ ਸੁਲਹ ਦੇ ਕਾਰਨ ਬੁਰੀ ਤਰ੍ਹਾਂ ਖਿੰਡ ਪੁੰਡ ਗਿਆ,
ਖ਼ੈਰੀ ਦੇ ਫੁੱਲ ਨੇ ਹਰ ਘਰ ਨੂੰ ਛੱਡ ਦਿੱਤਾ ।
ਦੇਸ਼ ਤਨੋ ਮਨੋ ਖ਼ੁਸ਼ ਹੋ ਗਿਆ,
ਕਸ਼ਮੀਰ ਦਾ ਇਲਾਕਾ ਪ੍ਰਕਾਸ਼ ਦਾ ਕਾਰਨ ਬਣ ਗਿਆ ।
ਸਾਫ਼ ਸੁੰਦਰ ਚਿਹਰੇ ਦੇ ਚੁੰਮਣ ਦੀ ਤਰ੍ਹਾਂ,
ਨਿਰਸੰਦੇਹ ਆੜੂ ਨੇ ਬੁੱਲ੍ਹਾਂ ਨੂੰ ਅਰੋਗਤਾ ਬਖ਼ਸ਼ੀ ।
ਹਰ ਪਾਸੇ ਅੰਗੂਰ ਮੌਜ ਮੇਲਾ ਵੇਚਣ ਵਾਲਾ (ਪ੍ਰਸੰਨਤਾ ਬਖ਼ਸ਼ਣ ਵਾਲਾ) ਹੋ ਗਿਆ,
ਪਾਣੀ ਦੀ ਦੇਗਚੀ ਵਿਚ ਸ਼ਰਾਬ ਦੇ ਮਟਕੇ ਵਾਲਾ ਉਬਾਲ ਉਠ ਰਿਹਾ ਹੈ ।
ਨਾਸ਼ਪਤੀ ਨੇ ਆਸ਼ਕਾਂ ਦਾ ਦਿਲ ਲੁੱਟ ਲਿਆ,
ਜਿਵੇਂ ਮੁਟਿਆਰ ਦੀਆਂ ਛਾਤੀਆਂ ਗੱਭਰੂ ਦਾ ਦਿਲ ਲੁਟਦੀਆਂ ਹਨ ।
ਮਿਠਾਸ ਦੇ ਕਾਰਨ ਜਹਾਨ ਦਾ ਸਦਮਾ ਦੂਰ ਹੋ ਗਿਆ,
ਉਹ ਮਾਸ਼ੂਕ ਦੀ ਠੋਡੀ ਜਿਹਾ ਸੇਬ ਹੋ ਗਿਆ ।

ਫੁੱਲ ਜਿਹੇ ਚਿਹਰੇ ਵਾਲਿਆਂ ਨੂੰ ਬਦਾਮ ਦੀ ਅੱਖ ਨੇ ਰੌਣਕ ਬਖ਼ਸ਼ੀ,
ਬੇਹੀ ਦੇ ਫੁੱਲ ਦੇ ਰੌਲੇ-ਰੱਪੇ ਨੇ ਮੋਤੀ ਵਰਸਾਏ ।

ਬਾਗ਼ ਵਿਚ ਮੌਜ-ਮੇਲਾ ਹੋ ਗਿਆ,
ਸੋਸਨ ਸੌ ਜੀਭਾਂ ਨਾਲ ਪਰਮਾਤਮਾ ਦਾ ਧੰਨਵਾਦ ਕਰਦੀ ਹੈ,
ਕਿ ਹੇ ਪਰਮਾਤਮਾ, ਉਸ ਉੱਚ-ਪਦ ਨਵਾਬ ਨੂੰ,
ਜਾਨ ਘਟਾਉਣ ਵਾਲੇ ਜ਼ਖਮਾਂ ਦੀ ਮਲ੍ਹਮ ਨੂੰ,
ਦੁਨੀਆਂ ਦੇ ਕਸ਼ਟਾਂ ਤੋਂ ਸ਼ਾਂਤੀ ਵਿਚ ਰੱਖ,
ਤਾਂ ਜੋ ਸੰਸਾਰ ਬਿਪਤਾ ਤੋਂ ਸੁਰਖਿਅਤ ਰਹੇ ।

ਉਹ ਨਵਾਬ ਜਿਸ ਨੇ ਸੰਸਾਰ ਦੀ ਬਿਪਤਾ ਨੂੰ ਨਸ਼ਟ ਕਰ ਦਿੱਤਾ,
ਉਸ ਦੀ ਹਰਾ ਭਰਾ ਕਰਨ ਵਾਲੀ ਕਿਰਪਾ ਨੇ ਕਸ਼ਮੀਰ ਨੂੰ ਰੌਣਕ ਬਖ਼ਸ਼ੀ ।

ਪੰਜਵਾਂ ਅਧਿਆਇ

## ਮਹਾਨ ਸਤਿਕਾਰ ਯੋਗ ਨਵਾਬ ਸਾਹਿਬ ਦਾ ਉਸ ਮਹਾਲ (ਇਲਾਕਾ) ਦੀ ਸੂਬੇਦਾਰੀ ਸਪੁਰਦ ਕਰਨ ਲਈ ਆਉਣਾ ਅਤੇ ਨਤੀਜਾਤੁਲ ਅਮਾਰਤ, ਇਜ਼ੁੱਦੌਲਾ ਜ਼ਕਰੀਆ ਖ਼ਾਨ ਬਹਾਦਰ ਦਾ ਸ਼ਾਨਦਾਰ ਤੇ ਪ੍ਰਤਾਪੀ ਦਰਬਾਰ ਵਲੋਂ ਪੰਜਾਬ ਦੀ ਸੂਬੇਦਾਰੀ ਉਤੇ ਨਿਯੁਕਤ ਹੋਣਾ ਅਤੇ ਜੰਮੂ ਦੇ ਜ਼ਿਮੀਂਦਾਰਾਂ ਧਰਿਪ ਦੇਵ ਆਦਿ ਦਾ ਸ਼ੋਰ ਸ਼ਰਾਬੇ ਲਈ ਸਿਰ ਚੁੱਕਣਾ ਅਤੇ ਨਵਾਬ ਦੇ ਸੁਭਾਗੇ ਸਾਹਿਬਜ਼ਾਦੇ ਦਾ ਉਸ ਨੂੰ ਠੀਕ ਕਰਨ ਲਈ ਉਪਰਾਲੇ ਕਰਨਾ

ਮਨੋਰਥ ਦੇ ਬਹੁਮੁੱਲੇ ਬਦੱਖ਼ਸ਼ਾਨੀ ਲਾਲ ਨੂੰ ਪੱਥਰ-ਘਾੜਿਆਂ ਨੇ ਸ਼ਬਦਾਂ ਦੇ ਬੇਸਤੂਨ ਪਹਾੜ (ਉਹ ਪਹਾੜ ਜਿਥੋਂ ਫ਼ਰਹਾਦ ਨੇ ਨਹਿਰ ਕੱਢੀ ਸੀ) ਦੇ ਜਿਗਰ ਵਿਚੋਂ ਇਸ ਚਮਕ-ਦਮਕ ਨਾਲ ਕਢਿਆ ਹੈ, ਜਦ ਮਹਾਨ ਨਵਾਬ ਨੇ ਸੁਹਗ ਜਿਹੇ ਕਸ਼ਮੀਰ ਦੇ ਬਾਗ਼ ਨੂੰ ਬੜੀ ਗੜਬੜ ਦੇ ਕੈੜੇ ਕੂੜੇ ਕਰਕਟ ਤੋਂ ਸਾਫ਼ ਕਰ ਕੇ, ਦੁੱਧ ਦੀ ਨਦੀ ਨਾਲ ਸਿੰਜ ਕੇ ਉਦਾਰਤਾ ਨਾਲ ਲਾਭਵੰਦ ਬਣਾਇਆ, ਅਤੇ ਆਦਮੀਆਂ ਦੇ ਉਸ ਸਮੂਹ ਦੀਆਂ ਮੁਹਿੰਮਾਂ ਦੇ ਪ੍ਰਬੰਧ ਦੇ ਧਾਗੇ ਨੂੰ ਤੋੜ ਫੋੜ ਕੇ ਬੰਦਸ਼ ਨਾਲ ਸਿਲਸਿਲੇਵਾਰ ਕਰ ਕੇ, ਓਥੋਂ ਦੀਆਂ ਲੋੜਾਂ ਤੋਂ ਕਲੀ ਦੀ ਤਰ੍ਹਾਂ ਸੰਤੁਸ਼ਟ ਕਰ ਦਿੱਤਾ, ਤਾਂ ਉਹ ਸਦਾਬਹਾਰ ਬਾਗ਼ ਦੀ ਬਹਾਰ ਦੇ ਹਰ ਸਬਜ਼ੇ ਤੋਂ ਵੱਡਾ ਲਾਭ ਪ੍ਰਾਪਤ ਕਰ ਕੇ ਸੁਰਗ ਜਿਹੀ ਪੰਜਾਬ ਦੀ ਵਲਾਇਤ ਨੂੰ ਸੁਭਾਗ ਦੇਣ ਵਾਲਾ ਹੋ ਗਿਆ ਅਤੇ ਅੰਬਰ ਦੀ ਸੁਗੰਧੀ ਦੀ ਤੇਜ਼ੀ ਨਾਲ ਡਰ ਤੇ ਚਿੰਤਾ ਭਰਪੂਰ ਪੈਂਡੇ ਮਾਰਦਾ ਸਾਰੀ ਦੀ ਸਾਰੀ ਤਾਜ਼ਗੀ ਤੇ ਪ੍ਰਸੰਨਤਾ ਬਖ਼ਸ਼ਣ ਵਾਲੇ ਬੂਟੇ ਭਾਵ ਲਾਹੌਰ ਪਹੁੰਚਿਆ। ਆਪਣੇ ਮੋਤੀ ਵਰਸਾਉਣ ਵਾਲੇ ਹੱਥ ਨੂੰ ਚਨਾਰ ਦੇ ਪੰਜੇ ਦੀ ਤਰ੍ਹਾਂ ਇਸ ਵਲਾਇਤ ਦੇ ਵਾਸੀਆਂ ਦੇ ਸਿਰਾਂ ਉਤੇ ਫੈਲਾਇਆ ਅਤੇ ਬੱਦਲ ਦੀ ਤਰ੍ਹਾਂ ਹਰ ਕੰਡੇ ਤੇ ਤੀਲੇ ਨੂੰ ਬਾਗ਼ ਦੇ ਸਾੜੇ ਦਾ ਕਾਰਨ ਬਣਾਇਆ।

ਜਦ ਉਸ ਨੇ ਆਪਣੀ ਬਖ਼ਸ਼ਿਸ਼ ਦੀ ਛਾਂ ਲਾਹੌਰ ਉਤੇ ਪਾਈ,
ਤਾਂ ਉਸ ਦੇ ਪੰਜੇ ਦੀ ਛਾਨਣੀ ਵਿਚੋਂ ਮੋਤੀ ਛਣੇ।
ਬਹਾਰ ਦੇ ਬੱਦਲ ਦੀ ਤਰ੍ਹਾਂ ਉਸ ਦੀ ਉਦਾਰਤਾ ਨੇ,
ਯਤੀਮਾਂ ਦੇ ਹੱਥ ਦੀ ਸਿੱਪੀ ਨੂੰ ਮੋਤੀਆਂ ਨਾਲ ਭਰ ਦਿੱਤਾ।

ਉਸਦੇ ਪ੍ਰਸ਼ੰਸਕ ਆਦਮੀ ਅਤੇ ਇਸਤ੍ਰੀਆਂ ਉਸਦੇ ਚਾਰੇ ਪਾਸੇ ਇਸ ਤਰ੍ਹਾਂ ਸਨ,
ਜਿਵੇਂ ਚੰਦ ਦੇ ਦੁਆਲੇ ਰੌਸ਼ਨੀ ਦਾ ਚੱਕਰ ਹੁੰਦਾ ਹੈ ।
ਲੋਕ ਹਰ ਪਾਸੇ ਤੋਂ ਉਸ ਉਤੇ ਸੋਨੇ ਦੀ ਵਾਰਨਾ ਕਰਨ ਲੱਗੇ,
ਅਤੇ ਹਰ ਦਿਸ਼ਾ ਤੋਂ ਉਸ ਉਤੇ ਫੁੱਲਾਂ ਦੀ ਵਰਖਾ ਕਰਨ ਲੱਗ ਪਏ ।
ਉਸ ਦੇ ਨਿਆਂ ਨੇ ਜਦ ਪੰਜਾਬ ਨੂੰ ਸੱਤਾ ਦਿੱਤੀ,
ਤਾਂ ਉਸ ਨੇ ਪੰਜਾਬ ਤੋਂ ਕਸ਼ਮੀਰ ਨੂੰ ਰੌਣਕ ਬਖ਼ਸ਼ੀ ।

ਲੋਕਾਂ ਦੀ ਵੱਡੀ ਗਿਣਤੀ ਨੂੰ ਸ਼ਾਂਤ ਕਰਨ ਉਪਰੰਤ, ਮਹਾਨ ਅਮੀਰ, ਜੋ ਤਖ਼ਤ ਦਾ ਰਾਖਾ, ਸਗੋਂ ਰਾਜ ਅਤੇ ਕਸ਼ਮੀਰ ਦਾ ਸਲਾਹਕਾਰ ਵਜ਼ੀਰ ਕਿਹਾ ਜਾ ਸਕਦਾ ਹੈ, ਦੀ ਸੁੰਦਰ ਜੁਗਤ ਅਤੇ ਸੋਹਣੇ ਉਪਰਾਲਿਆਂ ਦੇ ਸਦਕੇ ਪੰਜਾਬ ਤੇ ਕਸ਼ਮੀਰ ਨਿਆਂ ਦੇ ਬੰਸਲੋਚਨ ਅਤੇ ਉਦਾਰਤਾ ਦੀ ਸੰਜੀਵਨੀ ਦੇ ਕਾਰਨ ਸਿਹਤ ਪ੍ਰਾਪਤ ਕਰਨ ਵਾਲੇ ਹੋਏ ਅਤੇ ਇਨ੍ਹਾਂ ਸੁਰਗ ਜਿਹੇ ਸੂਬਿਆਂ ਵਿਚ ਫ਼ਿਤਨੇ ਫ਼ਸਾਦ ਦਾ ਸੌਵਾਂ ਭਾਗ ਵੀ ਬਾਕੀ ਨਾ ਰਿਹਾ । ਕਿਉਂਕਿ ਸਮਦੀ ਮਨੋਰਥ ਅਤੇ ਸਦੀਵੀ ਬੁੱਧ ਨੇ ਦੇਸ਼ਾਂ ਦੀਆਂ ਮੁਹਿੰਮਾਂ ਦਾ ਪ੍ਰਬੰਧ ਯੁੱਧ ਦੇ ਧਨੀ ਬਹਾਦਰਾਂ ਦੀ ਤਲਵਾਰ ਦੀ ਸੱਤਾ ਦੇ ਹੱਥ ਦੇ ਦਿੱਤਾ ਅਤੇ ਉਸ ਖ਼ਾਸ ਨਿਆਂ ਦੀ ਭਾਲ ਕਰਨ ਵਾਲੇ ਸਮੂਹ ਨੂੰ, ਜਨਤਾ ਦੇ ਸੁਖ ਲਈ, ਇਕ ਪਲ ਵੀ ਆਰਾਮ ਨਾ ਕਰਨ ਦਿੱਤਾ, (ਇਸ ਲਈ) ਵਿਸ਼ਵ ਰਾਜ ਦੇ ਪ੍ਰਬੰਧ ਨੂੰ ਸਜਾਉਣ ਵਾਲੀ ਰਾਏ (ਬਾਦਸ਼ਾਹ ਦੀ ਰਾਏ) ਦੀ ਮੰਗ ਇਹ ਹੋਈ, ਕਿ ਪੰਜਾਬ ਅਤੇ ਕਸ਼ਮੀਰ ਦੀ ਜਨਤਾ ਨੂੰ ਪ੍ਰਫੁਲਤ ਕਰਨ ਵਾਲਾ ਨਿਆਂਕਾਰੀ ਨਵਾਬ ਮੁਲਤਾਨ ਦੇ ਸੂਬੇ ਨੂੰ, ਜੋ ਕਿ ਨਿਆਂ, ਨਿਰਮਲਤਾ, ਬਹਾਦੁਰੀ ਅਤੇ ਪ੍ਰੌਢਤਾ ਤੋਂ ਸੱਖਣੇ ਉਜੱਡ ਸੂਬੇਦਾਰਾਂ ਦੇ ਕਾਰਨ ਕੱਲਰ ਬਣਿਆ ਹੋਇਆ ਸੀ, ਆਪਣੇ ਪ੍ਰਸੰਨਤਾ ਭਰਪੂਰ ਆਗਮਨ ਨਾਲ ਬਾਗ਼ ਲਈ ਈਰਖਾ ਦਾ ਕਾਰਨ ਬਣਾਏ, ਅਤੇ ਉਸ ਦੇਸ਼ ਦੀ ਬੇਇੰਤਜ਼ਾਮੀ ਤੋਂ ਉਤਪੰਨ ਹੋਏ ਕਸ਼ਟ ਨੂੰ ਤਲਵਾਰ ਦੀ ਚਮਕ ਨਾਲ ਸਿੰਜੇ ਅਤੇ ਪੰਜਾਬ ਦੀਆਂ ਮੁਹਿੰਮਾਂ ਨੂੰ ਨਤੀਜਾਉਲ ਅਮਾਰਤ (ਜ਼ਕਰੀਆ ਖ਼ਾਨ) ਨਵਾਬ ਬਹਾਦੁਰ ਦੇ ਪ੍ਰਬੰਧ ਦੀ ਸਜਾਵਟ ਬਖ਼ਸ਼ੇ । ਭਾਵੇਂ ਉੱਚ-ਪਦ ਨਵਾਬ ਹਰੇ ਭਰੇ ਪੰਜਾਬ ਦੇ ਪੌਣਪਾਣੀ ਦੀ ਅਨੁਕੂਲਤਾ ਨੂੰ ਮੁੱਖ ਰੱਖ ਕੇ ਉਥੇ ਹੀ ਰਹਿਣ ਉਤੇ ਹਠ ਕਰਦਾ ਸੀ ਅਤੇ ਉਸ ਜ਼ਹਿਰੀਲੀ ਹਵਾ ਦੀ ਸਖ਼ਤ ਗਰਮੀ ਵਾਲੇ ਦੇਸ਼ ਵਿਚ ਜਾਣ ਉਤੇ ਇਤਰਾਜ਼ ਕਰਦਾ ਸੀ ਅਤੇ ਇਸ ਨੂੰ ਪ੍ਰਵਾਨਣ ਵਿਚ ਅਤਿਅੰਤ ਘਾਬਰਿਆ ਹੋਇਆ ਸੀ, ਪਰ ਕਿਉਂਕਿ ਇਸ ਉਤੇ ਹੱਦੋਂ ਵਧ ਜ਼ੋਰ ਦਿੱਤਾ ਗਿਆ ਅਤੇ ਬਾਰ ਬਾਰ ਆਖਿਆ ਗਿਆ, ਤੰਗ ਹੋ ਕੇ ਉਸ ਨੇ ਆਪਣੇ ਸਰਪਰੱਸਤ ਦੀ ਆਗਿਆਕਾਰੀ ਅਤੇ ਸੇਵਾ ਦੇ ਹੱਕ ਦੇ ਕਾਰਨ, ਜਿਹੜਾ ਕਿ ਅਸਲੀਅਤ ਦੇ ਜਾਣੂ ਸੱਚੇ ਲੋਕਾਂ ਦਾ ਸੁਭਾਉ ਹੈ, ਉਸ ਭਾਰੀ ਬੋਝ ਨੂੰ ਆਪਣੇ ਅਧਿਕਾਰ ਦੇ ਮੋਢੇ ਉਤੇ ਰਖਿਆ ਅਤੇ ਪੁਰਾਤਨ ਵਲਾਇਤ ਦੀਆਂ ਮੁਹਿੰਮਾਂ ਦਾ ਪ੍ਰਬੰਧ ਸੁਭਾਗੇ ਪੁੱਤਰ ਦੇ ਹੱਥ ਵਿਚ ਸੌਂਪ ਕੇ, ਬਹਾਰ ਦੀ ਤਰ੍ਹਾਂ ਸੁੰਦਰ ਚਾਲ ਨਾਲ ਉਸ ਦੇਸ਼ ਵਲ ਮੰਜ਼ਲਾਂ ਤੈ ਕਰਨ ਵਾਲਾ ਬਣਿਆ ।

ਉਹ ਆਪਣੀ ਪਿਆਰੀ ਵਲਾਇਤ ਤੋਂ ਵੱਡੀ ਸੱਜ-ਧੱਜ ਨਾਲ
ਦੂਜੇ ਦੇਸ਼ ਨੂੰ ਠੀਕ ਕਰਨ ਲਈ ਤੁਰਿਆ ।
ਉਹ ਸੁਲਤਾਨਾਂ ਦੇ ਢੰਗ ਅਤੇ ਬਾਦਸ਼ਾਹਾਂ ਦੀ ਤਰ੍ਹਾਂ ਇਸ ਤਰ੍ਹਾਂ ਤੁਰਿਆ,
ਜਿਵੇਂ ਬਹਾਰ ਦੀ ਰੁਤ, ਪਤਝੜ ਦੀ ਮੌਸਮ ਨੂੰ ਕੱਢਣ ਲਈ ਜਾਂਦੀ ਹੈ ।

ਅਜੇ ਉਹ ਆਪਣੇ ਸਥਾਨ ਤੋਂ ਤੁਰਿਆ ਵੀ ਨਹੀਂ ਸੀ,
ਕਿ ਉਸ ਨੇ ਬਾਗ਼ੀ ਦੇ ਦਿਮਾਗ਼ ਵਿਚੋਂ (ਬਗ਼ਾਵਤ ਦੀ) ਗਰਦ ਕੱਢ ਦਿੱਤੀ ।

ਕਿਉਂਕਿ ਸੰਸਾਰ ਦੇ ਬਾਗ਼ੀਆਂ ਦੇ ਘੁਮੰਡ ਅਤੇ ਹੰਕਾਰ ਦਾ ਸਿਰ ਹਰ ਥਾਂ ਤੇ ਹਰ ਸਮੇਂ ਇਨਸਾਫ਼ ਅਤੇ ਨਿਆਂ ਦੇ ਮਹੱਲ ਦੇ ਛੱਜੇ ਅੱਗੇ ਝੁਕਦਾ ਰਿਹਾ ਹੈ ਅਤੇ ਸਮਦੀ ਸੁਭਾਗ ਦੀ ਆਗਿਆ ਮੰਨਣ ਵਾਲਾ ਬਣ ਕੇ ਉਸ ਸੂਬੇ ਦੀਆਂ ਸਾਰੀਆਂ ਹੱਦਾਂ ਤੱਕ ਸਿਰ ਨਿਉਂਦਾ ਰਿਹਾ ਹੈ, ਤਾਂ ਜੋ ਇਹ ਵੱਡੇ ਅਮੀਰ ਦੀ ਫ਼ੌਜ ਦੀ ਰੌਣਕ ਪ੍ਰਾਪਤ ਕਰਨ ਵਾਲਾ ਹੋਵੇ. ਇਸ ਲਈ ਉਸ ਦੇਸ਼ ਦੇ ਸਰਦਾਰ, ਜਿਨ੍ਹਾਂ ਨੇ ਕਿਸੇ ਸੂਬੇਦਾਰ ਅੱਗੇ ਅਧੀਨਗੀ ਦਾ ਸਿਰ ਨਹੀਂ ਸੀ ਝੁਕਾਇਆ, ਬੜੇ ਸਮੇਂ ਤੋਂ ਲਹੂ ਲੁਹਾਣ ਕਰਨ ਵਾਲੇ ਘੁਮੰਡੀ ਅਤੇ ਬਾਗ਼ੀ ਹੋਏ ਹੋਏ ਸਨ, ਉਸ ਇਲਾਕੇ ਦੀਆਂ ਹੱਦਾਂ ਵਿਚ ਪ੍ਰਤਾਪੀ ਝੰਡਿਆਂ ਦੇ ਉਤਰਨ ਦੀ ਖ਼ਬਰ ਸੁਣ ਕੇ ਉਹ ਆਪਣੇ ਆਪੇ ਵਿਚ ਨਾ ਰਹੇ ਅਤੇ ਕਈਆਂ ਸਾਲਾਂ ਦੇ ਭੈੜੇ ਖ਼ਿਆਲ ਆਪਣੇ ਹਾਲਾਤ ਦੇ ਸਿਰ ਵਿਚੋਂ ਕੱਢ ਕੇ ਅੱਖਾਂ ਅਤੇ ਸਿਰ ਦੇ ਪੈਰਾਂ ਨਾਲ ਭੱਜ ਕੇ ਸੁਆਗਤ ਦੇ ਸੁਭਾਗ ਦੇ ਰਾਹ ਪਏ (ਬੜੇ ਪ੍ਰੇਮ ਤੇ ਸ਼ਰਧਾ ਨਾਲ ਆਏ) ਅਤੇ ਛੇਤੀ ਛੇਤੀ ਲੰਮੇਂ ਪੰਧ ਮਾਰ ਕੇ ਸੇਵਾਦਾਰੀ ਦੇ ਧਨ ਤੋਂ ਲਾਭਵੰਦ ਹੋਏ । ਕਰ (ਖ਼ਰਾਜ) ਦੇ ਯੋਗ ਮਾਲ ਨੂੰ ਵਿਆਹ ਦੀ ਦਾਤ ਦੀ ਜ਼ਰੂਰੀ ਰਸਮ ਦੀ ਤਰ੍ਹਾਂ ਆਪਣੀ ਲੋੜ ਦੇ ਮੋਢਿਆਂ ਉਤੇ ਪੁਚਾਇਆ, ਤਾਂ ਜੋ ਆਪਣੇ ਮਕਾਨਾਂ ਤੋਂ ਬਾਹਰ ਨਾ ਨਿਕਾਲੇ ਜਾਣ ਅਤੇ ਭੇਟਾ ਦੇ ਸੋਨੇ ਨੂੰ ਆਪਣੇ ਛੁਟਕਾਰੇ ਦੀ ਆਸ ਵਿਚ ਸਾਰਿਆਂ ਤੋਂ ਪਹਿਲਾਂ ਅਤੇ ਰਿਵਾਜ ਤੋਂ ਵੱਧ ਅਰਪਣ ਕੀਤਾ, ਤਾਂ ਜੋ ਸੋਧਣ ਵਾਲੇ ਤੀਰ ਦਾ ਨਿਸ਼ਾਨਾ ਨਾ ਬਣ ਜਾਣ ।

ਜਦ ਮੁਲਤਾਨ ਅਮੀਰ ਦਾ ਵਿਸਰਾਮ ਸਥਾਨ ਬਣ ਗਿਆ,
ਤਾਂ ਬਦਮਾਸ਼ਾਂ ਦਾ ਟੋਲਾ ਕੰਬਣ ਲੱਗ ਪਿਆ ।

ਜਹਾਨ ਦੀ ਤਲਵਾਰ ਦੇ ਭੈ ਦੀ ਗਰਮੀ ਤੋਂ
ਮੁਲਤਾਨ ਦੇ ਸ਼ਰਾਰਤ ਕਰਨ ਵਾਲੇ ਸ਼ਰਾਰਤੀ ਭੱਜ ਗਏ ।

ਉਹ ਮਾਸ਼ੂਕਾਂ ਦੀਆਂ ਜ਼ੁਲਫ਼ਾਂ ਦੀ ਤਰ੍ਹਾਂ ਬਿਖਰ ਗਏ,
ਉਹ ਆਸ਼ਕਾਂ ਦੇ ਭਾਗਾਂ ਦੀ ਤਰ੍ਹਾਂ ਵਿਆਕੁਲ ਹੋ ਗਏ ।

ਆਗਿਆਕਾਰੀ ਦੀ ਰੀਤ ਦਾ ਅਜਿਹਾ ਰਿਵਾਜ ਪਿਆ,
ਕਿ ਉਨ੍ਹਾਂ ਨੇ ਆਪਣੀ ਗਰਦਨ ਉਤੇ ਕਰ ਦਾ ਭਾਰ ਚੁਕਿਆ ।
(ਕਰ ਦੇਣਾ ਕਬੂਲ ਕਰ ਲਿਆ)

ਉਸ ਦਾ ਆਗਮਨ ਅਤੇ ਪਹੁੰਚਣਾ ਕਿੰਨਾ ਮੁਬਾਰਕ ਹੈ,
ਕਿਉਂਕਿ ਉਹ ਭੂਮੀ ਅਤੇ ਧਰਤੀ ਫ਼ਸਾਦ ਤੋਂ ਖ਼ਾਲੀ ਹੋ ਗਈ ।

ਲੱਤੀ ਦਾ ਜ਼ਿਮੀਂਦਾਰ, ਜੋ ਆਪਣੀ ਜ਼ਿਮੀਂਦਾਰੀ ਦੀ ਮਾਲਗੁਜ਼ਾਰੀ ਦੇ ਸੁਭਾਗ ਨੂੰ ਸਵਾਦੀ ਕੜਾਹ ਦੀ ਤਰ੍ਹਾਂ ਦੰਦ ਹਲਾਏ ਬਿਨਾਂ ਹੀ ਨਿਗਲਦਾ ਸੀ, ਆਪਣੇ ਮਨੋਰਥ ਦੀ ਮਿਠਾਸ ਤੋਂ ਨਿਰਾਸ਼ਾ ਦੇ ਸਿਰ ਨੂੰ ਆਪਣੇ ਸਮੇਂ ਦੀ ਕੱਛ ਵਿਚ ਰੱਖ ਕੇ ਆਪਣਾ ਧਿਕਾਰਿਆ ਹੋਇਆ ਚਿਹਰਾ ਜਨਤਾ ਦੇ ਪੈਰਾਂ ਵਿਚ ਰਗੜਨ ਲੱਗਾ । ਉਹ ਬਲੋਚ, ਜਿਸ ਦੀ ਜੀਭ ਦੀ ਨੋਕ, ਜੋ ਅਸ਼ੁਧ ਵਿਚਾਰਾਂ ਦੇ ਕਾਰਨ ਬੇਮੁਹਾਰੇ ਊਠ ਦੀ ਤਰ੍ਹਾਂ, ਆਗਿਆਕਾਰੀ ਦੇ ਰਾਹ ਉਤੇ ਨਾ ਚਲਣ ਵਾਲੀ ਅਤੇ ਮੁਹਾਰ ਦੇ ਇਸ਼ਾਰੇ ਨੂੰ ਨਾ ਮੰਨਣ ਵਾਲੀ ਹੋ ਕੇ ਸੁਆਰਥ

ਦੇ ਥਲ ਵਿਚ ਆਪਮੁਹਾਰੀ ਘੁੰਮਣ ਵਾਲੀ ਹੋ ਗਈ ਸੀ, ਆਪਣੀਆਂ ਲੰਮੀਆਂ ਜ਼ੁਲਫ਼ਾਂ ਦਾ ਰੱਸਾ ਵੱਟ ਕੇ ਰੁਸਵਾਈ ਅਤੇ ਗ਼ੁਲਾਮੀ ਦੇ ਭਾਰ ਹੇਠ ਗੋਡਿਆਂ ਪਰਨੇ ਝੁਕਿਆ ।

ਸੋਗ ਦੇ ਤੀਰ ਤੋਂ ਲੱਤੀ ਦੇ ਦਿਲ ਵਿਚ ਸੌ ਜ਼ਖ਼ਮ ਲੱਗੇ,
ਬਲੋਚ ਨੇ ਆਪਣੀ ਜ਼ੁਲਫ਼ ਦਾ ਰੱਸਾ ਆਪਣੀ ਗਰਦਨ ਦੇ ਦੁਆਲੇ ਪਾਇਆ ।
ਉਸ ਧਰਤੀ ਵਿਚ, ਜਿਥੇ ਗਰਮੀ ਦੇ ਕਾਰਨ ਦਿਲ ਵਿਚ ਸੌ ਪਰੇਸ਼ਾਨੀਆਂ ਸਨ,
ਉਹ ਮੁਰਝਾਉਣ ਦੇ ਕਾਰਨ ਇਸ ਤਰ੍ਹਾਂ ਠੰਡੀਆਂ ਹੋ ਗਈਆਂ, ਜਿਵੇਂ ਪਾਣੀ ਤੋਂ ਲਾਟ ।

ਪ੍ਰਸੰਨਤਾ ਵਧ ਗਈ, ਕਸ਼ਟਾਂ ਨੇ ਚਿਹਰਾ ਲੁਕਾ ਲਿਆ ਤੇ ਫ਼ਸਾਦ ਬਾਕੀ ਨਾ ਰਿਹਾ ।
(ਅਤੇ) ਖ਼ੁਸ਼ੀ ਨੇ ਵਾਜੇ ਵਜਾਏ, ਵੈਰ ਦਾ ਸਿਰ ਮਿੱਟੀ ਵਿਚ ਦੱਬਿਆ ਗਿਆ ।

ਸਮਦੀ (ਪਰਮੇਸ਼ੁਰ ਦੀ) ਸਹਾਇਤਾ ਅਤੇ ਮਦਦ ਦੇ ਸੰਜੋਗ ਨਾਲ ਪੰਜਾਬ ਦੇ ਮਾਮਲਿਆਂ ਵਿਚ, ਜਿਹੜੇ ਨਵਾਬ ਨਤੀਜਾਤੁਲ ਅਮਾਰਤ ਅਤੇ ਸ਼ਹਾਮਤ (ਜ਼ਕਰੀਆ ਖ਼ਾਨ) ਦੇ ਚੰਗੇ ਨਿਆਂ ਅਤੇ ਬਖ਼ਸ਼ਿਸ਼ ਸਦਕਾ ਸੁਖ ਅਤੇ ਸ਼ਾਂਤੀ ਦੀ ਰੌਣਕ ਰਖਦੇ ਸਨ, ਹੋਰ ਵਾਧਾ ਹੋ ਗਿਆ, ਅਤੇ ਪੁੱਤਰ ਨੇ ਸੁਭਾਗਾ ਹੋ ਕੇ ਉੱਚ-ਹਿੰਮਤ ਪਿਤਾ ਦੇ ਜਸ ਨੂੰ ਚਮਕਾ ਦਿੱਤਾ ।

ਹਾਂ, ਉਸ ਦੀ ਮਨਸ਼ਾ ਇਸੇ ਤਰ੍ਹਾਂ ਹੈ, ਇਹੋ ਇਸ ਦਾ ਨਚੋੜ ਹੈ,
ਕਿ ਧਰਤੀ ਵਿਚੋਂ ਜੰਮਣ ਵਾਲੇ ਬੂਟੇ ਦੀ ਖ਼ੂਬੀ ਦੀ ਨਿਰਭਰਤਾ ਬੀਜ ਦੀ ਅਛਾਈ ਉਤੇ ਹੁੰਦੀ ਹੈ ।

(ਉਸ ਨੇ) ਉਹ ਕੂੜਾ ਕਰਕਟ, ਜੋ (ਉਸ ਦੇ) ਪ੍ਰਸਿੱਧ ਪਿਤਾ ਦੇ ਸਾਫ਼ ਕਰਨੋ, ਧਰਤੀ ਦੀ ਅਣਜਾਣਤਾ ਅਤੇ ਗੁਮਨਾਮੀ ਦੇ ਕਾਰਨ, ਰਹਿ ਗਿਆ ਸੀ, ਅਤੇ ਓਥੇ ਪਿਆ ਸੀ, ਕੰਡੇ ਦੀ ਤਰ੍ਹਾਂ ਸਮੇਂ ਦੀ ਪਾਤਲੀ ਵਿਚੋਂ ਕੱਢ ਕੇ ਲਾਟ ਦੀ ਸੂਲੀ ਉਤੇ ਪੁਚਾ ਦਿੱਤਾ । ਉਹ ਚੰਗਿਆੜੀ, ਜੋ ਲੁਕ ਛੁਪ ਕੇ, ਨਿਰਬਲ ਕੰਡਿਆਂ ਦਾ ਲਹੂ ਵਗਾ ਕੇ, ਅੱਖ ਮੀਟ ਲੈਂਦੀ ਸੀ, ਤਲਵਾਰ ਦੇ ਪਾਣੀ (ਧਾਰ) ਨਾਲ ਠੰਡੀ ਕਰ ਦਿੱਤੀ । ਚੋਰੀ-ਚਕਾਰੀ ਦੀਆਂ ਨਿਸ਼ਾਨੀਆਂ ਇਸ ਹਦ ਤੱਕ ਮਿਟਾ ਦਿੱਤੀਆਂ ਜਿਵੇਂ ਕਿ ਮਿੱਟੀ ਵਿਚੋਂ ਪਾਣੀ ਉੱਡਣ ਕਰਕੇ ਉਹ ਅੱਗ ਦੀ ਤਰ੍ਹਾਂ ਖਿੰਡ ਪੁੰਡ ਜਾਂਦੀ ਹੈ, ਅਤੇ ਡਾਕੂਆਂ ਦਾ ਰਾਹ ਕੱਟ ਦਿੱਤਾ (ਬੰਦ ਕਰ ਦਿੱਤਾ) ਜਿਵੇਂ ਕਿ ਕੈਂਚੀ ਨੇ ਕੱਟਣ ਤੇ ਚੀਰਨ ਦੇ ਕਾਰਨ ਆਪਣੇ ਜਿਗਰ ਵਿਚ ਮੇਖ਼ ਖਾਧੀ ਹੋਵੇ । ਚੰਚਲ-ਅੱਖ ਪ੍ਰੀਤਮ ਦਿਲਾਂ ਨੂੰ ਚੁਰਾਉਣ ਤੋਂ ਹਟ ਗਏ, ਕਿਉਂਕਿ ਨਿਆਂ ਦੀ ਸੂਲੀ ਨੇ ਹਰ ਗਲੀ ਅਤੇ ਬਾਜ਼ਾਰ ਵਿਚ ਬਾਗ਼ ਦੇ ਸਰੂ ਜਿੰਨਾ ਉੱਚਾ ਕੱਦ ਬੜੇ ਸਨਮਾਨ ਨਾਲ ਵਧਾ ਲਿਆ । ਅਤੇ ਤੇਸੇ ਦਾ ਕੰਮ ਕਰਨ ਵਾਲੇ ਜ਼ਾਲਿਮ ਅਤਿਆਚਾਰ ਦੇ ਦੰਦ ਅੰਦਰ ਹੀ ਅੰਦਰ ਪੀਂਹਦੇ ਸਨ, ਕਿਉਂਕਿ ਸਖ਼ਤੀ ਦਾ ਆਰਾ ਸ਼ਹਿਰ ਦੇ ਹਰ ਪਾਸੇ ਆਪਣੇ ਦੰਦਿਆਂ ਨੂੰ ਤਿੱਖਾ ਕਰੀ ਬੈਠਾ ਸੀ ।

ਉਸ ਦੇ ਰਾਜ ਕਾਲ ਵਿਚ ਖ਼ੂਨੀ ਸੁਭਾਉ ਬਘਿਆੜ,
ਭੇਡਾਂ ਦੇ ਰਾਖੇ ਦਾ ਕੰਮ ਕਰਦਾ ਹੈ ।
ਉਸ ਦੇ ਨਿਆਂ ਦੇ ਕਾਰਨ ਅੱਗ ਦੇ ਸੁਭਾਉ ਵਾਲੀ ਸ਼ਮਾ (ਬੱਤੀ)
ਭਮੱਕੜ ਦੇ ਚਿਹਰੇ ਉਤੇ ਸ਼ੀਸ਼ਾ ਰਖਦੀ ਹੈ (ਬਚਾਉਂਦੀ ਹੈ) ।

ਉਸ ਦੇ ਸੁਰਗ ਦੀ ਸ਼ਕਲ ਵਾਲੇ ਫੁੱਲ ਦੀ ਅੱਖ ਲਹੂ ਨਾਲ ਭਰੀ ਹੋਈ ਹੈ,
ਕਿਉਂਕਿ ਬੁਲਬੁਲ ਨੇ ਲਹੂ ਦੇ ਸੋਗ ਦੇ ਕਾਰਨ ਲਹੂ ਦਾ ਦਸਤਰਖ਼ਾਨ ਵਿਛਾਇਆ ਹੈ।
ਜਦ ਘੁੱਗੀ ਇੱਛਾ ਨਾਲ ਸਰੂ ਕੋਲ ਜਾਣ ਦਾ ਮਨ ਬਣਾਉਂਦੀ ਹੈ,
ਤਾਂ ਉਸ ਦੇ ਗਲ ਵਿਚ ਪਈ ਲਕੀਰ (ਗ਼ੁਲਾਮੀ ਦਾ) ਤੌਕ (ਕੁੰਡਾ) ਬਣ ਜਾਂਦੀ ਹੈ।
ਸਵੇਰ ਦੀ ਹਵਾ ਫੁੱਲ ਜਿਹੀਆਂ ਗੱਲ੍ਹਾਂ ਵਾਲਿਆਂ ਦੇ ਚਿਹਰਿਆਂ ਉਤੇ,
ਤਾਕੀਦ ਕਰਨ ਲਈ ਤੇਜ਼ੀ ਨਾਲ ਨਾ ਵੇਖ ਸਕੀ।
ਉਸ ਦੇ ਰਾਜ ਕਾਲ ਵਿਚ ਸੰਸਾਰ ਤੋਂ ਅਤਿਆਚਾਰ ਏਨਾ ਲੋਪ ਹੋਇਆ,
ਕਿ ਘਾਤਕ ਸੱਪ ਦੇ ਕੰਠ ਵਿਚ (ਆਪਣਾ) ਵਿਹੁ ਜ਼ਹਿਰ ਮੁਹਰਾ ਹੋ ਗਿਆ।
ਸੋਗ ਦੇ ਕਾਰਨ ਜ਼ਾਲਿਮ ਚੀਤੇ ਦਾ ਲੱਕ ਟੁੱਟ ਗਿਆ,
ਉਸ ਨੇ ਆਪਣੇ ਹੱਥ ਵਿਚ ਹਿਰਨ ਦੇ ਸਿੰਗ ਨੂੰ (ਸਹਾਰੇ ਦੀ) ਸੋਟੀ ਬਣਾ ਕੇ ਫੜ ਲਿਆ।
ਰਾਹ ਤੇ ਸੜਕਾਂ ਖ਼ਤਰੇ ਤੋਂ ਏਨੀਆਂ ਖ਼ਾਲੀ ਹੋ ਗਈਆਂ,
ਕਿ ਉਸ ਦੇ ਸਮੇਂ ਵਿਚ ਤਲਵਾਰ ਦੀ ਧਾਰ ਆਮ ਰਾਹ ਬਣ ਗਿਆ।

ਜਦ ਸ਼ੋਰ ਸ਼ਰਾਬੇ ਦੇ ਚਾਹਵਾਨ ਅਤੇ ਝਗੜੇ ਦੇ ਮਿੱਤਰ ਅਸਮਾਨ ਨੇ ਆਪਣੇ ਧੋਖੇ-ਬਾਜ਼ੀ ਦੇ ਬਾਜ਼ਾਰ ਦੇ ਸਮੇਂ ਨੂੰ ਦੰਗੇ ਫ਼ਸਾਦ ਦੀ ਗਰਮੀ ਤੋਂ ਸੱਖਣਾ ਪਸਿੰਦ ਨਾ ਕੀਤਾ ਅਤੇ ਲੋਕਾਂ ਦੇ ਖ਼ੂਨ ਖ਼ਰਾਬੇ ਲਈ ਆਪਣਾ ਹੱਥ ਧੋਖੇ ਅਤੇ ਸ਼ੋਰ ਸ਼ਰਾਬੇ ਤੋਂ ਕਦੇ ਵੀ ਨਾ ਰੋਕਿਆ, ਤਾਂ ਜੰਮੂ ਪਹਾੜ ਦੇ ਜ਼ਿਮੀਂਦਾਰ ਧਰਿਪ ਦੇਵ ਅਤੇ ਆਨੰਦ ਦੇਵ, ਜਿਨ੍ਹਾਂ ਨੇ ਆਪਣੇ ਪਰਗਣੇ ਦੀ ਜ਼ਿਮੀਂਦਾਰੀ ਆਪਸ ਵਿਚ ਵੰਡੀ ਹੋਈ ਸੀ, ਰਾਜ ਦੇ ਮਾਮਲਿਆਂ ਦੀ ਬੇਇੰਤਜ਼ਾਮੀ ਦੇ ਕਾਰਨ ਰਾਜਧ੍ਰੋਹੀ ਹੋ ਗਏ। ਉਹ ਘੁਮੰਡ ਦਾ ਸਿਰ ਹੰਕਾਰ ਦੇ ਅਲਵੰਦ ਪਹਾੜ ਨਾਲ ਰਗੜਦੇ ਸਨ ਅਤੇ ਉਨ੍ਹਾਂ ਨੇ ਸੁਲਤਾਨੀ ਦੇ ਅੱਖਰ ਨੂੰ ਇਕੋ ਵਾਰ ਖ਼ਿਆਲ ਦੇ ਨਿਸ਼ਾਨ ਦੀ ਤਰ੍ਹਾਂ, ਆਪਣੇ ਛੇਤੀ ਮਿਟਣ ਵਾਲੇ ਹਾਲ ਦੇ ਦਿਮਾਗ਼ ਵਿਚੋਂ ਕੱਢ ਅਤੇ ਮਿਟਾ ਦਿੱਤਾ। ਜੰਮੂ ਪਰਗਣੇ ਦੇ ਸਹਾਇਕ ਫ਼ੌਜਦਾਰ, ਜਿਸ ਦਾ ਪੰਜਾਬ ਦੀ ਸੂਬੇਦਾਰੀ ਨਾਲ ਤੁਅਲਕ ਹੋਣ ਕਰਕੇ ਨਵਾਬ ਨਾਲ ਸੰਬੰਧ ਸੀ, ਤੋਂ ਮੂੰਹ ਮੋੜ ਕੇ, ਪਹਾੜ ਦੀ ਤਰਾਈ ਦੇ ਪਰਗਣਿਆਂ ਨੂੰ ਆਪਣੇ ਅਧਿਕਾਰ ਹੇਠ ਲਿਆ ਕੇ, ਆਪਣੇ ਡੰਗਰਾਂ ਜਿਹੇ ਚਿਹਰੇ ਅਤੇ ਦੈਂਤਾਂ ਵਰਗੀ ਸ਼ਕਲ ਹੁੰਦੇ ਹੋਏ ਵੀ ਬਾਦਸ਼ਾਹਤ ਦਾ ਅਭਿਆਸ ਕਰਦੇ ਸਨ। ਮਹਾਨ ਨਵਾਬ ਉਨ੍ਹਾਂ ਛਲੇਡੇ ਦੈਂਤ ਸੁਭਾਉ ਵਾਲਿਆਂ ਦੀ ਭੈੜੀ ਵਾਦੀ ਦੇ ਕਾਰਨਾਮਿਆਂ ਤੋਂ ਹੀ ਬਿਜਲੀ ਦੀ ਤਰ੍ਹਾਂ ਵਿਆਕੁਲ ਤੇ ਕ੍ਰੋਧਵਾਨ ਹੁੰਦਾ ਸੀ ਅਤੇ ਉਸ ਮੰਦਭਾਗੇ ਟੋਲੇ ਨੂੰ ਤਾੜਨਾ ਕਰਨ ਦੀ ਚਿੰਤਾ ਵਿਚ ਸੀ; ਸਗੋਂ ਉਸ ਦਾ ਮਨ ਇਸ ਗੱਲ ਉਤੇ ਪੱਕਾ ਹੋ ਚੁਕਾ ਸੀ, ਕਿ ਕਸ਼ਮੀਰ ਤੋਂ ਵਾਪਸੀ ਸਮੇਂ ਉਸੇ ਰਾਹ ਜੰਮੂ ਵਿਚੋਂ ਲੰਘ ਕੇ ਉਸ ਜ਼ਿਲੇ ਨੂੰ ਫ਼ਿਤਨੇ ਫ਼ਸਾਦ ਦੀਆਂ ਸਖ਼ਤੀਆਂ ਤੋਂ ਸਾਫ਼ ਕਰ ਕੇ ਲਾਹੌਰ ਵਿਚ ਦਾਖ਼ਲ ਹੋਵੇ, ਪਰ "(ਸਾਰੇ) ਕੰਮ ਸਮੇਂ ਸਿਰ (ਹੀ) ਹੁੰਦੇ ਹਨ" (ਦੇ ਵਾਕ) ਅਨੁਸਾਰ ਉਨ੍ਹਾਂ ਦਿਨਾਂ ਵਿਚ ਇਸ ਮਨੋਰਥ ਦੀ ਪੂਰਤੀ ਬੇਗਮ ਕਬੀਰ ਦੀ ਅਟੱਲ ਮੌਤ ਦੇ ਕਾਰਨ, ਜੋ ਪਰਮਾਤਮਾ ਦੇ ਭਾਣੇ ਅਨੁਸਾਰ ਵਾਪਰੀ, ਪਿੱਛੇ ਪੈ ਗਈ। ਇਸੇ ਸਮੇਂ ਸ੍ਰੀਮਾਨ ਉੱਚ-ਪਦ ਨਵਾਬ ਦਾ ਮੁਲਤਾਨ ਵਲ ਜਾਣ ਦਾ ਵਿਚਾਰ ਅਤੇ ਨਵਾਬ ਦੇ ਸਪੁੱਤਰ ਦੇ ਦੇਸ਼ ਦੇ ਮਾਮਲਿਆਂ ਉਤੇ ਧਿਆਨ ਦੇਣ ਨੂੰ ਪਹਿਲ ਦੇਣ ਕਰਕੇ, ਜੋ ਉਸ ਦੇ ਸੁਝ ਸੰਭਾਲਣ ਦਾ ਆਰੰਭ ਅਤੇ ਉਸਦੀ ਬੁੱਧੀ ਦੀ ਜੰਤਰੀ ਦਾ ਪਹਿਲਾ ਹੀ ਲੇਖ ਸੀ, ਉਨ੍ਹਾਂ

ਦੀ ਮੂਰਖਤਾ ਤੇ ਪਾਗਲਪਨ ਨੇ ਉਨ੍ਹਾਂ ਦੇ ਘੁਮੰਡੀ ਸਿਰ ਨੂੰ ਬਗਾਵਤ ਲਈ ਵਧੇਰੇ ਚਕਿਆ ਅਤੇ ਧ੍ਰੋਹ ਇਸ ਹੱਦ ਤੱਕ ਵਧਿਆ, ਕਿ ਉਸ ਥਾਂ ਦੇ ਸੂਬੇਦਾਰ ਦਾ ਭੇਜਿਆ ਹੋਇਆ ਲਕੜ ਦਾ ਤਖ਼ਤ ਅਤੇ ਹੋਰ ਸੁਗਾਤਾਂ ਅਤੇ ਕਸ਼ਮੀਰ ਦੀਆਂ ਉਨ੍ਹਾਂ ਵਧੀਆ ਵਸਤਾਂ ਉਤੇ, ਜੋ ਬਾਦਸ਼ਾਹਾਂ ਦੀ ਓਟ, ਉੱਚ-ਪਦ ਨਵਾਬ ਦੀ ਸੇਵਾ ਵਿਚ ਭੇਜੀਆਂ ਗਈਆਂ ਸਨ, ਰਾਹ ਵਿਚ ਹੀ ਕਬਜ਼ਾ ਕਰ ਲਿਆ । ਅਤੇ ਉਨ੍ਹਾਂ ਨੇ ਭੈੜੇ ਦਿਨਾਂ ਨੂੰ ਆਪਣੇ ਦੁਰਭਾਗ ਤੇ ਕੁਰਾਹੇ-ਪੁਣੇ ਦਾ ਤਾਜ ਬਣਾਇਆ । ਕਿਉਂਕਿ "ਇਹ ਇਕ ਸਚਾਈ ਹੈ ਕਿ ਜਨਮ ਇਕ ਅਗੱਮੀ ਰਹੱਸ ਹੈ,"ਨਵਾਬ ਬਹਾਦਰ, ਜੋ ਸਮਦੀ ਕਿਰਪਾ ਦਾ ਪਲਿਆ ਹੋਇਆ ਅਤੇ ਜਿਸ ਵਿਚ ਅਮੁੱਲੇ ਚਾਰ ਤੱਤ ਠੀਕ ਅਨੁਪਾਤ ਵਿਚ ਮੌਜੂਦ ਕਹੇ ਜਾ ਸਕਦੇ ਸਨ, ਇਸ ਅਣਹੋਣੀ ਦੁਰਘਟਨਾ ਦੇ ਵਾਪਰਨ ਤੋਂ ਲਹਿਰ ਦੀ ਤਰ੍ਹਾਂ ਵਿਆਕੁਲ ਹੋਇਆ । ਸਮੁੰਦਰ ਦੀ ਤਰ੍ਹਾਂ ਉਨ੍ਹਾਂ ਪਹਾੜ ਜਿਹੇ ਡੰਗਰਾਂ ਦੀ ਜੜ ਪੁਟਣ ਲਈ ਫ਼ੌਜ ਨੂੰ ਸ਼ਹਿਰ ਤੋਂ ਬਾਹਰ ਕੱਢਿਆ ਅਤੇ ਸ਼ਾਹਦਰੇ ਦੇ ਪਤਣ ਤੋਂ ਲੰਘ ਕੇ ਬਹੁਤ ਵੱਡੀ ਫ਼ੌਜ ਦੇ ਨਾਲ ਬਹੁਤ ਤੇਜ਼ੀ ਨਾਲ ਸਿਆਲਕੋਟ ਦੇ ਰਾਹੋਂ ਸੰਤਾਪੇ ਹੋਏ ਵੈਰੀ ਉਤੇ ਹੱਲਾ ਕੀਤਾ । ਦੂਜੇ ਪਾਸਿਓਂ, ਕਥਿਤ ਇਲਾਕੇ ਦੇ ਸਹਾਇਕ ਫ਼ੌਜਦਾਰ ਅਦੀਨਾ ਬੇਗ ਖ਼ਾਨ, ਹੁਕਮ ਅਨੁਸਾਰ ਰਾਏਪੁਰ ਦੇ ਇਲਾਕੇ ਤੋਂ, ਜੋ ਫ਼ੌਜਦਾਰ ਦਾ ਸਥਾਨ ਹੈ, ਅਣਗਿਣਤ ਫ਼ੌਜ ਲੈ ਕੇ ਪਹਾੜੀ ਰਾਹਾਂ ਵਿਚੋਂ ਲੰਘਦੇ ਹੋਏ ਬਹਾਦੁਰ ਸਵਾਰਾਂ ਨਾਲ ਜਾ ਮਿਲਿਆ । ਉਨ੍ਹਾਂ ਗੜ੍ਹੀਆਂ, ਜਿਨ੍ਹਾਂ ਨੂੰ ਵੈਰੀ ਦੇ ਆਦਮੀਆਂ ਨੇ ਪਹਿਲਾਂ ਪਹੁੰਚ ਕੇ, ਜੇਤੂ ਫ਼ੌਜ ਦੇ ਸਾਹਮਣੇ ਨਵੇਂ ਸਿਰਿਓਂ ਕਾਇਮ ਕਰ ਲਿਆ ਸੀ, ਦਲੇਰ ਦਿਲ ਹਿੰਮਤੀ ਸਿਪਾਹੀਆਂ ਨੇ ਪਹਿਲੇ ਹੱਲੇ ਵਿਚ ਹੀ ਛੁਡਵਾ ਲਿਆ (ਜਿੱਤ ਲਿਆ) । ਸ਼ਰਾਰਤੀ ਸੁਭਾਉ, ਪੱਥਰ ਦਿਲ ਪਹਾੜੀਆਂ ਨੇ ਚੰਗਿਆੜੇ ਦੀ ਤਰ੍ਹਾਂ ਘਿਰਣਾ ਧਾਰਨ ਕਰ ਕੇ, ਜੰਮੂ ਦੀ ਗੜ੍ਹੀ ਵਿਚ ਬੰਦ ਹੋ ਕੇ, ਕੋਹ-ਬੰਦ ਕਿਲ੍ਹੇ ਉਤੇ ਦੁਰਭਾਗ ਦੇ ਬੁਰਜ ਅਤੇ ਕੋਟ ਮਜ਼ਬੂਤ ਕਰ ਲਏ । ਤੀਰ ਅਤੇ ਬੰਦੂਕ ਦੀ ਲੜਾਈ ਨੇ ਹਰ ਪਾਸੇ ਖ਼ੂਨਰੇਜ਼ੀ (ਲਹੂ ਲੁਹਾਣ ਕਰ ਦੇਣ) ਦੀ ਨੀਂਹ ਰੱਖੀ ਅਤੇ ਪਹਾੜ ਇਸ ਸਾਰੀ ਕਾਰਵਾਈ ਦੇ ਹੁੰਦੇ ਹੋਏ ਵੀ ਤੋਪਖ਼ਾਨੇ ਦੇ ਸ਼ੋਰ ਸ਼ਰਾਬੇ ਤੋਂ ਤੰਗ ਆ ਗਿਆ ਅਤੇ ਬੱਦਲ ਦੀ ਤਰ੍ਹਾਂ ਕੰਬਣ ਲਗ ਪਿਆ । ਵੱਡੀ ਤੇ ਛੋਟੀ ਤੋਪ ਦੇ ਗੋਲੇ ਬਿਜਲੀ ਨੂੰ ਜਿੱਤਣ ਲਈ ਕੁਦਦੇ ਸਨ, ਅਤੇ ਚੰਗਿਆੜੇ ਦੀ ਤਰ੍ਹਾਂ ਪਹਾੜ ਦੇ ਦਿਲ ਵਿਚ ਵਿਆਕੁਲਤਾ ਪੈਦਾ ਕਰਦੇ ਸਨ । ਫ਼ੌਲਾਦ ਜਿਹੀਆਂ ਬਾਹਾਂ ਵਾਲਿਆਂ ਦੀਆਂ ਕਰੜੀਆ ਕਮਾਣਾਂ ਦੇ ਬਾਣ ਸ਼ਹੀਦੀ ਦੇ ਤੀਰ ਦੀ ਤਰ੍ਹਾਂ ਤੰਦ ਤੋਂ ਛੁਟਦੇ ਸਨ ਅਤੇ ਰਗ ਦੀ ਤਰ੍ਹਾਂ ਪੱਥਰ ਦੇ ਜਿਗਰ ਵਿਚ ਤਾਰ ਬੰਨ੍ਹ ਦਿੰਦੇ ਸਨ । ਬੱਦਲ ਜਿਹੇ ਦਬਦਬੇ ਵਾਲੇ ਗੁਲਾਬੀ ਘੋੜੇ ਦੇ ਅਸਵਾਰ ਬਿਜਲੀ ਦੀ ਤਰ੍ਹਾਂ ਫ਼ੌਜ ਦੇ ਸਿਰ ਉਤੇ ਹੱਲਾ ਕਰਦੇ ਸਨ ਅਤੇ ਦੁੱਖ ਦੀ ਬਹੁਲਤਾ ਕਾਰਨ ਪਹਾੜ ਦੇ ਸਰੀਰ ਵਿਚ ਭੁਚਾਲ ਲਿਆ ਦਿੰਦੇ ਸਨ ਅਤੇ ਬਿਜਲੀ ਦੀ ਤਰ੍ਹਾਂ ਭੱਜਣ ਵਾਲੇ ਘੋੜ ਸਵਾਰ ਦੀ ਮਹਿਮੀਜ਼ (ਸਵਾਰ ਦੇ ਬੂਟ ਦੀ ਅੱਡੀ ਤੇ ਲੱਗੀ ਕੀਲੀ, ਜਿਹੜੀ ਘੋੜੇ ਨੂੰ ਦੁੜਾਉਣ ਲਈ ਘੋੜੇ ਨੂੰ ਮਾਰੀ ਜਾਂਦੀ ਹੈ) ਦੀ ਚੋਟ ਨਾਲ ਹਿਰਨ ਦੀ ਤਰ੍ਹਾਂ ਭੱਜਣ ਵਾਲੇ ਕੁਮੈਤਾਂ (ਘੋੜਿਆਂ) ਦੇ ਏਕਮ ਦੇ ਚੰਦ ਜਿਹੇ ਨਾਅਲ ਨੇ ਪਹਾੜ ਵਿਚੋਂ ਚੰਗਿਆੜੇ ਕੱਢ ਕੇ ਰਾਤ ਨੂੰ ਤਾਰਿਆਂ ਭਰੀ ਬਣਾ ਦਿੱਤਾ । ਦੋਹਾਂ ਪਾਸਿਆਂ ਤੋਂ ਬਹੁਤ ਸਾਰੇ ਜੋਧੇ ਅੱਗੇ ਵੱਧ ਕੇ ਤਲਵਾਰਾਂ ਨਾਲ ਲੜਾਈ ਕਰਦੇ ਸਨ । ਲੜਾਈ ਵਿਚ ਹੰਢੇ ਹੋਏ ਬਹਾਦੁਰਾਂ ਨੇ, ਉਹ ਕਿਹੜੀ ਦੌੜ ਧੁੱਪ ਸੀ, ਜਿਹੜੀ ਉਨ੍ਹਾਂ ਨਾ ਕੀਤੀ ਹੋਵੇ ਅਤੇ ਪਹਾੜ ਢਾਹੁਣ ਵਾਲੇ ਬੱਦਲ ਵਰਗੀ ਹਿੰਮਤ ਵਾਲੇ

ਜੁਆਨਾਂ ਨੇ, ਉਹ ਕਿਹੜੀਆਂ ਬਿਜਲੀਆਂ ਸਨ, ਜਿਹੜੀਆਂ ਉਨ੍ਹਾਂ ਨੇ ਨਾ ਵਰ੍ਹਾਈਆਂ ਹੋਣ। ਹਸਨ ਬੇਗ ਲੱਚਾ ਦੀ ਬਰਾਦਰੀ ਦੇ ਆਦਮੀਆਂ ਨੇ ਸੁਤੰਤਰ ਸੁਭਾਉ ਅਤੇ ਬਹਾਦੁਰੀ ਦੇ ਵਿਚਾਰਾਂ ਵਾਲੇ, ਸ਼ੇਰਦਿਲ, ਸ਼ੇਰ-ਮਾਰ ਹਾਥੀ-ਕੱਦ ਅਤੇ ਜ਼ੰਜੀਰ-ਤੋੜ ਜੁਆਨ ਇਕੱਠੇ ਕੀਤੇ ਸਨ। ਉਸ ਨੇ ਵੈਰੀਨਾਸ਼ਕ ਚਿਹਰੇ ਦੇ ਸ਼ੀਸ਼ੇ ਨੂੰ, ਜੋ ਸਫ਼ਾਈ ਦੇ ਜੌਹਰ ਤੋਂ ਖ਼ਾਲੀ ਨਹੀਂ ਸੀ, ਯਕਲਖ਼ਤ ਸਾਥੀ ਜੁਆਨਾਂ ਸਹਿਤ ਦਾਹੜੀ ਦੇ ਜ਼ੰਗਾਲ ਤੋਂ ਸਾਫ਼ ਕਰ ਦਿੱਤਾ ਸੀ ਅਤੇ ਸ਼ੇਰ ਦੀ ਤਰ੍ਹਾਂ ਮੁੱਛਾਂ ਉਤੇ ਹੀ ਸੰਤੋਖ ਕਰ ਕੇ ਫ਼ਕੀਰਾਂ ਦੀ ਤਰ੍ਹਾਂ ਜੀਵਨ ਵਤੀਤ ਕਰਦਾ ਸੀ। ਉਸ ਨੇ ਆਪਣੇ ਖੁਲ੍ਹੇ ਸੁਭਾਉ ਦੀ ਬਹੁਲਤਾ ਦੇ ਕਾਰਨ ਆਪਣਾ ਲਕਬ ਲੱਚਾ ਰਖਵਾਇਆ। ਅਤੇ ਤੀਰ ਤੇ ਬੰਦੂਕ ਦੀ ਲੜਾਈ ਨੂੰ ਇਕ ਲਖ਼ਤ ਤਿਆਗ ਕੇ ਉਨ੍ਹਾਂ ਨੇ ਤੇਜ਼ ਕਟਾਰ ਨਾਲ ਹੱਥੋਪਾਈ ਦਾ ਜੁੱਧ ਕਰ ਕੇ ਬਹਾਦੁਰੀ ਵਿਖਾਈ।

ਤੀਰ, ਬੰਦੂਕ ਤੇ ਤਲਵਾਰ ਦੀ ਲੜਾਈ ਛਡ ਕੇ,
ਉਨ੍ਹਾਂ ਸੰਕੋਚ ਕੀਤੇ ਬਿਨਾਂ ਖ਼ੰਜਰ (ਕਟਾਰ) ਫੜ ਲਈ।
ਜਦ ਖ਼ੰਜਰ ਏਕਮ ਦੇ ਚੰਦ ਦੀ ਤਰ੍ਹਾਂ ਚਮਕੀ,
ਲਿਨਨ ਦੇ ਕਪੜੇ ਦੀ ਤਰ੍ਹਾਂ ਸੰਜੋਏ ਟੁਕੜੇ ਟੁਕੜੇ ਹੋ ਗਏ।
ਚਮਕਦਾਰ ਕਟਾਰਾਂ ਲਹੂ ਨਾਲ ਲਾਲ ਹੋ ਗਈਆਂ,
ਮਾਨੋ ਬੈਂਤ ਦੇ ਪੱਤੇ ਨੇ ਮਹਿੰਦੀ ਲਾਈ ਹੈ।
ਪਹਾੜਾਂ ਵਿਚੋਂ ਲਹੂ ਦਾ ਹੜ੍ਹ ਇਸ ਖੜਕਾਰ ਨਾਲ ਵਗਿਆ,
ਜਿਵੇਂ ਅਜ਼ਗਰ ਖੱਡ ਵਿਚੋਂ ਨਿਕਲ ਕੇ ਹੱਲਾ ਕਰਦਾ ਹੈ।
ਕੱਟ ਵੱਢ ਵਿਚ ਡਿੱਗੇ ਹੋਏ ਲਹੂ ਦੇ ਕਾਰਨ ਧਰਤੀ ਲਾਲ ਹੋ ਗਈ,
ਤੂੰ ਕਹੇਂਗਾ, ਕਿ ਮਾਨੋ ਅੱਗ ਅਸਮਾਨ ਤੱਕ ਪਹੁੰਚ ਗਈ।
ਸ਼ਾਇਦ ਜੰਮੂ ਦਾ ਪਹਾੜ ਬਦੱਖ਼ਸ਼ਾਂ ਹੋ ਗਿਆ,
ਕਿਉਂਕਿ ਹਰ ਪੱਥਰ ਲਾਲ ਵਰਗਾ ਚਮਕੀਲਾ ਬਣ ਗਿਆ।
ਤੇਜ ਪਰਤਾਪ ਦਾ ਓਹੋ ਢੰਗ ਵੇਖਿਆ ਜਾ ਸਕਦਾ ਹੈ,
ਜਿਹੜਾ ਬਹਾਦੁਰਾਂ ਦਾ ਰਣ-ਖੇਤਰ ਵਿਚ ਅਤੇ ਦੈਂਤਾਂ ਦਾ ਪਹਾੜ ਵਿਚ ਹੁੰਦਾ ਹੈ।
ਸਮਦੀ ਨੂਰ ਇਸ ਤਰ੍ਹਾਂ ਚੰਗਿਆੜੇ ਸਿਟਣ ਵਾਲਾ ਹੋਇਆ,
ਕਿ ਲੜਾਈ ਦੇ ਕਾਰਨ ਪਹਾੜ, ਤੂਰ (ਉਹ ਪਹਾੜ ਜਿਸ ਉਤੇ ਪਰਮਾਤਮਾ ਨੇ ਹਜ਼ਰਤ ਮੂਸਾ ਨੂੰ ਆਪਣਾ ਨੂਰ ਵਿਖਾਇਆ ਸੀ) ਦੀ ਤਰ੍ਹਾਂ ਮੱਘ ਉਠਿਆ।

ਕਿਉਂਕਿ ਦੈਂਤ ਦੇ ਇਰਾਦੇ ਵਾਲੇ ਪਹਾੜੀ, ਅਲਵੰਦ (ਪਹਾੜ ਦਾ ਨਾਂ) ਦੇ ਉਤਲੇ ਨਰਮ ਪੱਥਰ ਦੇ ਟੁਕੜੇ ਦੀ ਤਰ੍ਹਾਂ, ਆਪਣਾ ਸਿਰ ਹਵਾ ਨਾਲ ਟਕਰਾਂਦੇ ਸਨ ਅਤੇ ਲੜਾਈ ਦੇ ਧਨੀ ਬਹਾਦੁਰ ਭਾਰੀ ਟੁਕੜੇ ਦੀ ਤਰ੍ਹਾਂ ਕਿਰਪਾਲਤਾ ਦੇ ਡੂੰਘੇ ਸਾਗਰ ਵਿਚ ਡੁੱਬ ਕੇ ਘੁੰਮਣ ਵਾਲੇ ਅਸਮਾਨ ਦੇ ਹੱਥ ਉਤੇ ਬਿਜਲੀ ਦੀ ਤਰ੍ਹਾਂ ਸੁੰਦਰ ਨਕਸ਼ ਬਣਾਉਂਦੇ ਸਨ, ਇਸ ਲਈ ਇਹ ਖ਼ਿਆਲ ਕਰਨਾ ਅਤੇ ਇਹ ਵਿਚਾਰ ਕਰਨੀ ਮੁਸ਼ਕਿਲ ਜਾਪਦੀ ਹੈ, ਕਿ ਅਜਿਹੀ ਕਠਨ ਮੁਹਿੰਮ ਦੇ ਜਿੱਤਣ ਵਿਚ ਥੋੜੇ ਜਿਹੇ ਸਮੇਂ ਵਿਚ ਵਿਘਨ ਪੈ ਜਾਵੇ। ਲੜਾਈ ਦਾ ਹੰਗਾਮਾ ਬਹੁਤ ਦੇਰ ਤੱਕ ਜਾਰੀ ਰਿਹਾ ਅਤੇ ਪਹਾੜ ਨੇ ਬਹੁਤ ਤੰਗ ਆ ਕੇ ਕੁਰਾਹੇ ਪਏ ਟੋਲੇ ਤੋਂ ਸ਼ੀਸ਼ੇ ਦੀ ਤਰ੍ਹਾਂ ਆਪਣੇ ਸਰੀਰ ਨੂੰ ਖ਼ਾਲੀ ਕਰਾ ਦਿੱਤਾ। ਇਹ ਨੇੜੇ ਹੀ ਸੀ, ਕਿ ਬੱਦਲ ਦੇ ਤੇਜ ਪ੍ਰਤਾਪ ਵਾਲੇ ਅਤੇ ਬਿਜਲੀ ਜਿਹੇ ਹਿੰਮਤੀ (ਜਵਾਨ) ਆਪਣਾ ਕੰਮ ਛੇਤੀ

ਹੀ ਕਰ ਕੇ ਸੂਰਜ ਦੀ ਤਲਵਾਰ ਦੀ ਤਰ੍ਹਾਂ ਦਲੇਰੀ ਨਾਲ ਪਹਾੜ ਦੀ ਚੋਟੀ ਉਤੇ ਕਾਇਮ ਹੋ ਜਾਣ ਅਤੇ ਚੰਗਿਆੜੇ ਦੀ ਤਰ੍ਹਾਂ ਪੱਥਰ ਦੇ ਦਿਲ ਵਿਚ ਪਹੁੰਚ ਕੇ ਸ਼ਰਾਰਤੀ ਪਹਾੜੀਆਂ ਦੇ ਸਮੇਂ ਦੇ ਖਲਵਾੜੇ ਬਰਬਾਦ ਕਰ ਦੇਣ । ਤੰਗ ਆ ਕੇ ਦੈਂਤ ਸੁਭਾਉ ਜ਼ਿਮੀਦਾਰ ਹੰਕਾਰ ਦੀ ਟੋਪੀ ਆਪਣੇ ਹਾਲ ਦੇ ਸਿਰੋਂ ਲਾਹ ਕੇ ਅਤਿਅੰਤ ਅਧੀਨਗੀ ਸਹਿਤ ਘੁਮੰਡ ਦੇ ਪਹਾੜ ਤੋਂ ਹੇਠਾਂ ਉਤਰੇ ਅਤੇ ਨਿੰਮਰਤਾ ਅਤੇ ਬੰਦਗੀ ਦੀ ਰਕਾਬ ਨੂੰ ਸਿਜਦਾ ਕਰਨ ਵਾਲੇ ਹੋ ਗਏ । ਉਨ੍ਹਾਂ ਨੇ ਬੜੀ ਸ਼ਾਨ ਤੇ ਬਜ਼ੁਰਗੀ ਵਾਲੇ ਹਾਕਮਾਂ ਦੇ ਰਾਹੀਂ ਜ਼ਰੂਰੀ ਜੁਰਮਾਨੇ ਅਤੇ ਬੜੀਆਂ ਬੜੀਆਂ ਸੁਗਾਤਾਂ, ਜੋ ਕਿ ਇਸ (ਉਨ੍ਹਾਂ ਦੇ) ਸਤਿਕਾਰ ਤੋਂ ਰਹਿਤ ਅਭਿਮਾਨ ਦੇ ਕਾਰਨ ਜ਼ਰੂਰੀ ਸਨ, ਭੇਟਾ ਕੀਤੀਆਂ ਅਤੇ (ਨਵਾਬ ਦੀ) ਸੇਵਾ ਦੇ ਸੁਭਾਗ ਤੋਂ ਖਿਮਾ ਪ੍ਰਾਪਤ ਕਰਨ ਵਾਲੇ ਹੋ ਗਏ । ਉਹ ਪਹਾੜ ਦੀ ਛਾਂ ਦੀ ਤਰ੍ਹਾਂ ਚਰਨਾਂ ਵਿਚ ਡਿੱਗ ਪਏ ਅਤੇ ਇਹ ਨਿਯਤ ਹੋਇਆ, ਕਿ ਤੁਰਤ ਹੀ ਪ੍ਰਾਪਤ ਕੀਤੇ ਹੋਏ ਮਾਲ ਵਿਚੋਂ ਕੁਝ ਰਕਮ ਲੈ ਕੇ ਜੇਤੂ ਫ਼ੌਜ਼ ਦੇ ਮੁੜਨ ਉਪਰੰਤ ਇਸ ਪਿਆਰੇ ਜ਼ਿਲੇ ਵਿਚ ਸਾਰਿਆਂ ਨੂੰ ਦੇ ਦੇਣ । ਅਤੇ ਇਸ ਸਾਰੇ ਕਰੜੇ ਸੁਭਾਉ ਦੇ ਬਾਵਜੂਦ, ਉਹ ਮੋਮ ਦੀ ਤਰ੍ਹਾਂ ਨਰਮੀ ਧਾਰਨ ਕਰਨ ਅਤੇ ਵੈਰ ਦੇ ਸਾਰੇ ਚੰਗਿਆੜੇ ਨੂੰ ਸ਼ਰਾਰਤ ਦੇ ਘਟੀਆ ਖ਼ਜ਼ਾਨੇ ਦੀ ਛਾਤੀ ਦੀ ਖੁੱਡ ਵਿਚੋਂ ਕੱਢ ਕੇ, ਦੋਵੇਂ ਕੰਨ ਫੜ ਕੇ, ਗੋਡੇ ਟੇਕ ਕੇ ਫ਼ੌਜਦਾਰ ਦੇ ਅੱਗੇ ਝੁਕਣ । ਕਿਉਂਕਿ ਅਸਲੀਅਤ ਸੋਚਣ ਵਾਲਿਆਂ ਦੀ ਕਲਮ ਦਾ ਮਨੋਰਥ ਅਪਰਾਧਾਂ ਨੂੰ ਬਖ਼ਸ਼ਣਾ ਅਤੇ ਉਜ਼ਰ ਮੰਨਣਾ ਹੈ, ਅਤੇ ਕਿਰਪਾ ਦੇ ਵਤੀਰੇ ਵਾਲੇ ਦਿਆਲੂਆਂ ਦੀ ਵਿਸ਼ੇਸ਼ਤਾਈ ਮਿਹਰ ਕਰਨੀ ਅਤੇ ਕੁਕਰਮਾਂ ਨੂੰ ਢਕਣਾ ਹੈ, (ਇਸ ਲਈ) ਨਤੀਜਾਤੁਲ ਅਮਾਰਤ ਨਵਾਬ ਨੇ, ਜੋ ਸਮਦੀ ਆਚਰਣ ਦਾ ਚੁਣਿਆ ਹੋਇਆ ਅਤੇ ਸਰਮਦੀ (ਸਦੀਵੀ) ਉਦਾਰਤਾਵਾਂ ਦਾ ਪਾਲਿਆ ਹੋਇਆ ਸੀ, ਉਨ੍ਹਾਂ ਦੇ ਕਾਲੇ ਮੱਥੇ ਦੀ ਫਟੀ ਤੋਂ ਅਣਗਿਣਤ ਅਪਰਾਧਾਂ ਦੀ ਕਾਲਖ਼ ਨੂੰ ਗੁਣਾਂ ਅਤੇ ਸੰਪੂਰਣਤਾ ਦੇ ਸਾਫ਼ ਪਾਣੀ ਨਾਲ ਧੋ ਦਿੱਤਾ ਅਤੇ ਕੁਰਾਹੇਪੁਣੇ ਦੀ ਸਖ਼ਤ ਲਿਖਤ ਨੂੰ ਜਾਨ-ਲੇਵਾ ਡਰਾਉਣੀ ਕਟਾਰ ਦੀ ਧਮਕੀ ਨਾਲ ਨਮਰੂਦ (ਇਕ ਰਾਜਾ ਸੀ ਜੋ ਆਪਣੇ ਆਪ ਨੂੰ ਪਰਮਾਤਮਾ ਕਹਾਉਂਦਾ ਸੀ) ਅਤੇ ਯਜ਼ੀਦ (ਹੁਸੈਨ ਨੂੰ ਕਤਲ ਕਰਵਾਉਣ ਵਾਲਾ) ਦੇ ਰਾਹ ਤੇ ਚਲਣ ਵਾਲਿਆਂ ਦੇ ਹਾਲ ਦੇ ਪੰਨੇ ਤੋਂ ਸਾਫ਼ ਕਰ ਕੇ ਭਾਗਵਾਨ ਇਲਾਕੇ ਵੱਲ ਰੁਚਿਤ ਹੋਇਆ । ਅਤੇ ਉਸ ਟੋਲੇ ਨੇ ਖ਼ਾਨ ਨਾਇਬ ਦੀ ਅਗਵਾਈ ਵਿਚ ਫ਼ੌਜਦਾਰ ਦੇ ਟਿਕਣ ਸਥਾਨ ਵਿਚ ਪਹੁੰਚ ਕੇ ਹਾਜ਼ਰ ਹੋਣ ਦਾ ਢੰਗ ਚੁਣਿਆ । ਉਹ ਦੁਰਘਟਨਾਵਾਂ, ਜੋ ਆਵਸ਼ ਕਲਮ ਦੀ ਨੋਕ ਨੂੰ ਲਿਖਣ ਲਈ ਆਵਾਜ਼, ਬਿਆਨ ਤੇ ਫ਼ਰਿਆਦ ਦੇਂਦੀਆਂ ਹਨ, ਇਹ ਹਨ, ਕਿ ਹਸਨ ਬੇਗ ਲੱਚਾ, ਜਿਹੜਾ ਉਸ ਪਰਲੋ ਲਿਆਉਣ ਵਾਲੀ ਤਲਵਾਰ ਤੇ ਜਿਗਰ ਨੂੰ ਛੱਡਣ ਵਾਲੀ ਲੜਾਈ ਤੋਂ ਇਸ ਲਹੂ ਲੁਹਾਣ ਦੇ ਹੁੰਦੇ ਵੀ ਬਚ ਰਿਹਾ ਸੀ, ਅਤੇ ਮਿਹਰਬਾਨੀਆਂ ਦੇ ਮਿਆਨ ਦੇ ਕੰਠ ਵਿਚੋਂ ਤਲਵਾਰ ਦੇ ਨਿਸ਼ਾਨ ਦੀ ਤਰ੍ਹਾਂ ਨਿਕਲਿਆ ਸੀ, ਉਸ ਨੇ ਇਕ ਦਿਨ ਉਸੇ ਝਗੜੇ ਵਿਚ (ਹੀ) ਅਚਣਚੇਤ ਗੁੰਡੇ ਵਤੀਰੇ ਵਾਲੇ ਇਕ ਸਾਥੀ ਦੇ ਹੱਥੋਂ, ਜੋ ਪਹਿਲਾਂ ਤੋਂ ਹਸਨ ਵੱਲੋਂ ਆਪਣੇ ਦਿਲ ਵਿਚ ਮੈਲ ਰੱਖਦਾ ਸੀ, ਕਿਸੇ ਅਪਰਾਧ ਤੋਂ ਬਿਨਾਂ (ਹੀ) ਆਪਣੀ ਬਹਾਦੁਰੀ ਦੇ ਖ਼ਜ਼ਾਨੇ, ਛਾਤੀ ਵਿਚ ਜਮਧਰ ਦਾ ਜ਼ਖ਼ਮ ਖਾਧਾ ਅਤੇ ਤੁਰਤ ਹੀ ਆਪਣੀ ਜਾਨ ਸੰਸਾਰ ਦੇ ਕਰਤੇ ਨੂੰ ਸੌਂਪ ਦਿੱਤੀ ।

ਅਸਚਰਜ ਇਹ ਹੈ, ਕਿ ਕਾਤਿਲ ਨੇ ਵੀ ਉਸੇ ਹਾਲਤ ਵਿਚ ਉਸੇ ਜਮਧਰ ਨਾਲ ਆਪਣੇ ਆਪ ਨੂੰ ਮਾਰ ਦਿੱਤਾ ਅਤੇ ਯਜ਼ੀਦ ਦੀ ਤਰ੍ਹਾਂ ਹਸਨ ਦਾ ਖ਼ੂਨ ਅਕਾਰਨ ਆਪਣੇ

ਜ਼ੁੰਮੇ ਲੈ ਲਿਆ ।

ਪਰਮਾਤਮਾ ਦਾ ਭਾਣਾ ਸੰਸਾਰ ਵਿਚ ਅਜਿਹੇ ਕੰਮ ਕਰਦਾ ਹੈ,
ਕਿ ਉਹ ਬੂੰਦ ਨੂੰ ਵੀ ਭਾਰੀ ਪਹਾੜ ਦਾ ਟੁਕੜਾ ਬਣਾ ਦਿੰਦਾ ਹੈ।
ਉਹ ਐਸ਼ ਦੇ ਬਿਸਤਰੇ ਨੂੰ ਮਗਰਮੱਛ ਦਾ ਕੰਠ ਬਣਾ ਦਿੰਦਾ ਹੈ,
ਉਹ ਸ਼ੀਸ਼ੇ ਦੇ ਦਿਲ ਉਤੇ ਸ਼ਰਾਬ ਦਾ ਪੱਥਰ ਮਾਰਦਾ ਹੈ ।
ਉਹ ਵਿਹੁ ਨੂੰ ਸੁਆਦੀ ਸ਼ਰਬਤ ਬਣਾ ਦਿੰਦਾ ਹੈ,
ਉਹ ਫੁੱਲ ਤੋਂ ਕਲੀ ਦੇ ਦਿਲ ਉਤੇ ਕੰਡਾ ਚੋਭਦਾ ਹੈ ।

ਛੇਵਾਂ ਅਧਿਆਇ

# ਉੱਜੜੇ-ਪੁੱਜੜੇ (ਬਰਬਾਦ ਹੋਏ) ਪਹਾੜੀਆਂ ਦੇ ਮੁੜ ਬਗ਼ਾਵਤ ਕਰਨ ਤੇ ਦੋਹਾਂ ਨਵਾਬਾਂ ਦੇ ਦ੍ਰਿੜ੍ਹ ਉਪਰਾਲਿਆਂ ਨਾਲ ਉਨ੍ਹਾਂ ਦੀ ਜੜ੍ਹ ਪੁਟਣ ਅਤੇ ਉਨ੍ਹਾਂ ਦੇ ਨਿਕਾਲੇ ਜਾਣ ਦਾ ਸਮਾਚਾਰ

ਹਕੀਕਤ ਦੇ ਦਫ਼ਤਰ ਦੇ ਲਿਖਾਰੀਆਂ ਨੇ ਬਾਕੀ ਕਥਨ ਦੇ ਜਮ੍ਹਾ ਅਤੇ ਖ਼ਰਚ ਨੂੰ ਇਸ ਵਿਸਥਾਰ ਸਹਿਤ ਜੋੜਿਆ (ਲਿਖਿਆ) ਹੈ ਕਿ ਜਦ ਨਤੀਜਾਤੁਲ ਅਮਾਰਤ (ਜ਼ਕਰੀਆ ਖ਼ਾਨ ਦਾ ਖ਼ਿਤਾਬ ਅਰਥਾਤ ਅਮੀਰਾਂ ਦਾ ਸਰਦਾਰ) ਨਵਾਬ ਨੇ ਜੰਮੂ ਦੀ ਮੁਹਿੰਮ ਨੂੰ ਸਰ ਕਰਨ ਪਿੱਛੋਂ ਪਹਾੜੀਆਂ ਨੂੰ, ਜੋ ਬਿਹਤਰੀ ਤੋਂ ਦੂਰ ਸਨ, ਸੂਤ ਕਰਨ ਉਪਰੰਤ, ਲਾਹੌਰ ਦੇ ਤਾਜ਼ਗੀ ਦੀ ਨੀਂਹ ਵਾਲੇ ਬਾਗ਼ ਨੂੰ ਆਪਣੇ ਪ੍ਰਸੰਨਤਾਦਾਇਕ ਆਗਮਨ ਦੀ ਬਹਾਰ ਨਾਲ ਆਰਾਮ ਦੀ ਸ਼ੋਭਾ ਬਖ਼ਸ਼ੀ, ਤਾਂ ਵੈਰ ਦੀ ਨੀਂਹ ਵਾਲੇ ਬਦ-ਜ਼ਾਤ ਪਹਾੜੀ, ਜਿਨ੍ਹਾਂ ਦੇ ਸੁਭਾਉ ਵਿਚ ਖੋਟ ਹੈ ਤੇ ਫ਼ਸਾਦ ਜਿਨ੍ਹਾਂ ਦੀ ਖ਼ਮੀਰ ਵਿਚ ਹੈ, ਕੁਝ ਸਮੇਂ ਉਪਰੰਤ, ਸਾਰੇ ਬਚਨਾਂ ਅਤੇ ਇਕਰਾਰਾਂ ਨੂੰ ਭੁਲਾ ਕੇ ਅਚਨਚੇਤ, ਸਮੇਂ ਦੇ ਨਾਇਬ ਅੱਗੇ, ਰਕਮਾਂ ਪੇਸ਼ ਕਰਨੋ ਮੁੱਕਰ ਗਏ ਅਤੇ ਆਪਣੇ ਸਿਰ ਵਿਚ ਹੰਕਾਰ ਭਰ ਕੇ ਨਸਣ ਦੀ ਦੁਰਗਤ ਉਤੇ ਹੱਥ ਘਸਾਉਣ ਵਾਲੇ ਹੋਏ ਅਤੇ ਨਸਣ ਦੀ ਬਦਬਖ਼ਤੀ ਸਹੇੜ ਲਈ। ਫਿਰ ਆਪਣੇ ਸਥਾਨ ਤੇ ਆ ਕੇ ਦੁਰਗਤੀ ਦੇ ਬੁਰਜ ਅਤੇ ਕੋਟ ਸਥਾਪਤ ਕੀਤੇ ਅਤੇ ਝਗੜੇ ਫ਼ਸਾਦ ਲਈ ਤਿਆਰ ਹੋ ਗਏ। ਖ਼ਾਨ ਨਾਇਬ ਨੇ ਵੀ ਛੇਤੀ ਛੇਤੀ ਗੁਮਰਾਹੀ ਦੇ ਪਹਾੜਾਂ ਦੇ ਰਾਹੀਆਂ ਦਾ ਪਿੱਛਾ ਕਰਨ ਲਈ ਆਪਣੇ ਤੇਜ਼ ਘੋੜੇ ਨੂੰ ਦੌੜਾ ਕੇ ਪੁਰਾਣੇ ਮੁਹਿੰਮਸਥਾਨ ਤੇ ਪਹੁੰਚਾ ਦਿੱਤਾ। ਅਤੇ ਦੂਜੇ ਪਾਸਿਓਂ ਨਵਾਬ ਬਹਾਦੁਰ ਨੇ ਇਸ ਕ੍ਰੋਧ ਵਰਧਕ ਦਰਘਟਨਾ ਨੂੰ ਸੁਣਦੇ ਸਾਰ ਰਾਜਧਾਨੀ ਤੋਂ ਚਲ ਕੇ ਜੇਤੂ ਫ਼ੌਜ ਨੂੰ ਬਿਜਲੀ ਦੀ ਤੇਜ਼ੀ ਨਾਲ ਪਹਾੜ ਦੀ ਚੋਟੀ ਤੇ ਪਹੁੰਚਾ ਦਿੱਤਾ। ਅਤੇ ਲੜਾਈ ਸਹੀ ਅਰਥਾਂ ਵਿਚ ਨਵੇਂ ਸਿਰਿਓਂ ਸ਼ੁਰੂ ਹੋ ਗਈ। ਉਸ ਉਪਰੰਤ ਸ੍ਰੀਮਾਨ ਨਵਾਬ, ਜੋ ਮੁਲਤਾਨ ਦੇ ਉਤਾਰ-ਚੜ੍ਹਾ ਨੂੰ ਸੋਧਣ ਵਿਚ ਰੁਝਾ ਹੋਇਆ ਸੀ ਅਤੇ ਪਹਿਲੇ ਸਮਝੌਤੇ ਦੇ ਸਮੇਂ ਤੋਂ ਹੀ ਸ਼ੇਰ ਦੀ ਤਰ੍ਹਾਂ ਕ੍ਰੋਧ ਵਿਚ ਦੰਦ ਪੀਂਹਦਾ ਸੀ, ਇਸ ਕ੍ਰੋਧ ਵਧਾਊ ਖ਼ਬਰ ਪਹੁੰਚਣ ਸਮੇਂ ਉਥੋਂ ਤੁਰ ਪਿਆ ਅਤੇ ਲੰਮੇਂ ਪੰਧ ਨੂੰ ਛੇਤੀ ਤੋਂ ਛੇਤੀ ਮੁਕਾਇਆ ਅਤੇ ਸੁਭਾਗੇ ਪੁੱਤਰ ਦੀ ਸਹਾਇਤਾ ਲਈ ਪਹੁੰਚ ਗਿਆ ਅਤੇ ਬੱਦਲ ਦੀ ਤਰ੍ਹਾਂ ਉਦਾਰਤਾ ਦੀ ਛਾਂ ਅਤੇ ਸਥਿਰਤਾ ਦਾ ਸਾਇਆ ਯੁੱਧ ਦੇ ਬਹਾਦੁਰਾਂ ਉਤੇ ਕੀਤਾ।

ਪਹਾੜ ਨੂੰ ਜਿੱਤਨ ਲਈ ਦੋਵੇਂ ਫ਼ੌਜਾਂ ਗੁਥਮਗੁਥਾ ਹੋ ਗਈਆਂ,
ਜਿਵੇਂ ਹੜ੍ਹ ਸਮੁੰਦਰ ਵਿਚ ਡਿੱਗ ਕੇ ਇਕ ਮਿਕ ਹੋ ਜਾਂਦਾ ਹੈ।

ਉਹ ਇਸ ਤਰ੍ਹਾਂ ਜੁੱਟੇ, ਜਿਵੇਂ ਬੱਦਲ ਅਤੇ ਧੂੰਆਂ ਇਕ ਥਾਂ ਇੱਕਠੇ ਹੋ ਜਾਂਦੇ ਹਨ,
ਇਸ ਢੰਗ ਨਾਲ, ਜਿਵੇਂ ਕਿ ਹਰ ਰੋਜ਼ ਹੋਂਦ ਵਿਚ ਆਉਂਦਾ ਹੈ ।
ਪੰਜਾਬੀਆਂ ਦੀ ਤਸੱਲੀ ਵੱਧ ਗਈ,
ਕਿਉਂਕਿ ਰੁਸਤਮ (ਈਰਾਨ ਦਾ ਪਹਿਲਵਾਨ) ਨੇ
ਸੁਹਰਾਬ (ਰੁਸਤਮ ਦਾ ਪੁੱਤਰ) ਦੀ ਸਹਾਇਤਾ ਕੀਤੀ ।

ਪਹਾੜ ਨੂੰ ਤਬਾਹ ਕਰਨ ਵਾਲੇ ਬਹਾਦਰਾਂ ਨੇ, ਜੋ ਬਿਜਲੀ ਦੀ ਤਰ੍ਹਾਂ ਵਿਸ਼ਾਲ ਅਸਮਾਨ ਉਤੇ ਹੱਲਾ ਕਰਨੋ ਸੰਕੋਚ ਨਹੀਂ ਸਨ ਕਰਦੇ, ਇਸ ਵੱਡੀ ਸੁਗਾਤ ਤੇ ਮਹਾਨ ਆਨੰਦਦਾਇਕ ਠਾਠ ਬਾਠ ਦੇ ਪਹੁੰਚਣ ਨੂੰ, ਵੱਡੀ ਅਤੇ ਅਸਮਾਨੀ ਜਿੱਤ ਦਾ ਸੋਮਾ ਅਤੇ ਈਸ਼ਵਰੀ ਸਹਾਇਤਾ ਦਾ ਵਸੀਲਾ ਵਿਚਾਰ ਕੇ, ਬੁਰਜ ਅਤੇ ਕੋਟ ਦੀ ਪਰਵਾਹ ਨਾ ਕਰਦੇ ਹੋਏ, ਇਕਮਨ ਹੋ ਕੇ, ਛੇਤੀ ਹੀ ਉਲਾਂਘ ਪੁੱਟੀ ਅਤੇ ਪੂਰਾ ਹੱਲਾ ਕਰਨ ਲਈ ਬਿਜਲੀ ਦੀ ਤਰ੍ਹਾਂ ਪਹਾੜ ਦੀ ਚੋਟੀ ਉਤੇ ਚੜ੍ਹ ਕੇ, ਟੁਟਦੇ ਤਾਰਿਆਂ ਦੀ ਖਿੱਤੀ ਦੀ ਤਰ੍ਹਾਂ, ਪਹਾੜ ਦੀ ਵਲਾਇਤ ਨੂੰ ਘੇਰ ਲਿਆ ਅਤੇ ਤੀਰ, ਤੁਫੰਗ ਦੇ ਮੂੰਹ ਅਤੇ ਜਜ਼ਾਇਰ (ਵੱਡੀ ਬੰਦੂਕ) ਤੇ ਛੋਟੀ ਬੰਦੂਕ ਦੀਆਂ ਗੋਲੀਆਂ ਵਰਸਾਉਣ ਨਾਲ ਪੱਥਰ ਦੇ ਦਿਲ ਨੂੰ ਨਿਤਾਣਾ ਕਰ ਦਿੱਤਾ ।

ਦੋ ਅਜ਼ਗਰਾਂ ਨੇ ਖੱਡ ਵਿਚ ਅੱਗ ਭੜਕਾ ਦਿੱਤੀ,
ਕਿ ਧੂੰਏ ਦੀ ਤਰ੍ਹਾਂ ਪਹਾੜ ਕੰਬ ਗਿਆ ।
ਉਹ ਮੋਰਚਿਆਂ ਅਤੇ ਓਟਾਂ ਨੂੰ ਟੱਪ ਗਏ,
ਮੰਦੇ ਦਿਨ ਦੀ ਤਰ੍ਹਾਂ ਉਹ ਪਹਾੜ ਉਤੇ ਚੜ੍ਹ ਗਏ ।
ਉਨ੍ਹਾਂ ਨੇ ਵੈਰੀ ਉਤੇ ਸ਼ਹਿ-ਸਥਾਨ (ਘਾਤ) ਤੋਂ ਹੱਲਾ ਨਹੀਂ ਕੀਤਾ,
ਕਿਉਂਕਿ ਉਨ੍ਹਾ ਨੇ ਤਾਂ ਧਰਤੀ ਤੋਂ ਅਸਮਾਨ ਉਤੇ ਹੱਲਾ ਕੀਤਾ ।
ਉਸ ਭਾਰੀ ਦੌੜ-ਭੱਜ ਅਤੇ ਤਕੜੇ ਉਪਰਾਲੇ ਨਾਲ,
ਤਾਰਿਆਂ ਦੀ ਤਰ੍ਹਾਂ ਅਸਮਾਨ ਉਤੇ ਚੜ੍ਹ ਗਏ ।
ਇਹ ਅਸਚਰਜ ਗੱਲ ਹੈ, ਕਿ ਮਸਤ ਤੇ ਡਰਾਉਣੇ ਹਾਥੀ,
ਪੌੜੀ ਤੋਂ ਬਿਨਾਂ, ਛੱਤ ਉਤੇ ਚੜ੍ਹ ਗਏ ।
ਨਵੇਂ ਚੰਦ ਵਰਗੀ ਤਲਵਾਰ ਦੀ ਚਮਕ ਤੋਂ
ਐਉਂ ਲਗਦਾ ਸੀ, ਜਿਵੇਂ ਕਿ ਪੂਰਬ ਵਿਚ ਸੌ ਨਵੇਂ ਚੰਦ ਚੜ੍ਹ ਗਏ ਹੋਣ ।
ਕਾਲੇ ਬੱਦਲ ਜਿਹੇ ਹਾਥੀਆਂ ਅਤੇ ਹੌਦਿਆਂ ਦੀ ਜ਼ਰੀ
ਹਰ ਪਾਸੇ ਰਾਤ ਅਤੇ ਸੂਰਜ ਵਰਗੀ ਵਿਖਾਈ ਦੇ ਰਹੇ ਸਨ ।

ਭੱਜਣ ਦੇ ਸੁਭਾਉ ਵਾਲੇ ਪਹਾੜੀਆਂ ਨੇ, ਜੋ ਆਪਣਾ ਦੁਰਭਾਗਾ ਸਿਰ ਘੁਮੰਡ ਦੇ ਪਹਾੜ ਨਾਲ ਰਗੜਦੇ ਸਨ, ਯੁੱਧ ਦੇ ਧਨੀ ਬਹਾਦੁਰਾਂ ਦੀ ਤਲਵਾਰ ਦੀ ਝਾਲ ਨਾ ਝੱਲ ਕੇ, ਤੇ ਬਹਾਦੁਰੀ ਦੀ ਸਿਫ਼ਤ ਦੀ ਅਣਹੋਂਦ ਦੇ ਕਾਰਨ, ਇਕ ਵੇਰ ਵੀ ਤਲਵਾਰ ਦੇ ਕਬਜ਼ੇ ਨੂੰ ਹੱਥ ਵਿਚ ਨਾ ਲੈ ਕੇ, ਇਕਲਖ਼ਤ ਹੀ ਕਿਲੇ ਨੂੰ ਤਿੱਖੀ ਤਲਵਾਰ ਦੇ ਮਿਆਨ ਦੀ ਤਰ੍ਹਾਂ ਖ਼ਾਲੀ ਕਰ ਦਿੱਤਾ ਅਤੇ ਨੱਸ ਕੇ ਬਾਹੂ ਨਾਮੀ ਕਿਲ੍ਹੇ ਵਿਚ, ਜੋ ਜੰਮੂ ਦੇ ਨੇੜੇ ਹੈ, ਜਾ ਓਟ ਲਈ । ਉਥੋਂ ਤਲਵਾਰ ਦੇ ਧਨੀ ਬਹਾਦੁਰਾਂ ਦੇ ਯੁੱਧ ਦੇ ਕਾਰਨ ਉਹ ਤੁਰਤ ਹੀ ਭੱਜ ਗਏ ਅਤੇ ਚੰਗਿਆੜੇ

ਦੀ ਤਰ੍ਹਾਂ ਦੁਰਭਾਗ ਦਾ ਸਿਰ ਪਹਾੜਾਂ ਦੀ ਖੱਡ ਵਿਚ ਜਾ ਲੁਕਾਇਆ ।

ਨਿਰਬਲ ਪਹਾੜੀਆਂ ਨੇ ਭੱਜਣਾ ਪਸੰਦ ਕੀਤਾ,
ਉਨ੍ਹਾਂ ਨੇ ਆਪਣੇ ਸਿਰ ਚੰਗਿਆੜਿਆਂ ਦੀ ਤਰ੍ਹਾਂ ਖੱਡ ਵਿਚ ਲੁਕੋ ਲਏ ।
ਜਦ ਸਮਦੀ ਤਲਵਾਰ ਦਾ ਸੂਰਜ ਚਮਕਿਆ,
ਉਹ ਜਿੰਨ ਤੇ ਜਾਂਗਲੀ ਪਸ਼ੂ ਤੂਲ ਦੀ ਤਰ੍ਹਾਂ ਉੱਡ ਪੁੱਡ ਗਏ ।
ਜਦ ਬਿਜਲੀ ਦੀ ਕੜਕ ਅਤੇ ਵਰਖਾ ਇਕ ਥਾ ਇਕੱਠੀਆਂ ਹੋ ਜਾਂਦੀਆਂ ਹਨ,
ਤਾਂ ਉਹ ਸਮੁੰਦਰ ਅਤੇ ਪਹਾੜ ਵਿਚੋਂ ਗਰਦ ਕੱਢ ਦਿੰਦੀਆਂ ਹਨ (ਉਨ੍ਹਾਂ ਨੂੰ ਬਰਬਾਦ ਕਰ ਦਿੰਦੀਆਂ ਹਨ)
ਉਨ੍ਹਾਂ ਨੇ ਪਹਾੜੀਆਂ ਉਤੇ ਅਜਿਹਾ ਦਬਦਬਾ ਪਾਇਆ,
ਕਿ ਦੁੱਖ ਦੇ ਮਾਰੇ ਪਹਾੜ ਆਪ ਵੀ ਤੰਗ ਪੈ ਗਏ ।

ਜਦ ਭੈੜੇ ਅੰਤ ਵਾਲੇ ਪਹਾੜੀਆਂ ਨੇ ਆਪਣੇ ਕੱਚੇ ਸੁਭਾਵਾਂ ਦੇ ਕਾਰਨ ਜਿੱਤ ਦੇ ਚਾਹਵਾਨ ਬਹਾਦੁਰਾਂ ਦੀ ਤਿੱਖੀ ਤਲਵਾਰ ਦੇ ਟਾਕਰੇ ਨੂੰ ਅਤਿਅੰਤ ਕਠਨ ਵੇਖਿਆ, ਤਾਂ ਉਹ ਬੇਲਗਾਮ ਘੋੜੇ ਦੀ ਤਰ੍ਹਾਂ ਅਸਫ਼ਲਤਾ ਦੇ ਬੇਸਤੂਨ (ਈਰਾਨ ਦੇ ਇਕ ਪਹਾੜ ਦਾ ਨਾਉਂ) ਵਲ ਭੱਜ ਗਏ । ਜੇਤੂ ਫ਼ੌਜਾਂ ਉਨ੍ਹਾਂ ਦਾ ਪਿੱਛਾ ਕਰਨ ਲਈ ਮੁਕੱਰਰ ਹੋਈਆਂ, ਤਾਂ ਕਿ ਉਹ ਜਿਥੇ ਵੀ ਉਨ੍ਹਾਂ ਦੁਰਭਾਗਾਂ ਦੇ ਜੰਗਲਾਂ ਦੇ ਰਾਹੀਆਂ ਦਾ ਕੋਈ ਅਤਾ-ਪਤਾ ਲੱਭਣ, ਉਨ੍ਹਾਂ ਦਾ ਨਾਂ-ਥੇਹ ਸੰਸਾਰ ਤੋਂ ਮਿਟਾ ਦੇਣ । ਪਹਾੜਾਂ ਦੇ ਸਾਰੇ ਸਰਦਾਰਾਂ ਨੂੰ ਇਸ ਗੱਲ ਦੀ ਕਰੜੀ ਚੇਤਾਵਨੀ ਤੇ ਸਖ਼ਤ ਡਰਾਵਾ ਦਿੱਤਾ ਗਿਆ, ਕਿ ਗੁਮਰਾਹੀ ਦੇ ਕਾਲੇ ਸਥਾਨ ਦੇ ਮੰਦ ਭਾਗੀਆਂ ਵਿਚੋਂ ਕਿਸੇ ਇਕ ਨੂੰ ਵੀ ਆਪਣੇ ਦੇਸ਼ ਵਿਚ ਥਾਂ ਨਾ ਦੇਣ, ਤਾਂ ਜੋ ਉਹ ਆਪਣੀ ਥਾਂ ਤੋਂ ਕਿਤੇ ਹੋਰ ਨਾ ਚਲੇ ਜਾਣ । ਸਾਰੇ ਪਹਾੜਾਂ ਵਿਚ ਉਨ੍ਹਾਂ ਨੂੰ ਕੋਈ ਅਜਿਹਾ ਥਾਂ ਨਾ ਲਭਿਆ, ਕਿ ਉਹ ਚੰਗਿਆੜੇ ਦੀ ਤਰ੍ਹਾਂ ਕੰਗਾਲੀ ਅਤੇ ਦੁਰਭਾਗ ਦਾ ਸਿਰ ਕਿਸੇ ਖੱਡ ਵਿਚ ਪੱਥਰ ਨਾਲ ਮਾਰਨ । ਉਨ੍ਹਾਂ ਨੂੰ ਕੋਈ ਵੀ ਸਥਾਨ ਨਾ ਲੱਭਾ ਜਿਥੇ ਉਹ ਛਾਂ ਦੀ ਤਰ੍ਹਾਂ ਕਿਸੇ ਕੰਧ ਪਿੱਛੇ ਆਪਣਾ ਸਿਰ ਲੁਕਾ ਲੈਣ ।

ਪਹਾੜੀ ਸਰਦਾਰਾਂ ਦੇ ਡਰ ਦੇ ਮਾਰੇ,
ਉਸ ਟੋਲੇ ਨੂੰ ਕਿਤੇ ਵੀ ਓਟ ਨਹੀਂ ਸੀ ਮਿਲਦੀ ।
ਜੇ ਉਹ ਪੱਥਰ ਵਿਚ ਵੀ ਲੁਕਦੇ ਸਨ,
ਉਨ੍ਹਾਂ ਦਾ ਭੇਦ ਚੰਗਿਆੜੇ ਦੀ ਤਰ੍ਹਾਂ ਪ੍ਰਗਟ ਹੋ ਜਾਂਦਾ ਸੀ ।
ਜਿਥੇ ਕਿਥੇ ਵੀ ਨਾਸ਼ਕ ਤਲਵਾਰ ਚਮਕੀ,
ਕਿਸੇ ਆਦਮੀ ਨੂੰ ਵੀ ਉਨ੍ਹਾਂ ਪਰੇਤਾਂ ਦਾ ਪਤਾ ਨਾ ਲੱਗਾ ।
ਹਾਂ, ਜਿਥੇ ਵੀ ਉਹ ਸਮਝੌਤਾ ਤੋੜਨ ਵਾਲਾ ਪਹੁੰਚਿਆ,
ਕਿਸੇ ਨੇ ਵੀ ਉਸ ਦੀ ਜ਼ਮਾਨਤ ਨਾ ਦਿੱਤੀ ।
ਦਗ਼ੇਬਾਜ਼ਾਂ ਲਈ ਕੋਈ ਘੱਟ ਪ੍ਰਾਰਥਨਾ ਕਰਦਾ ਹੈ,
ਕਿਉਂਕਿ "ਦਗ਼ਾ" ਤੇ "ਦੁਆ" ਦੇ ਸ਼ਬਦਾਂ ਵਿਚ
"ਤਜਨੀਸ" ਹੈ, ਭਾਵ ਇਹ ਇਕ ਰੂਪਤਾ ਰਖਦੇ ਹਨ ।
ਪਹਾੜਾਂ ਵਿਚ ਭਚਾਲ ਆ ਗਿਆ,
ਪਹਾੜਾਂ ਨੇ ਆਪਣਿਆਂ ਪਿੰਡਿਆਂ ਉਤੇ ਖੱਡਾਂ ਨਾ ਰਹਿਣ ਦਿੱਤੀਆਂ ।

ਘੁਮੰਡੀਆਂ ਨੇ ਆਪਣੇ ਸਿਰ ਧਰਤੀ ਉਤੇ ਰੱਖ ਦਿੱਤੇ,
ਕਿਉਂਕਿ ਡਰ ਦੇ ਮਾਰੇ ਪਹਾੜ ਦੀ ਛਾਤੀ ਫਟ ਗਈ ।
ਜੰਗ-ਜੇਤੂ ਨਵਾਬ ਦੀ ਤਲਵਾਰ ਦਾ ਕੀ ਕਹਿਣਾ,
ਕਿ ਵੈਰੀ ਵੈਰੀ ਦੀ ਤਰ੍ਹਾਂ ਪੱਥਰ ਵਿਚ ਲੁਕ ਗਿਆ ।
ਜੇ ਪਹਾੜ ਆਪ ਮਿਕਨਾਤੀਸ (ਚੁੰਬਕ ਪੱਥਰ) ਹੁੰਦਾ,
ਤਾਂ ਉਹ ਸਾਡੇ ਨਵਾਬ ਦੀ ਤਲਵਾਰ ਦੇ ਟਾਕਰੇ ਵਿਚ ਲੜਾਈ ਨਾ ਕਰ ਸਕਦਾ ।
ਵੈਰੀ ਨੂੰ ਜਦ ਭੱਜਣ ਲਈ ਥਾਂ ਨਹੀਂ ਲਭਦੀ,
ਤਾਂ ਉਹ ਬੁੱਲ੍ਹਾਂ ਵਿਚ ਕਹਰਬਾ (ਖਿਚਣ ਸ਼ਕਤੀ ਵਾਲਾ ਘਾ) ਦੀ ਤਰ੍ਹਾਂ ਕਹਿ ਕਹਿ ਕਰਦਾ ਹੈ ।

ਜੇਤੂ ਅਤੇ ਵਿਜਈ ਫ਼ੌਜਾਂ ਨੇ ਮਜ਼ਬੂਤ ਥਾਵਾਂ, ਕਰੜੇ ਕਿਲ੍ਹਿਆਂ ਅਤੇ ਕੇਂਦਰੀ ਥਾਵਾਂ ਵਿਚ ਥਾਣੇ ਸਥਾਪਨ ਕਰਨ ਉਪਰੰਤ, ਬੜੀ ਸੱਜ ਧੱਜ ਨਾਲ ਆਪਣੇ ਧਿਆਨ ਦੀ ਵਾਗ ਵਾਪਸੀ ਵਲ ਮੋੜੀ ਅਤੇ ਦੋਵੇਂ ਉੱਚ-ਪਦ ਨਵਾਬ, ਜਿਨ੍ਹਾਂ ਨੂੰ ਚੰਦ ਸੂਰਜ ਦਾ ਸੁਹਰਾਬ ਰੁਸਤਮ ਕਿਹਾ ਜਾ ਸਕਦਾ ਹੈ, ਉਸ ਸੱਜ ਧੱਜ ਅਤੇ ਮਹਾਨ ਸਨਮਾਨ ਸਹਿਤ ਸੁਰਗ ਜਿਹੇ ਸ਼ਹਿਰ ਵਿਚ ਆਏ । ਉਸ ਭਾਗਵਾਨ ਇਲਾਕੇ ਨੂੰ ਦੋ ਮਿਹਰਾ (ਦੋਵੇਂ ਨਵਾਬਾਂ) ਦੇ ਮੇਲ ਦੀ ਬਰਕਤ ਨਾਲ ਅਜਿਹਾ ਬਣਾਇਆ ਕਿ ਇਜ਼ਤ ਦੀ ਰਾਸ਼ੀ ਭੀ ਉਸ ਨਾਲ ਈਰਖਾ ਕਰਨ ਲੱਗ ਪਈ ।

ਖ਼ਾਨ ਨਾਇਬ, ਜਿਹੜਾ ਭਾਗਾਂ ਦੇ ਵੈਰੀਨਾਸ਼ਕ, ਅਜ਼ਗਰਾਂ ਜਿਹੇ ਦੋ ਸ਼ੇਰ ਸਿਰ ਉਤੇ ਰੱਖਦਾ ਸੀ, ਸੂਝਵਾਨ ਬੁੱਧੀ ਦੀ ਅਗਵਾਈ ਅਤੇ ਪੂਰਨ ਸੂਝ ਬੂਝ ਦੀ ਮਿਤ੍ਰਤਾ ਨਾਲ ਬਾਕੀ ਦੇ ਪਥਰੀਲੇ ਰਾਹਾਂ ਨੂੰ ਠੀਕ ਕਰਨ ਲੱਗ ਪਿਆ । ਉਸ ਨੇ ਹੰਕਾਰੀ ਬਾਗ਼ੀਆਂ ਦੀ ਪਰਵਾਹ ਨਾ ਕਰਦੇ ਹੋਏ ਪਹਾੜਾਂ ਦੇ ਨਾਹਮਵਾਰ ਰਾਹਾਂ ਨੂੰ ਹੱਥ ਦੀ ਹਥੇਲੀ ਜਿਹੇ (ਸਿਧੇ-ਪਧਰੇ) ਮੈਦਾਨ ਬਣਾ ਦਿੱਤਾ, ਅਤੇ ਦੁਖੀ ਪਹਾੜੀਏ, ਸਮੇਂ ਦੇ ਫੇਰ ਅਤੇ ਬੇਹੱਦ ਦਬਾਉ ਤੇ ਸਖ਼ਤੀ ਦੇ ਕਾਰਨ ਸਾਣ ਦੀ ਤਰ੍ਹਾਂ ਹੈਰਾਨ ਤੇ ਪਰੇਸ਼ਾਨ ਹੋ ਗਏ । ਕਟੋਚ ਦਾ ਜ਼ਿਮੀਂਦਾਰ, ਜੋ ਦੇਰ ਤੋਂ ਫਿਰ ਖ਼ਰਾਬੀਆ ਦਾ ਸੋਮਾਂ ਬਣਿਆ ਹੋਇਆ ਸੀ, ਕਾਂਗੜੇ ਦੇ ਕਿਲ੍ਹੇ ਨਾਲ ਸੰਬੰਧਤ ਇਲਾਕਿਆਂ ਨੂੰ ਰੋਟੀ ਖਾਣ ਤੋਂ ਵੀ ਆਤਰ ਬਣਾ ਚੁਕਿਆ ਸੀ ਅਤੇ ਜੰਮੂ ਦੇ ਜ਼ਿਮੀਂਦਾਰਾਂ ਦੀ ਤਰ੍ਹਾਂ ਹੰਕਾਰ ਕਰ ਕੇ ਉਚਿਤ ਰਕਮਾਂ ਨਹੀਂ ਸੀ ਭਰਦਾ । ਉਸ ਸਮੇਂ ਉਹ ਭਾਵੇਂ ਜੰਮੂ ਦੀ ਮੁਹਿੰਮ ਵਿਚ ਸਾਥੀ ਤੇ ਸੇਵਾਦਾਰ ਦੇ ਤੌਰ ਤੇ ਹਾਜ਼ਰ ਸੀ, ਉਸ ਨੂੰ ਤਰ੍ਹਾਂ ਤਰ੍ਹਾਂ ਦੇ ਹੀਲਿਆਂ ਉਪਰਾਲਿਆਂ ਨਾਲ ਅੱਗੇ ਲਿਆਂਦਾ ਗਿਆ ਅਤੇ ਇਨ੍ਹਾਂ ਦੇ ਬਦਲੇ ਦਾ ਖ਼ਿਆਲ, ਓਪਰੀ ਦਿਖਾਵੇ ਦੀ ਓਪਰੀ ਕ੍ਰਿਪਾ ਅਤੇ ਮਿਹਰਬਾਨੀਆਂ ਨਾਲ, ਉਸ ਦੇ ਦਿਮਾਗ਼ ਵਿਚੋਂ ਕੱਢ ਕੇ ਅਮਲੀ ਹਿਕਮਤ ਨਾਲ ਅਚਣਚੇਤ ਹੀ ਉਸ ਦੇ ਪੈਰਾਂ ਵਿਚ ਬੇੜੀਆਂ ਪਾ ਦਿੱਤੀਆਂ ਅਤੇ ਉਸ ਹੋਣੀ ਦੇ ਪੰਜੇ ਵਿਚ ਫਸੇ ਹੋਏ ਨੂੰ ਸਦੀਵੀ ਕੈਦ ਵਿਚ ਪਾ ਕੇ, ਬੜੀ ਭਾਰੀ ਫ਼ੌਜ ਨਾਲ ਉਸ ਦੇ ਦੇਸ਼ ਉਤੇ ਧਾਵਾ ਬੋਲ ਦਿੱਤਾ ।

ਉਸ ਇੱਛਾਪੂਰਕ ਅਤੇ ਪੂਜਨੀਕ ਨੇ ਵੈਰੀਨਾਸ਼ਕ ਸੁਭਾਗ ਦੀ ਅਗਵਾਈ ਵਿਚ ਚੰਗਿਆੜਿਆਂ ਦੀ ਸ਼ਕਲ ਵਾਲੇ ਪਹਾੜਾਂ ਦੇ ਰਾਹ, ਕਿ ਜਿਸ ਉਤੇ ਤੁਰਨਾ ਕਲਪਣਾ ਦੇ ਸੋਗ ਨੂੰ ਵਧਾਉਂਦਾ ਹੈ, ਤੋਂ ਲੰਘ ਕੇ ਵੈਰੀ ਦੇ ਦੇਸ਼ ਨੂੰ ਤਬਾਹ ਤੇ ਬਰਬਾਦ ਕਰ ਦਿੱਤਾ । ਉਹ ਪਹਾੜੀ, ਜਿਹੜੇ ਪਹਾੜਾਂ ਦੇ ਵਾਸੀ ਹੋਣ ਕਾਰਨ ਡੰਗਰਾਂ ਅਤੇ ਪੰਛੀਆਂ ਦਾ ਜੀਵਨ

ਬਿਤਾਉਂਦੇ ਸਨ, ਅਤੇ ਜਿਨ੍ਹਾਂ ਨੇ ਆਦਮੀ ਦੀ ਸੂਰਤ ਸੁਫ਼ਨੇ ਵਿਚ ਵੀ ਨਹੀਂ ਸੀ ਵੇਖੀ, ਸਮਦੀ ਫ਼ੌਜ ਦੇ ਬਹਾਦਰਾਂ ਦੀਆਂ ਤਲਵਾਰਾਂ ਤੋਂ ਵਿਆਕੁਲ ਹੋ ਉਠੇ ਅਤੇ ਉੱਡ ਉੱਡ ਕੇ ਛੇਤੀ ਤੋਂ ਛੇਤੀ ਆਉਭਗਤ ਲਈ ਭੱਜੇ ਅਤੇ ਬਹੁਤ ਸਾਲ ਕਰ ਭਰਦੇ ਰਹੇ । ਅਤੇ ਆਬੀ ਦੇ ਜ਼ਿਮੀਂਦਾਰਾਂ ਨੇ, ਜੋ ਕਾਬੁਲ ਦੀ ਸਰਹੱਦ ਉਤੇ, ਅਨਪੜ੍ਹ ਤੇ ਨਿਕੰਮੇ ਕਾਰਿੰਦਿਆਂ ਤੇ ਹਾਕਮਾਂ ਦੀ ਮੂਰਖਤਾ ਦੇ ਕਾਰਨ ਪਰਜਾ-ਪਾਲਨ ਅਤੇ ਆਗਿਆਕਾਰੀ ਦੇ ਸੰਬੰਧਾਂ ਨੂੰ ਇਕ ਲਖ਼ਤ ਛੱਡ ਕੇ ਦੁਰਭਾਗ ਅਤੇ ਘੁਮੰਡ ਦੀ ਗਰਮੀ ਦੀ ਓਟ ਦੇ ਕਾਰਨ ਸਮੇਂ ਦੀ ਠੋਕਰ ਤੋਂ ਬੇਪਰਵਾਹ ਹੋ ਕੇ ਕਈ ਪੀੜ੍ਹੀਆ ਤੋਂ ਅਵੱਗਿਆ, ਹੁਕਮ ਅਦੂਲੀ ਅਤੇ ਆਪਹੁਦਰੀ ਵਿਚ ਬਦਨਾਮ ਹੋ ਚੁਕੇ ਸਨ ਅਤੇ ਬੜੀ ਢੀਠਤਾ ਅਤੇ ਕੂੜੇ ਹੰਕਾਰ ਦੇ ਕਾਰਨ ਨੱਕ ਚੜ੍ਹਾਉਂਦੇ ਸਨ, ਉਨ੍ਹਾਂ ਨੇ ਅਵੇਸਲੇਪਨ ਦਾ ਫੰਬਾ ਸੂਝ ਬੂਝ ਦੇ ਕੰਨਾਂ ਵਿਚੋਂ ਕਢਿਆ ਅਤੇ ਆਗਿਆ-ਕਾਰੀ ਦਾ ਉਛਾੜ ਸ਼ਰਧਾ ਦੇ ਮੋਢਿਆਂ ਉਤੇ ਪਾ ਕੇ ਨਿਮਰਤਾ ਦੀਆਂ ਭਵਾਂ ਨੂੰ ਵੱਢੇ ਨਹੁੰ ਦੀ ਤਰ੍ਹਾਂ ਗ਼ਰੀਬੀ ਦੀ ਮਿੱਟੀ ਉਤੇ ਰਖਿਆ । ਕਿਉਂਕਿ ਮੱਖੀਆਂ ਵਿਹੁ ਖਾ ਕੇ ਵੀ ਸ਼ਹਿਦ ਦਿੰਦੀਆਂ ਹਨ, ਸਮਦੀ ਨਿਆਂ ਦੇ ਪ੍ਰਕਾਸ਼ ਦਾ ਕੀ ਕਹਿਣਾ, ਜਿਸ ਨੇ ਅਤਿਆਚਾਰ ਦੇ ਹਨੇਰੇ ਆਰਾਮ-ਕਮਰੇ ਦੇ ਕਤਾਨ ਦੇ ਕਪੜੇ ਨੂੰ ਆਪਣੇ ਇਨਸਾਫ਼ ਦੇ ਚਮਕੀਲੇ ਚੰਦ ਦੀ ਰੌਸ਼ਨੀ ਨਾਲ ਸਵੇਰ ਦੀ ਤਰ੍ਹਾਂ ਲੀਰੋ ਲੀਰ ਕਰ ਦਿੱਤਾ ਅਤੇ ਹੈਸਿਆਰੇ ਅਤਿਆਚਾਰੀ ਦੇ ਦਿਮਾਗ਼ ਦੇ ਪਰਦੇ ਨੂੰ ਆਪਣੇ ਨਿਆਂ ਦੇ ਢੋਲ ਦੀ ਅਵਾਜ਼ ਨਾਲ ਨਹੁੰ ਦੇ ਉਪਰਾਲੇ ਤੋਂ ਬਿਨਾਂ ਹੀ ਹਰ ਥਾਂ ਤੋਂ ਪਾੜ ਕੇ, ਪੰਜਾਬ ਦੇ ਦੇਸ਼, ਜੋ ਅੱਗਾਂ ਮਾਰੇ ਜ਼ਾਲਮਾਂ ਦੇ ਅੱਗ ਭੜਕਾਉਣ ਦੇ ਕਾਰਨ ਬੇਰੌਣਕ ਤੇ ਖ਼ਰਾਬ ਹੋ ਗਿਆ ਸੀ, ਹਰਾ ਭਰਾ ਕਰ ਕੇ ਕਿਰਪਾ ਦਾ ਬੱਦਲ ਇਸ ਉਤੇ ਫੈਲਾਇਆ ਅਤੇ ਦੁਆਬੇ ਦੀ ਧਰਤੀ, ਜੋ ਵਿਘਨ ਦੇ ਪੰਜੇ ਦੀ ਰਗੜ ਅਤੇ ਤਬਾਹੀ ਨਾਲ ਭਰਪੂਰ ਹੋ ਗਈ ਸੀ, ਅਤੇ ਫੁੱਟੇ ਹੋਏ ਪੋਸਤ ਦੇ ਡੋਡੇ ਦੀ ਤਰ੍ਹਾਂ ਭੈੜੀ ਹਾਲਤ ਵਿਚ ਸੀ, ਅਤੇ ਪਰਜਾ ਦੇ ਨੌਜੁਆਨਾਂ ਦੇ ਓਥੇ ਨਿਸ਼ਾਨ ਤੱਕ ਵੀ ਨਹੀਂ ਸੀ ਰਹੇ, ਨੂੰ ਸੁਰਜੀਤ ਕਰ ਕੇ ਕਿਰਪਾਲਤਾ ਦੀ ਨਦੀ ਲਿਆਂਦੀ । ਸਾਰੇ ਦੇ ਸਾਰੇ ਘਾਟੇ ਉਸ ਦੀ ਨਿਗਰ ਕਮਾਈ ਦੀ ਚੋਟ ਨਾਲ ਠੀਕ ਹੋ ਗਏ ਅਤੇ ਹੰਕਾਰੀ ਤੇ ਘੁਮੰਡੀ ਬਾਗ਼ੀਆਂ ਦੀਆਂ ਗਰਦਨਾਂ ਉਸ ਦੀ ਸਖਤੀ ਦੇ ਪੰਜੇ ਦੇ ਸਿਰੇ ਨਾਲ ਟੁੱਟ ਗਈਆਂ । ਉਸ ਦੀ ਕਿਰਪਾਲਤਾ ਦੀ ਸੁਗੰਧੀ ਵਾਲੀ ਅੰਬਰ ਭਰਪੂਰ ਹਵਾ ਨੇ ਸਦਾਬਹਾਰ ਕਸ਼ਮੀਰ ਦੇ ਬਾਗ਼ ਨੂੰ ਵੱਡੇ ਵਿਘਨ ਦੀ ਪਤਝੜ ਦੀ ਭਾਰੀ ਖ਼ਰਾਬੀ ਤੋਂ ਬਚਾ ਕੇ ਸੁਰਗ ਜਿਹਾ ਬਣਾ ਦਿੱਤਾ ਅਤੇ ਉਸ ਦੇ ਆਰੰਭ ਦੇ ਬੱਦਲ ਦੀ ਸਿੰਜਾਈ ਨੇ ਮਲਤਾਨ ਦੇ ਕੱਲਰ ਵਿਚ ਗੜਬੜ ਤੋਂ ਪੈਦਾ ਹੋਈ ਸੜ੍ਹਾਂਦ ਨੂੰ ਕਸ਼ਮੀਰ ਦੇ ਵਾਯੂਮੰਡਲ ਵਾਲੀ ਪਕਿਆਈ ਪੁਚਾ ਦਿੱਤੀ । ਪਹਾੜਾਂ ਦੇ ਸ਼ਰਾਰਤੀ ਸੁਭਾਉ ਵਾਲਿਆਂ ਨੂੰ, ਗੋਪੀਏ ਦੇ ਪੱਥਰ ਦੀ ਤਰ੍ਹਾਂ ਪਰੇਸ਼ਾਨ ਕਰ ਕੇ ਇਸ ਤਰ੍ਹਾਂ ਅਧਿਕਾਰ ਤੇ ਆਗਿਆਕਾਰੀ ਦੇ ਬਾਗ਼ ਦੇ ਇਸ਼ਾਰਿਆਂ ਨੂੰ ਮੰਨਣ ਵਾਲੇ ਬਣਾਇਆ, ਕਿ ਪਹਾੜ ਨੂੰ ਮੱਲੋ ਮੱਲੀ ਦੀ ਸ਼ਰਾਰਤ ਦੀ ਤੁਹਮਤ ਤੋਂ ਅਤੇ ਉਸ ਦੇ ਪਿੰਡੇ ਨੂੰ ਖੱਡ ਤੋਂ ਸੱਖਣਾ ਕਰ ਦਿੱਤਾ ਅਤੇ ਪੱਥਰ ਨੇ ਥੋੜੇ ਜਿਹੇ ਦੰਡ ਮਗਰੋਂ ਚੰਗਿਆੜੇ ਵਾਂਗ ਲਾਲ ਭੇਟਾ ਕੀਤਾ ।

ਹੇ ਪਰਮਾਤਮਾ, ਅਜਿਹਾ ਅਦੁੱਤੀ ਆਦਮੀ,
ਬਹੁਤ ਸਾਲ ਹਾਕਮ ਰਹੇ ।
ਕਿਉਂਕਿ ਉਸ ਦੇ ਕਾਰਨ ਪਰਮਾਤਮਾ ਦੀ ਜਨਤਾ, ਅਮਨ ਚੈਨ ਵਿਚ ਹੋ ਗਈ ।
ਉਸ ਦੇ ਇਨਸਾਫ਼ ਤੋਂ ਸੰਸਾਰ ਵਸ ਗਿਆ ।



P.U.P.—911

ਉਸ ਦੀ ਉਦਾਰਤਾ ਤੋਂ ਪੰਜਾਬ ਹਰਾ ਭਰਾ ਹੋ ਗਿਆ,
ਉਸ ਦੀ ਕਿਰਪਾ ਦਾ ਪਾਣੀ ਕਸ਼ਮੀਰ ਨੇ ਪੀਤਾ ।
ਸੁਲਤਾਨ ਉਸ ਤੋਂ ਕਿਵੇਂ ਪ੍ਰਸੰਨ ਨਾ ਹੋਵੇ,
ਕਿਉਂਕਿ ਉਸ ਕਰਕੇ ਕਸ਼ਮੀਰ ਮੁਲਤਾਨ ਨਾਲ ਸਾੜਾ ਕਰਨ ਲੱਗਾ। (ਮੁਲਤਾਨ ਕਸ਼ਮੀਰ ਤੋਂ ਚੰਗਾ ਹੋ ਗਿਆ)
ਪਹਾੜੀ ਦੇਸ਼ ਦੇ ਸਾਰੇ ਜ਼ਿਮੀਂਦਾਰ,
ਉਸ ਦੀ ਤਲਵਾਰ ਤੋਂ ਏਕਮ ਦੇ ਚੰਦ ਜਿਹੇ ਹੋ ਗਏ ।
(ਝੁਕ ਗਏ)
ਪੱਥਰ ਦੀ ਤਰ੍ਹਾਂ ਉਨ੍ਹਾਂ ਦੇ ਬੁੱਲ੍ਹਾਂ ਵਿਚ ਜੀਭ ਨਹੀਂ ਰਹੀ,
ਉਹ ਚੰਗਿਆੜੇ ਦੀ ਤਰ੍ਹਾਂ ਸੋਗ ਦੇ ਮਾਰੇ ਵਿਆਕੁਲ ਹੋ ਕੇ ਤੜਫ਼ ਰਹੇ ਹਨ ।
ਉਸ ਨੇ ਲਾਹੌਰ ਨੂੰ ਇਨਾ ਪ੍ਰਕਾਸ਼ਮਾਨ ਬਣਾ ਦਿੱਤਾ,
ਕਿ ਸੂਰਜ ਦੇ ਸਰੀਰ ਉਤੇ ਉਸ ਦੇ ਕਾਰਨ ਵਾਲ ਪੈਦਾ ਹੋ ਗਏ ।
(ਕਿਰਨਾ ਪੈਦਾ ਹੋ ਗਈਆਂ)
ਜਿਥੇ ਵੀ ਉਹ ਹੱਲਾ ਕਰਦਾ, ਪਰਮਾਤਮਾ ਉਸ ਦੀ ਰਖਿਆ ਕਰਦਾ,
ਉਸ ਦੁਆਰਾ ਵਰੋਸਾਏ ਲੋਕਾਂ ਦੇ ਇਹ ਚਮਤਕਾਰ ਹਨ ।
ਮੈਂ ਇਹ ਸੁੰਦਰ ਪ੍ਰਾਰਥਨਾ ਕੇਵਲ ਉਸ ਲਈ ਹੀ ਨਹੀਂ ਕਰਦਾ,
ਸਗੋਂ ਉਸ ਦੇ ਪੁੱਤਰ ਲਈ ਵੀ ਕਰਦਾ ਹਾਂ ।
ਮੈਂ ਇਹ ਗੱਲ ਇਕ ਕਾਜ਼ੀ ਤੋਂ ਸੁਣੀ ਹੈ,
ਕਿ ਪੁੱਤਰ ਦਾ ਸੁਭਾਉ ਪਿਤਾ ਦੇ ਵਿਚਾਰਾਂ ਤੋਂ ਬਣਦਾ ਹੈ ।
ਮੈਂ ਦੇਸ਼ ਦੇ ਹੱਕਾਂ ਨੂੰ ਅਨੁਭਵ ਕਰਨ ਵਾਲਾ ਹੋ ਗਿਆ ਹਾਂ,
ਕਿਉਂਕਿ ਮੈਂ ਉਸ ਦੀ ਛਾਂ ਵਿਚ ਸ਼ਾਂਤੀ ਨਾਲ ਰਿਹਾ ਹਾਂ ।
ਇਸੇ ਕਰਕੇ ਕਿਸੇ ਸੰਦੇਹ ਤੋਂ ਬਿਨਾਂ,
ਸੰਸਾਰ ਦੇ ਉਸ ਮਹਾਨ ਅਮੀਰ ਦੀ ਪ੍ਰਸ਼ੰਸਾ ਵਿਚ ਕਵਿਤਾ ਰਚਦਾ ਹਾਂ ।
ਯੋਗ ਇਹ ਹੈ, ਕਿ ਇਹ ਸੁੰਦਰ ਬਾਗ਼ ਆਦਿ ਜੁਗਾਦਿ ਤੱਕ,
ਉਸ ਦੀ ਔਲਾਦ ਦੀ ਕਿਰਪਾ ਨਾਲ ਹਰਾ ਭਰਾ ਰਹੇ ।
ਮੈਂ ਤੋਤੇ ਦੀ ਤਰ੍ਹਾਂ ਮਿੱਠ-ਬੋਲੜਾ ਰਹਾਂ,
ਕਿਉਂਕਿ ਮੈਂ ਸਮਦ ਦੀ ਪ੍ਰਸ਼ੰਸਾ ਮੂੰਹੋਂ ਕੀਤੀ ਹੈ ।
ਭਾਵੇਂ ਮੈਂ ਘਿਰਣਾ ਦੀ ਅੱਖ ਵਿਚ ਕੂੜਾ ਕਰਕਟ ਹਾਂ,
ਇਹ ਅਸਚਰਜ ਨਹੀਂ, ਕਿ ਮੇਰਾ ਵੀ ਮੁੱਲ ਪੈ ਜਾਏ,
ਜੇ ਕਿਰਪਾਲਤਾ ਦੇ ਕੰਨ ਵਿਚ ਇਹ ਕਥਨ ਪਹੁੰਚ ਜਾਏ,
ਕਿਉਂਕਿ ਸਮਦ ਦਾ (ਇਹ) ਪ੍ਰਸ਼ੰਸਕ ਮੋਤੀ ਵੇਚਦਾ ਹੈ (ਮੋਤੀਆਂ ਜਿਹੇ ਸ਼ੇਅਰ ਲਿਖਦਾ ਹੈ।

ਸੱਤਵਾਂ ਅਧਿਆਇ

# ਅਮੀਰਾਂ ਦੀਆਂ ਸਿਫ਼ਤਾਂ, ਦਰਵੇਸ਼ੀ ਦੇ ਚੋਲੇ ਅਤੇ ਪੁਸਤਕ ਦੇ ਅੰਤਕੇ ਦਾ ਵਰਣਨ

ਕਿੱਡੇ ਚੰਗੇ ਹਨ ਉਹ ਅਮੀਰ, ਜਿਨ੍ਹਾਂ ਨੇ, ਸਰਦਾਰੀ ਦੇ ਤਖ਼ਤ ਤੇ ਬਿਰਾਜਮਾਨ ਹੁੰਦੇ ਹੋਏ ਵੀ, ਹਿੰਮਤ ਦੀ ਰਕਮ ਨੂੰ ਦਰਵੇਸ਼ੀ ਦੇ ਗੁਣਾਂ ਦੀ ਪ੍ਰਾਪਤੀ ਲਈ ਖ਼ਰਚ ਕੀਤਾ ਹੈ ਅਤੇ ਇੰਨੀ ਵਡਿੱਤਣ ਅਤੇ ਉੱਚਤਾ ਦੇ ਹੁੰਦੇ ਹੋਏ, ਅਤੇ ਇੱਜ਼ਤ ਦੇ ਸ਼ੀਸ਼ੇ ਤੇ ਮੋਹਿਤ ਹੋਣ ਦੇ ਬਾਵਜੂਦ, ਹੰਕਾਰ ਦੇ ਰਾਹ ਉਤੇ ਨਹੀਂ ਤੁਰੇ ਹਨ। ਉਨ੍ਹਾਂ ਨੇ ਵਿਚਾਰਾਂ ਦੀ ਕਲਪਣਾ ਨੂੰ ਭਾਣੇ ਅਤੇ ਆਤਮ ਸਮਰਪਣ ਦਾ ਦਰਪਣ ਬਣਾਇਆ ਅਤੇ ਬੁੱਧੀ ਦੇ ਘੋੜੇ ਨੂੰ ਇਕ ਛਿਣ ਲਈ ਵੀ ਬੇਈਮਾਨੀ ਦੇ ਰਾਹ ਤੇ ਨਹੀਂ ਦੌੜਾਇਆ। ਉਨ੍ਹਾਂ ਦੇ ਬਚਨ ਸੱਚੀ ਸਵੇਰ ਜਿਹੇ ਹਨ ਅਤੇ ਉਨ੍ਹਾਂ ਦੀ ਕ੍ਰਿਆ ਅਸਲੀਅਤ ਨਾਲ ਸੰਬੰਧਤ ਹੈ। ਉਨ੍ਹਾਂ ਦੀ ਗੱਲ-ਬਾਤ ਮਾਖਿਉਂ ਮਿੱਠੀ ਹੈ, ਅਤੇ ਉਨ੍ਹਾਂ ਦੇ ਬਚਨ ਅਜ਼ਫ਼ਰ (ਸੁਗੰਧੀ ਵਾਲਾ ਘਾ) ਦੀ ਸੁਗੰਧੀ ਨਾਲੋਂ ਵੀ ਖ਼ੁਸ਼ਬੂਦਾਰ। ਉਹ ਅੱਗ ਹਨ, ਪਰ ਲਾਲ ਦੀ ਤਰ੍ਹਾਂ ਸਰਾਸਰ ਪਾਣੀ ਹਨ। ਉਹ ਪਾਣੀ ਹਨ, ਪਰੰਤੂ ਤਲਵਾਰ ਦੀ ਤਰ੍ਹਾਂ ਪੂਰਨ ਤੌਰ ਤੇ ਚਮਕਦਾਰ। ਉਨ੍ਹਾਂ ਦਾ ਸਿਮਰਨ ਰੋਗੀਆਂ ਦੀ ਦੇਖਭਾਲ (ਦੇ ਬਰਾਬਰ) ਹੈ ਅਤੇ ਉਨ੍ਹਾਂ ਦਾ ਨਿਤ-ਕਰਮ ਰੋਜ਼ੀ ਕਮਾਉਣ ਵਾਲਿਆਂ ਲਈ ਰੋਜ਼ੀ ਨਿਯਤ ਕਰਦਾ ਹੈ।

ਉਨ੍ਹਾਂ ਨੇ ਨਿਰਬਲਾਂ ਦੀ ਪਾਲਨਾ ਤੋਂ ਆਪਣੀ ਹਿੰਮਤ ਦਾ ਹੱਥ ਕਦੇ ਵੀ ਨਹੀਂ ਰੋਕਿਆ ਹੈ ਅਤੇ ਉਹ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਰਾਹ ਉਤੇ ਡਟੇ ਹੋਏ ਹਨ। ਉਹ ਬਾਹਰੋਂ ਪਹਾੜ ਤੇ ਅੰਦਰੋਂ ਬੱਦਲ ਅਤੇ ਵੇਖਣ ਵਿਚ ਰਿੰਦ (ਆਜ਼ਾਦ ਸੁਭਾਉ) ਲੱਗਦੇ ਹਨ ਅਤੇ ਦਿਲੋਂ ਬਹੁਤ ਭਲੇ ਹਨ। ਸਾਰਿਆਂ ਤੋਂ ਵਿਰਕਤ ਤੇ ਸਰਬ ਦੇ ਸੰਬੰਧੀ ਹਨ। ਉਹ ਜਨਤਾ ਤੋਂ ਸੁਤੰਤਰ ਅਤੇ ਦੁਨੀਆਵੀ ਸੰਬੰਧਾਂ ਤੋਂ ਮੁਕਤ ਹਨ। ਉਨ੍ਹਾਂ ਨੇ ਜਨਤਾ ਦੇ ਦੁੱਖਾਂ ਵਿਚ ਆਪਣੇ ਸੁਖ ਨੂੰ ਪਸੰਦ ਨਹੀਂ ਕੀਤਾ ਹੈ ਅਤੇ ਉਹ ਆਪਣੇ ਸੁਖ ਜਨਤਾ ਦੇ ਦੁੱਖ ਤੋਂ ਵਾਰ ਦਿੰਦੇ ਹਨ ਅਤੇ ਉਹ ਖ਼ਾਸ ਲੋਕਾਂ ਦਾ ਸੁਖ ਆਮ ਜਨਤਾ ਦੇ ਸੁਖ ਵਿਚ ਹੀ ਸਮਝਦੇ ਹਨ। ਉਹ ਸਾਰਿਆਂ ਤੋਂ ਵੱਖਰੇ ਅਤੇ ਸਭ ਨਾਲ ਸਹਿਮਤ ਹਨ। ਉਹ ਸਭ ਦੇ ਪ੍ਰਤੀਕੂਲ ਅਤੇ ਸਾਰਿਆਂ ਦੇ ਅਨੁਕੂਲ ਹਨ। ਪ੍ਰਸ਼ੰਸਾ ਯੋਗ ਕਰਮਾਂ ਵਾਲਾ ਅਮੀਰ ਲੋਕਾਂ ਨੂੰ ਕਸ਼ਟ ਦੇਣ ਵਾਲੇ ਕਾਜ਼ੀ ਤੋਂ ਚੰਗਾ ਹੈ। ਸਤਿ ਦਾ ਗਿਆਤਾ ਧਨਾਢ ਇਕ ਪਰੇਸ਼ਾਨ ਦਰਵੇਸ਼ ਨਾਲੋਂ ਪ੍ਰਸੰਨ ਹੈ। ਉਹ ਸਵਾਲੀ, ਜਿਸ ਨੂੰ ਘਬਰਾਹਟ ਵਿਚ ਧਰਵਾਸ ਨਹੀਂ, ਉਸ ਰਾਜੇ ਉਤੇ ਨਿਛਾਵਰ ਕੀਤਾ ਜਾ ਸਕਦਾ ਹੈ, ਜਿਹੜਾ ਕਿ ਐਨ ਦਿਲਜਮੀ ਵਿਚ ਭੀ ਮੁਕਤੀ ਦੀ ਚਿੰਤਾ ਨਹੀਂ ਛੱਡਦਾ। ਅਮੀਰਾਂ ਕੋਲ ਵਿਰਸਾ ਅਤੇ ਇਲਾਕਾ ਹੈ ਅਤੇ ਮੰਗਤੇ ਰੋਟੀ ਦੀ

ਬੁਰਕੀ ਲਈ ਗਲੀਆਂ ਵਿਚ ਮਾਰੇ ਮਾਰੇ ਫਿਰਦੇ ਹਨ । ਅਮੀਰ ਆਦਮੀ ਲਾਪਰਵਾਹੀ ਨਾਲ ਆਪਣਾ ਮਨੋਰਥ ਪ੍ਰਾਪਤ ਕਰ ਲੈਂਦਾ ਹੈ ਅਤੇ ਇਛਾ ਦਾ ਸਾਕਾਰ ਦਰਵੇਸ਼ ਆਪਣੇ ਪੈਰਾਂ ਉਤੇ ਕੁਹਾੜਾ ਮਾਰਦਾ ਹੈ ।

ਤੂੰ ਇਹ ਸੁਣਿਆ ਹੋਵੇਗਾ, ਕਿ ਹਮਦਾਨ ਦਾ ਇਕ ਬਜ਼ੁਰਗ, ਪੰਜਾਹ ਸਾਲ ਦੀਵਾਨ ਰਿਹਾ ।
ਉਸ ਉਪਰੰਤ ਉਹ ਭਗਤੀ ਕਰਨ ਲਈ ਵਿਰਕਤ ਹੋ ਗਿਆ, ਉਸ ਨੇ ਵਜ਼ਾਰਤ ਛੱਡ ਕੇ ਫ਼ਕੀਰੀ ਧਾਰਨ ਕਰ ਲਈ ।
ਉਸ ਨੇ ਹਿੰਮਤ ਦੇ ਘੋੜੇ ਨੂੰ ਜਤ ਸਤ ਦੇ ਰਾਹ ਤ ਚਲਾਇਆ,
ਇਥੋਂ ਤੀਕ, ਕਿ ਉਹ ਪੰਜਾਹ ਸਾਲ ਤਪੱਸਿਆ ਕਰਦਾ ਰਿਹਾ ।
ਇਕ ਦਿਨ ਉਸ ਨੇ ਸੁਪਨੇ ਵਿਚ ਮਹਾਪਰਲੋ ਪ੍ਰਗਟ ਹੋਈ ਵੇਖੀ,
(ਕਿ) ਨਿਆਂ ਦੀ ਤੱਕੜੀ ਤਿਆਰ ਹੋ ਗਈ ਹੈ ।
ਉਸ ਵਿਚ ਸੰਸਾਰ ਦੀ ਨੇਕੀ ਬਦੀ ਨੂੰ ਪਰਖਿਆ ਗਿਆ,
ਬਹੁਤ ਲੋਕ ਪ੍ਰਸੰਨ ਹੋਏ ਅਤੇ ਕੁਝ ਸੋਗਵਾਨ ਹੋਏ ।
ਅੰਤ ਨੂੰ ਉਸ ਬਜ਼ੁਰਗ ਦੇ ਕੰਮਾਂ ਦੀ ਜਾਂਚ ਦੀ ਵਾਰੀ ਆਈ,
ਉਸ ਬਜ਼ੁਰਗ ਨੇ ਆਪਣੇ ਕਰਮ (ਜਾਂਚ ਦੀ) ਤਕੱੜੀ ਵਿਚ ਰੱਖੇ ।
ਉਹ ਸਾਰੀਆਂ ਅਧੂਰੀਆਂ ਅਤੇ ਅਪੂਰਣ ਤਪੱਸਿਆਵਾਂ
ਇਕ ਪਲੜੇ ਵਿਚ ਪਾ ਦਿੱਤੀਆਂ, ਉਹ ਵਿਅਰਥ ਸਿਧ ਹੋਈਆਂ ।
ਅਤੇ ਉਹ ਜਦ ਕਿ ਪਰਜਾ ਵੱਲ ਰੁਚਿਤ ਸੀ,
ਉਸ ਨੇ ਇਕ ਬੁੱਢੀ ਤੀਵੀਂ ਦਾ (ਕੋਈ) ਮਨੋਰਥ ਪੂਰਾ ਕੀਤਾ ਸੀ ।
ਉਸ ਦਾ ਉਹ ਕਾਰਜ ਦੂਜੇ ਪਲੜੇ ਵਿਚ ਪਾ ਦਿੱਤਾ ਗਿਆ ।
ਉਸ ਦਾ ਇਕ ਕਾਜ ਕਿਣਕਾ ਵੀ ਸੰਸਾਰ ਦੇ ਬਰਾਬਰ ਭਾਰੀ ਹੋ ਗਿਆ ।
ਇਹ (ਪਲੜਾ) ਦੂਜੇ ਪਲੜੇ ਤੋਂ ਭਾਰੀ ਹੋ ਗਿਆ,
(ਉਸ ਦੇ) ਦੀਵਾਨੀ ਦੇ ਦਰਜੇ ਨੇ ਫ਼ਕੀਰੀ ਦੇ ਦਰਜੇ ਤੋਂ ਉੱਚਤਾ ਪ੍ਰਾਪਤ ਕੀਤੀ ।
ਜਦ ਉਹ ਅੰਮ੍ਰਿਤ ਵੇਲੇ ਨੀਂਦ ਤੋਂ ਜਾਗਿਆ,
ਦੁੱਖ ਨਾਲ ਉਹ ਹੌਕੇ ਦੀ ਤਰ੍ਹਾਂ ਵਿਆਕੁਲ ਹੋ ਗਿਆ,
ਕਿ ਅਫ਼ਸੋਸ ਹੈ ਅਜਿਹੇ ਉਪਰਾਲੇ ਉਤੇ,
ਜਿਸ ਵਿਚ ਉਮਰ ਗੁਆ ਦਿੱਤੀ ।
ਜੇ ਕਰ ਫ਼ਕੀਰੀ ਦਾ ਇਹੋ ਦਰਜਾ ਹੈ,
ਕਿੱਡਾ ਚੰਗਾ ਹੁੰਦਾ, ਕਿ ਮੈਂ ਫ਼ਕੀਰੀ ਦੀ ਪੂੰਜੀ ਛੱਡ ਦਿੰਦਾ ।
ਵਜ਼ੀਰੀ ਵਿਚ ਮੈਂ ਇਹ ਉਪਰਾਲਾ ਕਰਦਾ ਸੀ,
ਕਿ ਕਿਸੇ ਦਾ ਦਿਲ ਜਿੱਤਾਂ ।
ਹੇ ਬੰਦੇ, ਤੂੰ ਹਰ ਥਾਂ ਆਪਣੀ ਫ਼ਕੀਰੀ ਦੀ ਸ਼ੇਖੀ ਮਾਰੀ,
(ਪਰ) ਤੂੰ ਹਰ ਪਾਸੇ ਰੋਟੀ ਲਈ ਰੌਲਾ ਪਾਇਆ ।
ਲਾਲਚ ਦੀ ਤਰ੍ਹਾਂ ਤੂੰ ਪਸ਼ਮੀਨੇ ਦਾ ਚੋਗਾ ਸਰੀਰ ਤੇ ਪਾ ਲਿਆ,
ਤੇਰਾ ਮਗਜ਼ ਪਰਮਾਤਮਾ ਦੇ ਪ੍ਰਕਾਸ਼ ਦੇ ਅਸਰ ਤੋਂ ਕੋਰਾ ਰਿਹਾ ।

ਸਿਮਰਨਾ ਸਦਰਾ ਤੂੰ ਇਕ ਜਾਲ ਫ਼ੈਲਾਇਆ ।
ਸੁਭਾਸ਼ਣੇ ਸਿਮਰਨ ਨਾਲ ਤੂੰ ਲੋਕਾਂ ਦੇ ਦਿਲਾਂ ਨੂੰ ਮੋਹਿਤ ਕਰ ਲਿਆ ।
ਦਿਨ ਰਾਤ ਤੂੰ ਮਾਲਾ ਫੇਰੀ,
ਰੋਟੀ ਲਈ ਕੁਰਾਨ ਦਾ ਪਾਠ ਕੀਤਾ ।
ਵਿਦਿਆ ਨੇ ਦਿਲ ਦੀ ਸਿਆਹੀ ਨੂੰ ਵਧਾ ਦਿੱਤਾ ।
ਫ਼ਸਾਦ ਤੇ ਧ੍ਰੋਹ ਕਮਾਉਣਾ ਵੱਧ ਗਿਆ ।
ਦੁੱਖ ਤੇ ਫ਼ਸਾਦ ਆਰੰਭ ਕਰਨ ਲਈ .
ਆਪਣੇ ਆਪ ਨੂੰ ਸ਼ਹਿਰ ਦਾ ਸ਼ੇਖ਼ ਕਰਾਰ ਦਿੱਤਾ ।
ਵਿਹਦਤ ਦਾ ਇਕ ਅੱਖਰ ਸਮਝੇ ਬਿਨਾਂ ਹੀ,
ਤੂੰ ਸੰਸਾਰ ਵਿਚ ਤਪੱਸਵੀ ਪ੍ਰਸਿੱਧ ਹੋ ਗਿਆ ।
ਚਿੱਲੇ ਕਰਦਿਆਂ ਤੇਰੀ ਪਿੱਠ ਧਨੁਸ਼ ਵਾਂਗ ਕੁੱਬੀ ਹੋ ਗਈ,
ਤੂੰ ਦਿਲ ਦੀ ਅਖ ਤੀਰ ਦੀ ਤਰ੍ਹਾਂ ਨਿਸ਼ਾਨੇ ਉਤੇ ਟਿਕਾ ਦਿੱਤੀ,
ਤਾਂ ਜੋ ਧੋਖੇ ਨਾਲ ਲੋਕ ਤੇਰੇ ਦੁਆਲੇ ਇਕਠੇ ਹੋ ਜਾਣ,
(ਅਤੇ) ਥਾਂ ਪਰ ਥਾਂ ਤੇਰੀ ਪ੍ਰਸਿੱਧੀ ਵਿਚ ਵਾਧਾ ਹੋਵੇ ।
ਤਾਂ ਜੋ ਤੇਰੀ ਕਹਾਣੀ ਬਾਦਸ਼ਾਹ ਦੇ ਦਰਬਾਰ ਵਿਚ ਪਹੁੰਚ ਜਾਏ,
ਅਤੇ ਪਦਵੀ ਤੇ ਧਨ ਦੀ ਲਾੜ੍ਹੀ ਤੈਨੂੰ ਦਰਸ਼ਨ ਦੇਵੇ ।
ਇਸ ਫ਼ਕੀਰੀ ਅਤੇ ਕਲਮੇ ਦੇ ਚਿੱਲੇ ਉਤੇ ਸ਼ੋਕ ਹੈ,
ਜਿਸ ਨੇ ਤੈਨੂੰ ਪਦਵੀ ਦੇ ਲਾਲਚ ਦੇ ਕਾਰਨ ਘਿਰਣਤ ਕਰ ਦਿੱਤਾ ।
ਜਦ ਤੇਰੇ ਦਿਲ ਚੋਂ ਧੋਖੇ ਦਾ ਵਤੀਰਾ ਨਹੀਂ ਗਿਆ,
ਫ਼ਕੀਰੀ, ਪ੍ਰਾਰਥਨਾ ਅਤੇ ਉਪਾਸ਼ਨਾ ਦੇ ਕੀ ਅਰਥ !
ਜੇ ਦਿਲ ਸ਼ਰਧਾ ਭਗਤੀ ਦਾ ਘੁੱਟ ਪੀਣ ਵਾਲਾ ਨਹੀਂ,
ਤਾਂ ਵਰਤ, ਨਿਮਾਜ਼ ਅਤੇ ਦੀਨਦਾਰੀ ਦੇ ਕੀ ਅਰਥ !
ਹੱਜ ਕਰਨ ਲਈ ਬਹੁਤ ਸਾਰੇ ਜੰਗਲਾਂ ਦਾ ਸਫ਼ਰ ਕੀਤਾ,
ਪਰ ਤੂੰ ਘੁਮੰਡ ਤੋਂ ਬਾਹਰ ਇਕ ਉਲਾਂਘ ਵੀ ਨਹੀਂ ਪੁੱਟੀ ।
ਤੂੰ ਰੋਗ ਦੀ ਸਾਰ ਤੋਂ ਅਣਜਾਣ ਹੈਂ, ਤੈਨੂੰ ਗੱਲ ਸੁਣਨੀ ਚਾਹੀਦੀ ਹੈ ।
ਮੈਂ ਇਕ ਨੁਕਤਾ ਦਸਦਾ ਹਾਂ, ਆਪਣੇ ਕੰਨ ਵਿਚੋਂ ਰੂੰ ਦਾ ਫੰਬਾ ਕਢ (ਬੇਪਰਵਾਹੀ ਛੱਡ ਦੇ) ।
ਤੇਰਾ ਪੂਜਨੀਕ ਤੇਰੇ ਦਿਲ ਵਿਚ ਹੈ ਅਤੇ ਤੂੰ ਥਲਾਂ ਵਿਚ ਘੁੰਮਦਾ ਹੈਂ,
ਖ਼ਜ਼ਾਨਾ ਤੇਰੀ ਜੇਬ ਵਿਚ ਹੈ ਅਤੇ ਤੂੰ ਸੋਗ ਵਿਚ ਮਰ ਗਿਆ ਹੈਂ ।
ਨੀਚ ਸੰਸਾਰ ਲਈ ਤੂੰ ਰੋਗੀ ਹੋ ਗਿਆ,
ਤੂੰ ਧਰਮ ਨੂੰ ਕਿਸ ਮੰਤਵ ਲਈ ਵੇਚਦਾ ਹੈਂ ।
ਗਾਗਰ ਵਿਚ ਸਾਗਰ ਹੈ ਅਤੇ ਤੂੰ ਪਾਣੀ ਦਾ ਤਿਹਾਇਆ ਹੈਂ,
ਪਿਆਲਾ ਤੇਰੇ ਹੱਥ ਵਿਚ ਹੈ ਅਤੇ ਤੂੰ (ਸ਼ਰਾਬ ਦੇ ਨਸ਼ੇ ਤੋਂ ਪੈਦਾ ਹੋਏ) ਤੋੜ ਦੇ ਕਾਰਨ ਕਸ਼ਟ ਝੱਲ ਰਿਹਾ ਹੈ ।
ਸੁਲੇਮਾਨ ਦੇ ਖ਼ਿਆਲ ਵਿਚ ਮਿੱਤਰ ਦਾ ਭਾਵ ਇਹ ਹੈ,

ਕਿ ਉਸ ਦੇ ਦਿਲ ਵਿਚ ਇਕ ਬੁੱਢੀ ਕੀੜੀ ਦਾ ਭੀ ਖ਼ਿਆਲ ਹੋਵੇ ।
ਸ਼ੈਤਾਨ ਨੇ ਤੈਨੂੰ ਵਿਸ਼ਵਾਸ ਦੇ ਰਾਹ ਤੋਂ ਭਟਕਾ ਦਿੱਤਾ,
ਕਿਉਂਕਿ ਤੈਨੂੰ ਨਾ ਦੀਨ ਮਿਲਿਆ ਨਾ ਦੁਨੀਆ ।
ਧਰਮ ਅਤੇ ਕਾਅਬੇ (ਤੀਰਥ ਸਥਾਨ) ਲਈ ਦੁੱਖ ਨਾ ਝੱਲ,
ਜੇ ਕਰ ਸਕੇਂ, ਤਾਂ ਕਿਰਪਾਲਤਾ ਦੁਆਰਾ ਕਿਸੇ ਦਾ ਦਿਲ ਖ਼ਰੀਦ ਲੈ ।
ਪਾਖੰਡ, ਫ਼ਕੀਰੀ ਤੇ ਤਪੱਸਿਆ ਵਾਲੇ ਦਿਲ ਤੇ ਸ਼ੋਕ ਹੈ,
(ਅਤੇ) ਅਮੀਰ (ਮੁਲਕ ਦਾ ਹਾਕਮ) ਉਸ ਤੋਂ ਸੌ ਦਰਜੇ ਵਧੇਰੇ ਚੰਗਾ ਹੈ ।
ਤਪੱਸਵੀ ਆਪਣੀ ਤਪੱਸਿਆ ਨੂੰ ਸ਼ਾਨ ਸਮਝਦਾ ਹੈ,
ਪਾਪੀ ਆਪਣੇ ਕਰਮਾਂ ਕਰਕੇ ਪਸ਼ਚਾਤਾਪ ਕਰਦਾ ਹੈ ।
ਵੇਖੋ, ਕਿ ਪਵਿੱਤਰ ਪਰਮਾਤਮਾ, ਜਿਸ ਨੇ ਇਕ ਮਿੱਟੀ ਦੀ ਮੁੱਠ ਤੋਂ ਹੀ ਆਦਮ ਦੀ ਸਿਰਜਣਾ ਕੀਤੀ,
ਕਿਸ ਨੂੰ ਪਸੰਦ ਕਰਦਾ ਹੈ ।
ਫ਼ਰਿਸ਼ਤੇ ਨੂੰ ਉਸ ਅੱਗੇ ਮੱਥਾ ਟੇਕਣ ਦੀ ਸਿੱਖਿਆ ਦਿੱਤੀ,
ਤਾਂ ਜੋ ਮਿੱਟੀ (ਆਦਮੀ) ਨੂੰ ਅਕਾਸ਼ ਜਿਹਾ ਸਨਮਾਨ ਮਿਲੇ ।
ਘੁਮੰਡ ਦੇ ਕਾਰਨ ਜਦ ਉਸ ਨੇ ਮੂੰਹ ਫੇਰ ਲਿਆ,
ਤਾਂ ਉਸ ਤੋਂ ਅਜ਼ਾਜ਼ੀਲ (ਸ਼ੈਤਾਨ) ਨੇ ਲਾਹਨਤ ਦਾ ਤੌਕ (ਲੋਹੇ ਦਾ ਕੁੰਡਾ) ਗਲੇ ਵਿਚ ਪੁਆ ਲਿਆ ।
ਸਾਰੀ ਉਮਰ ਦੀ ਭਗਤੀ ਅਤੇ ਹਜ਼ਰਤ (ਰੱਬ) ਦੀ ਨੇੜਤਾ,
ਇਕ ਭੈੜੇ ਕੰਮ ਦੇ ਕਾਰਨ ਸਾਰੇ ਨਸ਼ਟ ਹੋ ਗਏ ।
ਬਸ ਇਹ ਜਾਣ ਲਓ, ਕਿ ਉਸ ਬੇਪਰਵਾਹ ਦੀ ਨੇੜਤਾ,
ਸ਼ੇਖੀ ਮਾਰਨ ਨਾਲ ਕਦ ਪ੍ਰਾਪਤ ਹੋ ਸਕਦੀ ਹੈ ।
ਭਗਤੀ ਦੀ ਸ਼ੇਖੀ ਮਾਰਨੀ ਉਸ ਦੇ ਦਰਬਾਰ ਵਿਚ ਘੁਮੰਡ (ਦੇ ਬਰਾਬਰ) ਹੈ,
ਉਸ ਦੇ ਰਾਹ ਉਤੇ ਡੀਂਗਾਂ ਮਾਰ ਕੇ ਨਹੀਂ ਤੁਰਿਆ ਜਾਂਦਾ ।
ਸੋਚ ਵਿਚਾਰ ਦੇ ਪੈਰ ਉਸ ਰਾਹ ਵਿਚ ਲੰਗੜੇ ਹਨ,
ਨਿਰਮਲ ਬੁੱਧੀ ਉਸ ਰਾਹ ਉਤੇ ਪੱਥਰ (ਰੋਕ) ਹੈ ।
ਪਰਮਾਤਮਾ, ਜਿਸ ਦਾ ਗਿਆਨ ਆਦਮੀ ਦੀ ਬੁੱਧੀ ਤੋਂ ਬਾਹਰ ਹੈ,
ਉਸ ਦੀ ਭਗਤੀ ਕਰਨੀ ਆਦਮੀ ਦੀ ਸੱਤਾ ਵਿਚ ਨਹੀਂ ।
ਤੂੰ ਭਗਤੀ ਦੀ ਸ਼ੇਖੀ ਨਾ ਮਾਰ, ਕਿਉਂਕਿ ਇਹ ਕਠਨ ਹੈ,
ਆਦਮੀ ਪਾਪੀ ਹੈ ਅਤੇ ਪਰਮਾਤਮਾ ਕਿਰਪਾਲੂ ਹੈ ।

—o—

77324
28/10/91

Library IIAS, Shimla
P 954.5 S 41 A
00077324